BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery

Mela INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400
5425 E. Thompson Rd., Indianapolis IN 46237

ੴ Regal Jewels
2625 W. Devon Ave. Chicago
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
ਕਿਸ ਦਾ ਇੰਤਜ਼ਾਰ ਕਰ ਰਹੇ ਹੁਣ
24KT GOLD
ਦੁਨੀਆ ਦੀ ਸਭ ਤੋ ਵਾਇਦੇਮੰਦ ਇਨਵੈਸਟਮੈਂਟ
TALK TO OUR GOLD SPECIALIST
Rajveer Singh Gill
847-907-1525
www.RegalJewels.com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
Landmark Realty
Powered by eXp REALTY
40600 Ann Arbor Rd., Suite# 150, Plymouth, MI 48170
Call: 734-751-4455
rajsshergill@yahoo.com
Raj S.Shergill
Associate Broker

Twenty-Third Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 20, May 14, 2022
20451 N. Plum Grove Rd., Palatine, IL 60074
Ph:847-359-0746, Fax:847-705-9388

# ਪੰਜਾਬ ’ਚ ਇਕ ਵਾਰ ਫਿਰ ਹਲਚਲ

## ਮੁਹਾਲੀ ਧਮਾਕੇ ਪਿੱਛੋਂ ਏਕਤਾ ਅਤੇ ਅਖੰਡਤਾ ਦਾ ਰਾਗ ਸ਼ੁਰੂ

**ਮੁਹਾਲੀ:** ਪੰਜਾਬ ਵਿਚ ਇਕ ਵਾਰ ਫਿਰ ਮੁਲਕ ਦੀ ਏਕਤਾ ਅਤੇ ਅਖੰਡਤਾ ਦਾ ਰਾਗ ਸ਼ੁਰੂ ਕਰ ਦਿੱਤਾ ਗਿਆ ਹੈ। ਪੰਜਾਬ ਪੁਲਿਸ ਦੇ ਇੰਟੈਲੀਜੈਂਸ ਵਿੰਗ ਦੇ ਮੁੱਖ ਦਫਤਰ ਦੀ ਇਮਾਰਤ ‘ਤੇ ਰਾਕੇਟ ਲਾਂਚਰ ਨਾਲ ਹਮਲੇ ਨੇ ਸੂਬੇ ਨੂੰ ਨਵੀਂ ਚੁਣੌਤੀ ਦੇ ਸੰਕੇਤ ਦਿੱਤੇ ਹਨ। ਮੁਹਾਲੀ ਸਥਿਤ ਇਸ ਦਫਤਰ ਵਿਚ ਪੰਜਾਬ ਦੇ ਚੋਟੀ ਦੇ ਅਫਸਰ ਬੈਠਦੇ ਹਨ। ਇਸ ਹਮਲੇ ਪਿੱਛੋਂ ਜਿਥੇ ਸੂਬੇ ਦੇ ਆਮ ਲੋਕਾਂ ਵਿਚ ਸਹਿਮ ਹੈ, ਉਥੇ ਪੰਜਾਬ ਦੀਆਂ ਸਿਆਸੀ ਧਿਰਾਂ ਖਾੜਕੂਵਾਦ ਦਾ ਹਊਆ ਖੜ੍ਹਾ ਕਰਕੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਘੇਰਨ ਵਿਚ ਜੁਟੀਆਂ ਹੋਈਆਂ ਹਨ। ਰਾਕੇਟ ਲਾਂਚਰ ਹਮਲੇ ਤੋਂ ਬਾਅਦ ਪੰਜਾਬ ਵਿਚ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਰਾਜ ਦੀਆਂ ਸਰਹੱਦਾਂ ਨੂੰ ਸੀਲ ਕਰਕੇ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ। ਇਸ ਦੌਰਾਨ ਪੁਲਿਸ ਨੇ ਦੋ ਮਸ਼ਕੂਕ ਨੂੰ ਹਿਰਾਸਤ ਵਿਚ ਲੈਣ ਦਾ ਦਾਅਵਾ ਕੀਤਾ ਹੈ। ਦਿੱਲੀ ਤੋਂ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਦੀ ਟੀਮ ਵੀ ਮੌਕੇ ‘ਤੇ ਪੁੱਜ ਗਈ ਹੈ।

ਪੰਜਾਬ ਸਰਕਾਰ ਤੇ ਪੁਲਿਸ ਲਈ ਇਹ ਹਮਲਾ ਇਸ ਲਈ ਵੀ ਵੱਡੀ ਚੁਣੌਤੀ ਦੱਸਿਆ ਜਾ ਰਿਹਾ ਹੈ ਕਿਉਂਕਿ 80ਵਿਆਂ ਤੋਂ ਲੈ ਕੇ 90ਵਿਆਂ ਦੇ ਅੱਧ ਤੱਕ ਚੱਲੇ ਖਾੜਕੂਵਾਦ ਦੌਰਾਨ ਵੀ ਕੋਈ ਅਤਿਵਾਦੀ ਜਥੇਬੰਦੀ ਰਾਕੇਟ ਲਾਂਚਰ ਨਾਲ ਪੁਲਿਸ ਇਮਾਰਤ ਜਾਂ ਪੁਲਿਸ ਅਧਿਕਾਰੀ ਨੂੰ ਨਿਸ਼ਾਨਾ ਨਹੀਂ ਸੀ ਬਣਾ ਸਕੀ। ਪੰਜਾਬ ਦੇ ਇਤਿਹਾਸ ਵਿਚ ਵਾਪਰੀ ਇਹ ਪਹਿਲੀ ਘਟਨਾ ਹੈ ਜਿਸ ਨੇ ਪੁਲਿਸ ਤੰਤਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਸੂਬੇ ਦੇ ਡੀ.ਜੀ.ਪੀ. ਸ੍ਰੀ ਵੀ.ਕੇ.ਭਾਵਰਾ ਨੇ ਮੰਨਿਆ ਹੈ ਕਿ ਹਮਲਾਵਰਾਂ ਨੇ ‘ਸਾਨੂੰ ਚੁਣੌਤੀ ਦਿੱਤੀ ਹੈ’ ਤੇ ਪੰਜਾਬ ਪੁਲਿਸ ਇਸ ਚੁਣੌਤੀ ਦਾ ਤਕੜੇ ਹੋ ਕੇ ਟਾਕਰਾ ਕਰੇਗੀ।

ਮੁਢਲੀ ਜਾਂਚ ਵਿਚ ਇਸ ਹਮਲੇ ਦੇ ਤਾਰ ਗੁਆਂਢੀ ਮੁਲਕ ਪਾਕਿਸਤਾਨ ਨਾਲ ਜੁੜੇ ਹੋਣ ਦੇ ਸੰਕੇਤ ਦਿੱਤੇ ਜਾ ਰਹੇ ਹਨ। ਸਰਹੱਦ ਪਾਰ ਬੈਠੇ ਗੈਂਗਸਟਰ ਰਿੰਦਾ ਸੰਧੂ ਦਾ ਹਮਲੇ ਪਿੱਛੇ ਹੱਥ ਹੋਣ ਦੀ ਵੀ ਸੂਹ ਹੈ। ਇੰਟੈਲੀਜੈਂਸ ਵਿੰਗ ਵਿਚ ਤਾਇਨਾਤ ਇਮਾਰਤ ਵਿਚ ਗੈਂਗਸਟਰ ਵਿਰੋਧੀ ਟਾਸਕ ਫੋਰਸ ਅਤੇ ਅਤਿਵਾਦ ਵਿਰੋਧੀ ਦਸਤੇ ਨਾਲ ਸਬੰਧਤ ਪੁਲਿਸ ਅਧਿਕਾਰੀਆਂ ਦੇ ਦਫਤਰ ਮੌਜੂਦ ਹਨ। ਪੁਲਿਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਹਮਲੇ ਵਾਲੇ ਹਿੱਸੇ ਵਿਚ ਅਹਿਮ ਅਫਸਰਾਂ ਦੇ ਦਫਤਰ



ਸੀਨੀਅਰ ਪੁਲਿਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਇਹ ਮਾਮੂਲੀ ਧਮਾਕਾ ਨਹੀਂ ਸੀ। ਫੋਰੈਂਸਿਕ ਮਾਹਿਰਾਂ ਦੀ ਮੁਢਲੀ ਪੜਤਾਲ ਦੌਰਾਨ ਇਹ ਤੱਥ ਸਾਹਮਣੇ ਆਏ ਹਨ ਕਿ ਧਮਾਕੇ ਲਈ ਵਰਤਿਆ ਗਿਆ ਬੰਬ ਕਿਸੇ ਆਰਡੀਨੈਂਸ ਫੈਕਟਰੀ ਦਾ ਬਣਾਇਆ ਹੋਇਆ ਹਾਈ ਗਰੇਡ ਬੰਬ ਸੀ। ਜਿਸ ਰਾਕੇਟ ਰਾਹੀਂ ਇਹ ਦਾਗਿਆ ਗਿਆ ਹੈ, ਉਸ ਦੀ ਮਾਰ ਵੀ 300 ਤੋਂ 500 ਮੀਟਰ ਤੱਕ ਕਿਆਸੀ ਗਈ ਹੈ। ਅਧਿਕਾਰੀਆਂ ਮੁਤਾਬਕ ਬੰਬ ਦੇ ਨਿਸ਼ਾਨੇ ਤੋਂ ਖੁੰਝਣ ਕਰ ਕੇ ਵੱਡੇ ਜਾਨੀ ਤੇ ਮਾਲੀ ਨੁਕਸਾਨ ਤੋਂ ਬਚਾਅ ਰਿਹਾ।

ਮਹੱਤਵਪੂਰਨ ਪਹਿਲੂ ਇਹ ਵੀ ਹੈ ਕਿ ਇਸ ਹੀ ਨਹੀਂ ਸਗੋਂ ਇੰਟੈਲੀਜੈਂਸ ਨਾਲ ਸਬੰਧਤ ਸਾਜ਼ੋ-ਸਾਮਾਨ ਵੀ ਸਥਾਪਤ ਕੀਤਾ ਹੋਇਆ ਹੈ। ਪੰਜਾਬ ਪੁਲਿਸ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਪਿਛਲੇ ਕਈ ਮਹੀਨਿਆਂ ਤੋਂ ਸਰਹੱਦ ਪਾਰ ਤੋਂ ਵਿਸਫੋਟਕ ਸਮੱਗਰੀ ਦੇ ਲਗਾਤਾਰ ਪੰਜਾਬ ਵਿਚ ਆਉਣ ਕਾਰਨ ਅਤਿਵਾਦੀ ਘਟਨਾ ਸਬੰਧੀ ਖ਼ਦਸ਼ਾ ਤਾਂ ਪ੍ਰਗਟਾਇਆ ਜਾ ਰਿਹਾ ਸੀ ਪਰ ਇਸ ਤਰ੍ਹਾਂ ਦੀ ਘਟਨਾ ਬਾਰੇ ਪੁਲਿਸ ਨੂੰ ਚਿੱਤ-ਚੇਤਾ ਵੀ ਨਹੀਂ ਸੀ।

ਮੌਜੂਦਾ ਹਾਲਾਤ ਇਹ ਹਨ ਕਿ ਜਿਥੇ ਜਾਂਚ ਏਜੰਸੀਆਂ ਵੱਲੋਂ ਇਸ ਹਮਲੇ ਨੂੰ ਵਿਦੇਸ਼ਾਂ ਵਿਚ ਬੈਠੇ ਖਾਲਿਸਤਾਨੀਆਂ ਨਾਲ ਜੋੜਿਆ ਜਾ ਰਿਹਾ ਹੈ, ਉਥੇ ਸੂਬੇ ਦੀਆਂ ਸਿਆਸੀ ਧਿਰਾਂ ਇਸ ਗੰਭੀਰ ਮਸਲੇ ਦੇ ਟਾਕਰੇ ਲਈ ਸਾਂਝੀ ਸੋਚ ਬਣਾ ਕੇ ਚੱਲਣ ਦੀ ਥਾਂ ਸਾਰਾ ਜੋਰ ਮੌਜੂਦਾ ਸਰਕਾਰ ਨੂੰ ਗੈਰ-ਤਜਰਬੇਕਾਰ ਸਾਬਤ ਕਰਨ ਉਤੇ ਲਾ ਰਹੀਆਂ ਹਨ। ਯਾਦ ਰਹੇ ਕਿ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਤੇ ਇਸ ਦੀਆਂ ਹਮਾਇਤੀ ਧਿਰਾਂ ਨੇ ਰਾਸ਼ਟਰੀ ਸੁਰੱਖਿਆ ਦਾ ਖੂਬ ਰੌਲਾ ਪਾਇਆ ਸੀ ਤੇ ਦਾਅਵਾ ਕੀਤਾ ਸੀ ਕਿ ਜੇਕਰ ਆਮ ਆਦਮੀ ਪਾਰਟੀ ਦੀ ਸਰਕਾਰ ਆ ਗਈ ਤਾਂ ਸੂਬੇ ਵਿਚ ਅਤਿਵਾਦ ਦਾ ਦੌਰ ਮੁੜ ਸ਼ੁਰੂ ਹੋ ਸਕਦਾ ਹੈ। ਤਾਜ਼ਾ ਘਟਨਾ ਪਿੱਛੋਂ ਭਾਜਪਾ ਆਪਣੇ ਇਸ ਦਾਅਵੇ ਨੂੰ ਅੱਗੇ ਰੱਖ ਕੇ ਆਪ ਸਰਕਾਰ ਨੂੰ ਘੇਰ ਰਹੀ ਹੈ। ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਦੋਸ਼ ਲਾਇਆ ਕਿ ਆਪ ਸਰਕਾਰ ਦੀ ਦੇਸ਼ ਵਿਰੋਧੀ ਸੰਗਠਨਾਂ ਪ੍ਰਤੀ ਅਪਣਾਈ ਗਈ ਢਿੱਲ-ਮੱਠ ਨੇ ਸੂਬੇ ‘ਚ ਦੇਸ਼ ਵਿਰੋਧੀ ਤਾਕਤਾਂ ਨੂੰ ਹੱਲਾਸ਼ੇਰੀ ਦਿੱਤੀ ਹੈ। ਇਸੇ ਤਰ੍ਹਾਂ ਦੇ ਬਿਆਨ ਬਾਕੀ ਵਿਰੋਧੀ ਧਿਰਾਂ ਦੇ ਰਹੀਆਂ ਹਨ। ਅਸਲ ਵਿਚ, ਪਾਕਿਸਤਾਨ ਵਾਲੇ ਪਾਸਿਉਂ ਡਰੋਨਾਂ ਰਾਹੀਂ ਹਥਿਆਰ ਤੇ ਨਸ਼ੇ ਭੇਜੇ ਜਾਣ ਦੀਆਂ ਖਬਰਾਂ ਲਗਾਤਾਰ ਸੁਰਖੀਆਂ ਬਣ ਰਹੀਆਂ ਹਨ। ਪੰਜਾਬ ਵਿਚ ਡਰੋਨਾ ਰਾਹੀਂ ਨਸ਼ੇ ਭੇਜਣਾ ਕੋਈ ਨਵੀਂ ਘਟਨਾ ਨਹੀਂ, ਪਰ ਜਿਸ ਤਰ੍ਹਾਂ ਪਿਛਲੇ ਕੁਝ ਹਫਤਿਆਂ ਤੋਂ ਖਤਰਨਾਕ ਹਥਿਆਰਾਂ ਨਾਲ ਲੱਦੇ ਡਰੋਨ ਕਾਬੂ ਕੀਤੇ ਗਏ ਹਨ, ਉਹ ਅਜਿਹੇ ਹਮਲੇ ਦੇ ਸੰਕੇਤ ਦੇ ਰਹੇ ਸਨ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਥੋੜ੍ਹਾ ਕੁ ਪਹਿਲਾਂ ਕੇਂਦਰ ਸਰਕਾਰ ਨੇ ਪਾਕਿਸਤਾਨ ਨਾਲ ਲੱਗਦੀ ਸਰਹੱਦ ਉਤੇ ਬੀ.ਐਸ.ਐਫ. ਦਾ ਅਧਿਕਾਰੀ ਖੇਤਰ 15 ਤੋਂ ਵਧਾ ਕੇ 50 ਕਿਲੋਮੀਟਰ ਇਹ ਆਖ ਕੇ ਕਰ ਦਿੱਤਾ ਸੀ ਕਿ ਸਰਹੱਦ ਪਾਰੋਂ ਕੀਤੀਆਂ ਜਾ ਰਹੀਆਂ

(ਬਾਕੀ ਸਫਾ 6 ’ਤੇ)

# ਭਾਜਪਾ ਨੇ ਕੈਪਟਨ ਅਮਰਿੰਦਰ ਸਿੰਘ ਤੋਂ ਦੂਰੀ ਬਣਾਈ?



**ਪਟਿਆਲਾ:** ਪੰਜਾਬ ਵਿਚ ਭਾਜਪਾ ਨੇ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ (ਪੀ.ਐਲ.ਸੀ.) ਤੋਂ ਕਿਨਾਰਾ ਕਰਨਾ ਸ਼ੁਰੂ ਕਰ ਦਿੱਤਾ ਹੈ। ਭਾਜਪਾ ਨੇ ਸਾਫ ਆਖ ਦਿੱਤਾ ਹੈ ਕਿ ਹੁਣ ਕਿਸੇ ਨਾਲ ਗੱਠਜੋੜ ਨਹੀਂ ਹੋਵੇਗਾ ਸਗੋਂ ਪਾਰਟੀ ਇਕੱਲੇ ਹੀ ਚੋਣ ਮੈਦਾਨ ਵਿਚ ਨਿੱਤਰੇਗੀ।

ਭਾਜਪਾ ਨੇ ਇਹ ਐਲਾਨ ਉਸ ਸਮੇਂ ਕੀਤਾ ਹੈ ਜਦੋਂ ਕੈਪਟਨ ਦਾਅਵਾ ਕਰ ਰਹੇ ਸਨ ਕਿ ਪੰਜਾਬ ਲੋਕ ਕਾਂਗਰਸ ਵਿਧਾਨ ਸਭਾ ਚੋਣਾਂ ਵਾਂਗ ਹੀ ਨਗਰ ਨਿਗਮ ਚੋਣਾਂ ਵੀ ਭਾਜਪਾ ਨਾਲ ਰਲ ਕੇ ਲੜੇਗੀ ਪਰ ਇਸ ਦੇ ਅਗਲੇ ਹੀ ਦਿਨ ਭਾਜਪਾ ਦੇ ਸੂਬਾਈ ਆਗੂ ਹਰਜੀਤ ਸਿੰਘ ਗਰੇਵਾਲ ਨੇ ਸਾਫ ਆਖ ਦਿੱਤਾ ਹੈ ਕਿ ਭਾਜਪਾ ਇਸ ਵਾਰ ਨਿਗਮ ਚੋਣਾਂ ਆਪਣੇ ਬਲਬੂਤੇ ਲੜੇਗੀ। ਉਨ੍ਹਾਂ ਸਪੱਸ਼ਟ ਆਖਿਆ ਕਿ ਇਨ੍ਹਾਂ ਚੋਣਾਂ ‘ਚ ਭਾਜਪਾ ਕਿਸੇ ਵੀ ਪਾਰਟੀ ਨਾਲ ਚੋਣ ਸਮਝੌਤਾ ਨਹੀਂ ਕਰੇਗੀ। ਹਰਜੀਤ ਗਰੇਵਾਲ ਨਿਗਮ ਚੋਣਾਂ ਸਬੰਧੀ ਪਟਿਆਲਾ ਦੇ ਚੋਣ ਇੰਚਾਰਜ ਹਨ ਤੇ ਇਨ੍ਹਾਂ ਚੋਣਾਂ ਸਬੰਧੀ ਭਾਜਪਾ ਦੀ ਪਟਿਆਲਾ ਇਕਾਈ ਵੱਲੋਂ ਸੱਦੀ ਮੀਟਿੰਗ ਨੂੰ ਉਹ ਸੰਬੋਧਨ ਕਰ ਰਹੇ ਸਨ।

ਇਸ ਤਰ੍ਹਾਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪੰਜਾਬ ਲੋਕ ਕਾਂਗਰਸ ਅਤੇ ਭਾਜਪਾ ਦਰਮਿਆਨ ਗੱਠਜੋੜ ਹੋਣ ਤੋਂ ਪਹਿਲਾਂ ਹੀ ਵਖਰੇਵੇਂ

(ਬਾਕੀ ਸਫਾ 6 ’ਤੇ)

India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
Restaurant-Fine Indian Cuisine
12510 N. Meridian St., Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Blue Diamond
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਯਾਦਗਾਰੀ ਬਣਾਓ
ONE STOP SHOP
• Brand new Hall, 600+ people gathering
• Fresh In-house catering (from Mela Indian Restaurant)
• 2-Built in Bars (Beer, Wine, Liquor)
• High Ceilings
• Big Dance Floor, Big Parking lot
• DJ with LED screens, cold sparklers, wall up lights, moving heads & dry ice fog machine
• Photo, Video, Dholi, MC
• TV screen + Projector screen
• Live Streaming, Decoration
• 360 Video Booth
• Much more stuff
5425 E Thompson Road, Indianapolis-46237
CALL to book us today : 317 604 9924

ੴ Now Open 7 Days a Week
Regal Jewels
Best Jewelry Selection in the Midwest
www.RegalJewels.com
24kt Gold, 22kt Gold, & Diamonds
Store Hours:
11 am to 8 pm
Contact:
Rajveer Singh Gill
Cell: 847-907-1525
Store: 773-262-4377
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

# ਪ੍ਰਨੀਤ ਕੌਰ ਨੂੰ ਪਾਰਟੀ ’ਚੋਂ ਕੱਢਣ ਲਈ ਸਰਗਰਮੀ ਤੇਜ਼

**ਪਟਿਆਲਾ:** ਪਟਿਆਲਾ ਤੋਂ ਕਾਂਗਰਸੀ ਸੰਸਦ ਮੈਂਬਰ ਪ੍ਰਨੀਤ ਕੌਰ ਨੂੰ ਪਾਰਟੀ ‘ਚੋਂ ਬਾਹਰ ਕੱਢਣ ਲਈ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਇਸ ਸਬੰਧੀ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਕਹਿਣਾ ਹੈ ਕਿ ਪ੍ਰਨੀਤ ਕੌਰ ਨੂੰ ਨੈਤਿਕ ਆਧਾਰ ‘ਤੇ ਖੁਦ ਹੀ ਲਾਂਭੇ ਹੋ ਜਾਣਾ ਚਾਹੀਦਾ ਹੈ।

ਰਾਜਾ ਵੜਿੰਗ ਇਥੇ ‘ਸਮਾਜ ਭਲਾਈ ਬੋਰਡ ਪੰਜਾਬ’ ਦੀ ਚੇਅਰਪਰਸਨ ਗੁਰਸ਼ਰਨ ਕੌਰ ਰੰਧਾਵਾ ਤੇ ਯੂਥ ਕਾਂਗਰਸ ਆਗੂ ਜਸਵਿੰਦਰ ਰੰਧਾਵਾ ਦੇ ਘਰ ਕਾਂਗਰਸੀ ਵਰਕਰਾਂ ਨਾਲ ਖੁੱਲ੍ਹੀ ਗੱਲਬਾਤ ਕਰਨ ਲਈ ਪਹੁੰਚੇ ਸਨ।

ਇਸ ਦੌਰਾਨ ਕਾਂਗਰਸੀ ਵਰਕਰਾਂ ਨੇ ਸਵਾਲ ਕੀਤਾ ਕਿ ਪ੍ਰਨੀਤ ਕੌਰ ਵੱਲੋਂ ਚੋਣਾਂ ਦੌਰਾਨ ਪਾਰਟੀ ਵਿਰੁੱਧ ਕਾਰਵਾਈ ਕਰਨ ਦੇ ਬਾਵਜੂਦ ਉਨ੍ਹਾਂ ਖਿਲਾਫ ਐਕਸ਼ਨ ਕਿਉਂ ਨਹੀਂ ਲਿਆ ਗਿਆ।

ਇਸ ਦੇ ਜਵਾਬ ਵਿਚ ਸ੍ਰੀ ਵੜਿੰਗ ਨੇ ਕਿਹਾ ਕਿ ਕਾਂਗਰਸ ਅਨੁਸ਼ਾਸਨ ਪਸੰਦ ਪਾਰਟੀ ਹੈ ਤੇ ਬਤੌਰ ਸੂਬਾ ਪ੍ਰਧਾਨ ਉਨ੍ਹਾਂ ਦੀ ਕੋਸ਼ਿਸ਼ ਰਹੇਗੀ ਕਿ ਪ੍ਰਨੀਤ ਕੌਰ ਨੂੰ ਛੇਤੀ ਹੀ ਪਾਰਟੀ ਤੋਂ ਬਾਹਰ ਕਰ ਦਿੱਤਾ ਜਾਵੇ।

ਵੜਿੰਗ ਨੇ ਇਹ ਮਾਮਲਾ ਹਾਈ ਕਮਾਨ ਨਾਲ ਵਿਚਾਰਨ ਦਾ ਭਰੋਸਾ ਦਿਵਾਇਆ। ਜ਼ਿਕਰਯੋਗ ਹੈ ਕਿ ਪ੍ਰਨੀਤ ਕੌਰ ਪਟਿਆਲਾ ਤੋਂ ਚੌਥੀ ਵਾਰ ਕਾਂਗਰਸੀ ਸੰਸਦ ਮੈਂਬਰ ਬਣੇ ਹਨ। ਪਰ ਚੋਣਾਂ ਦੌਰਾਨ ਉਨ੍ਹਾਂ ਵੱਲੋਂ ਆਪਣੇ ਪਤੀ ਦੀ ਪਾਰਟੀ ਦੇ ਹੱਕ ‘ਚ ਭੁਗਤਣਾ ਉਨ੍ਹਾਂ ਦੇ ਕਾਂਗਰਸ ਵਿਚ ਹੋਣ ‘ਤੇ ਸਵਾਲ ਖੜ੍ਹੇ ਕਰ ਗਿਆ ਹੈ।





## ਟਰੱਕ ਵਾਸ਼ ਵਿਕਾਊ ਜਾਂ ਲੀਜ਼ ’ਤੇ ਉਪਲੱਬਧ ਹੈ

I-80 ’ਤੇ ‘ਟੂ ਵੇਅ’ ਟਰੱਕ ਵਾਸ਼ ਵਿਕਾਊ ਜਾਂ ਲੀਜ਼ ’ਤੇ ਉਪਲੱਬਧ ਹੈ

ਚਾਹਵਾਨ ਸੰਪਰਕ ਕਰਨ

ਫੋਨ: 815-603-5877






## ਖੁੱਲ੍ਹ ਗਿਆ ਹੈ! ਖੁੱਲ੍ਹ ਗਿਆ ਹੈ!! ਖੁੱਲ੍ਹ ਗਿਆ ਹੈ!!!



Rosie Sandhu, MSN, NP-C
Co-Founder & Owner
Website: harmonyprimarycare.com

ਤੁਹਾਡੀ ਸਿਹਤ ਤੇ ਸੁੰਦਰਤਾ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇੱਥੇ ਉਪਲੱਬਧ ਹਨ

SERVICES:

ਪ੍ਰਾਇਮਰੀ ਕੇਅਰ /ਸਾਲਾਨਾ ਮੈਡੀਕਲ ਚੈਕਅੱਪ
ਡੀ.ਓ.ਟੀ.
ਪਰੀ ਇੰਪਲਾਈਮੈਂਟ ਫਿਜ਼ੀਕਲ
ਹਾਈ ਸਕੂਲ ਸਪੋਰਟ ਫਿਜ਼ੀਕਲ
ਮੈਡੀਕਲ ਸਪਾ ਸੇਵਾਵਾਂ

BOTOX
Dermal filler
Micro-Needling
Kybella
Lip Blushing
Immune Boost Injections

Brownsburg
Primary Care & Wellness

640 Patrick place, Suite B, Brownsburg, IN 46112
Contact: (317)456-0411

Derma Plane
Skin Medica Chemical Peels
PRP Micro Needling
B12 Injections
Vitamin D Injections
Lipi-Mino Injections



Kamna Agarwal, OTC & Certified Yoga Instructor
Co-Founder & Owner

We also offer a variety of Yoga classes including Bikram Style Yoga.

Serving Indian American community in Hendricks County and all surrounding counties in Indiana. Our aim is to bring a unique concept of primary care, aesthetics, yoga, and wellness under one roof.

We will soon be launching laser treatments, acupuncture, and Ayurvedic supplements!

Hours: Open Tuesday-Friday 8 am to 4pm
Saturday 11:30 am to 3:30 pm

PUNJAB SPORTS & CULTURAL ASSOCIATION MICHIGAN
PSCA Punjabi Khed Mela

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਸ਼ੋਹਰਤ ਦੇ ਦੀਵੇ ਵਿਚ ਖ਼ੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

ਖੇਡਾਂ: ਕਬੱਡੀ, ਵਾਲੀਬਾਲ, ਅਥਲੈਟਿਕਸ

## ਮਿਸ਼ੀਗਨ ਦੇ ਭਾਰਤੀ ਪੰਜਾਬੀ ਭਾਈਚਾਰੇ ਵਲੋਂ

# 15ਵਾਂ ਪੰਜਾਬੀ ਖੇਡ ਮੇਲਾ ਤੇ ਕਬੱਡੀ ਟੂਰਨਾਮੈਂਟ

## 16 ਜੁਲਾਈ 2022

*(ਸਨਿਚਰਵਾਰ, ਸਵੇਰੇ 8 ਤੋਂ ਸ਼ਾਮ 9 ਵਜੇ ਤੱਕ)*

**Willow Metro Park**
Near Detroit Metro Airport, I-275
23200 S Huron Road, New Boston, MI 48164

## ਇਨਾਮ

**ਕਬੱਡੀ ਓਪਨ**
ਪਹਿਲਾ ਇਨਾਮ
ਦੂਜਾ ਇਨਾਮ
ਤੀਜਾ ਇਨਾਮ
ਚੌਥਾ ਇਨਾਮ

**ਵਾਲੀਬਾਲ (ਓਪਨ)**
ਪਹਿਲਾ ਇਨਾਮ $3500
ਦੂਜਾ ਇਨਾਮ $2500

**Free Food & Free Entertainment**

**ਸਭਨਾਂ ਨੂੰ ਖੁੱਲ੍ਹਾ ਸੱਦਾ**

Radio Chann Pardesi ਰੇਡੀਓ ਚੰਨ ਪ੍ਰਦੇਸੀ








## PSCA Committee Members and Gold Sponsors


ਸੁੱਖਾ ਸੇਖੋਂ


ਕੇਵਲ ਗਿੱਲ


ਮਨਪ੍ਰੀਤ ਗਿੱਲ


ਕੁਲਬੀਰ ਗਿੱਲ


ਅਮਰਜੀਤ ਗਿੱਲ


ਰਵਿੰਦਰ ਬਿੰਦ


ਜਸਵਿੰਦਰ ਧਾਲੀਵਾਲ


ਸੁਖਵੰਤ ਸਿੰਘ ਗਿੱਲ


ਰਾਜ ਨਿੱਜਰ


ਰਾਜ ਜਾਮਾਰਾਏ


ਅਰਜੁਨ ਗਿੱਲ


ਸੁਖਦੇਵ ਸੇਖੋਂ


ਕਰਮਬੀਰ ਸਿੰਘ


ਕਰਨ ਗਿੱਲ

## ਹੋਰ ਜਾਣਕਾਰੀ ਲਈ ਕਾਲ ਕਰੋ

ਜਸਵਿੰਦਰ ਧਾਲੀਵਾਲ ਫੋਨ: 734-347-1154
ਸੁਖਵੰਤ ਗਿੱਲ ਫੋਨ: 734-231-7035
ਰਾਜ ਨਿੱਜਰ ਫੋਨ: 734-637-7540
ਰਾਜ ਜਾਮਾਰਾਏ ਫੋਨ: 734-644-1010
ਸੁਖਦੇਵ ਸੇਖੋਂ ਫੋਨ: 248-431-9678
ਕਰਮਬੀਰ ਸਿੰਘ ਫੋਨ: 734-558-3151

*ਇਸ ਵਰ੍ਹੇ ਵੀ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*

LIVE ON Chaze tv CHANNEL 422 Real tv CHANNEL 136 f LIVE LIVEKABADDI LIVE KABADDI jadoo tv YouTube LIVE KABADDI IPTV jus punjabi

# ਮੋਦੀ ਸਰਕਾਰ 'ਤੇ ਸਿੱਖਾਂ ਨਾਲ ਵਿਤਕਰੇ ਦੇ ਦੋਸ਼



**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਜਮਹੂਰੀਅਤ ਬਹਾਲੀ ਕਨਵੈਨਸ਼ਨ ਵਿਚ ਕੇਂਦਰ ਦੀ ਮੋਦੀ ਸਰਕਾਰ 'ਤੇ ਸਿੱਖਾਂ ਨਾਲ ਵਿਤਕਰਾ ਕਰਨ ਦਾ ਦੋਸ਼ ਲਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪਾਰਲੀਮੈਂਟ ਦੀਆਂ ਚੋਣਾਂ ਤਾਂ ਨਿਰਧਾਰਤ ਪੰਜ ਸਾਲਾਂ ਬਾਅਦ ਕਰਵਾਈਆਂ ਜਾਂਦੀਆਂ ਹਨ ਪਰ ਸਿੱਖਾਂ ਦੀ ਸੰਸਦ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਪਿਛਲੇ ਕਈ ਸਾਲਾਂ ਤੋਂ ਲਟਕੀਆਂ ਹੋਈਆਂ ਹਨ।

ਇਥੇ ਸਿਟੀ ਸੈਂਟਰ ਵਿਖੇ ਗੁਰੂ ਨਾਨਕ ਭਵਨ ਵਿਚ ਕਰਵਾਈ ਗਈ ਜਮਹੂਰੀਅਤ ਬਹਾਲੀ ਕਨਵੈਨਸ਼ਨ ਵਿਚ ਮਾਨ ਦਲ ਤੋਂ ਇਲਾਵਾ ਕਈ ਹੋਰ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਵੀ ਸ਼ਾਮਲ ਹੋਏ। ਬੁਲਾਰਿਆਂ ਨੇ ਸਿੱਖਾਂ ਨਾਲ ਜੁੜੇ ਵੱਖ-ਵੱਖ ਮੁੱਦਿਆਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 11 ਸਾਲ ਪਹਿਲਾਂ ਹੋਈਆਂ ਸਨ ਅਤੇ ਨਿਰਧਾਰਤ ਸਮਾਂ ਲੰਘ ਜਾਣ ਮਗਰੋਂ ਵੀ ਸਰਕਾਰਾਂ ਵੱਲੋਂ ਇਹ ਚੋਣਾਂ ਕਰਾਉਣ ਲਈ ਕੋਈ ਯਤਨ ਨਹੀਂ ਕੀਤਾ ਜਾ ਰਿਹਾ। ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕੇਂਦਰ ਸਰਕਾਰ 'ਤੇ ਸਿੱਖਾਂ ਪ੍ਰਤੀ ਤੰਗਦਿਲੀ ਦਾ ਵਤੀਰਾ ਅਪਣਾਉਣ ਦਾ ਦੋਸ਼ ਲਾਇਆ। ਉਨ੍ਹਾਂ 15 ਸਤੰਬਰ ਨੂੰ ਵਿਸ਼ਵ ਜਮਹੂਰੀਅਤ ਦਿਵਸ ਮੌਕੇ ਸ੍ਰੀ ਦਰਬਾਰ ਸਾਹਿਬ ਵਿਚ ਇਕੱਠ ਕਰਨ ਦਾ ਐਲਾਨ ਕੀਤਾ। ਉਨ੍ਹਾਂ 6 ਜੂਨ ਨੂੰ ਘੱਲੂਘਾਰਾ ਦਿਵਸ ਮੌਕੇ ਸਿੱਖਾਂ ਨੂੰ ਸ੍ਰੀ ਅਕਾਲ ਤਖਤ ਵਿਖੇ ਪੁੱਜਣ ਦਾ ਸੱਦਾ ਦਿੱਤਾ। ਕਨਵੈਨਸ਼ਨ ਦੌਰਾਨ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਵੀ ਲੱਗੇ।

# ਫੂਲਕਾ ਨੇ ਪਾਣੀ ਬਚਾਉਣ ਲਈ ਅਕਾਲ ਤਖਤ ਤੋਂ ਮਦਦ ਮੰਗੀ



**ਅੰਮ੍ਰਿਤਸਰ:** ਐਡਵੋਕੇਟ ਐਚ.ਐਸ. ਫੂਲਕਾ ਦੀ ਅਗਵਾਈ ਹੇਠ ਇਕ ਵਫ਼ਦ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਮਿਲਿਆ। ਵਫ਼ਦ ਨੇ ਪੱਤਰ ਦੇ ਕੇ ਅਪੀਲ ਕੀਤੀ ਹੈ ਕਿ ਪੰਜਾਬ ਵਿਚ ਝੋਨੇ ਦੀ ਫਸਲ ਦੀ ਬਿਜਾਈ ਕੁਦਰਤੀ ਤਰੀਕੇ ਨਾਲ ਕਰਵਾਉਣ ਲਈ ਲੋਕਾਂ ਨੂੰ ਧਾਰਮਿਕ ਸਥਾਨਾਂ ਰਾਹੀਂ ਜਾਗਰੂਕ ਕੀਤਾ ਜਾਵੇ।

ਇਸ ਸਬੰਧੀ ਗੁਰਦੁਆਰਿਆਂ ਵਿਚ ਖੇਤੀ ਸਤਿਸੰਗ ਕਰਵਾਏ ਜਾਣ, ਜਿਨ੍ਹਾਂ ਵਿਚ ਖੇਤੀ ਮਾਹਿਰਾਂ ਵੱਲੋਂ ਕਿਸਾਨਾਂ ਨੂੰ ਝੋਨਾ ਬੀਜਣ ਦੀ ਕੁਦਰਤੀ ਵਿਧੀ ਬਾਰੇ ਦੱਸਿਆ ਜਾਵੇ ਅਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਜਾਗਰੂਕ ਕੀਤਾ ਜਾਵੇ। ਸ੍ਰੀ ਫੂਲਕਾ ਨੇ ਦਾਅਵਾ ਕੀਤਾ ਕਿ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਇਸ ਸਬੰਧੀ ਹਾਂ-ਪੱਖੀ ਹੁੰਗਾਰਾ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ 'ਮੇਰੀ ਜ਼ਮੀਨ, ਮੇਰੀ ਜ਼ਿੰਮੇਵਾਰੀ' ਯੋਜਨਾ ਤਹਿਤ ਲੋਕਾਂ ਨੂੰ ਜਾਗਰੂਕ ਕਰਨ ਲਈ ਕੈਂਪ ਲਾਏ ਜਾਣਗੇ।

ਇਸ ਸਬੰਧ ਵਿਚ 21 ਮਈ ਤੱਕ ਵੱਖ-ਵੱਖ ਹਲਕਿਆਂ ਵਿਚ ਗੁਰਦੁਆਰਿਆਂ ਤੇ ਹੋਰ ਧਰਮ ਅਸਥਾਨਾਂ 'ਤੇ ਜਾਗਰੂਕ ਕੈਂਪ ਲੱਗਣਗੇ। ਉਨ੍ਹਾਂ ਵੱਲੋਂ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਚ ਦਿੱਤੇ ਗਏ ਪੱਤਰ ਵਿਚ ਆਖਿਆ ਗਿਆ ਕਿ, ਜਿਸ ਤਰੀਕੇ ਨਾਲ ਇਸ ਵੇਲੇ ਝੋਨੇ ਦੀ ਬਿਜਾਈ ਹੋ ਰਹੀ ਹੈ, ਉਸ ਨਾਲ ਆਉਣ ਵਾਲੇ 25 ਸਾਲਾਂ ਵਿਚ ਜ਼ਮੀਨ ਹੇਠਲਾ ਪਾਣੀ ਖਤਮ ਹੋ ਜਾਵੇਗਾ ਅਤੇ ਜ਼ਮੀਨ ਬੰਜਰ ਹੋ ਜਾਵੇਗੀ। ਉਨ੍ਹਾਂ ਨੇ ਪੱਤਰ ਵਿਚ ਝੋਨਾ ਬੀਜਣ ਦੀਆਂ ਨਵੀਆਂ ਵਿਧੀਆਂ ਦਾ ਹਵਾਲਾ ਦਿੱਤਾ ਹੈ।

# ਗੁਰਬਾਣੀ ਪ੍ਰਸਾਰਨ ਮਾਮਲੇ 'ਤੇ ਅਕਾਲ ਤਖਤ ਨੂੰ ਪੱਤਰ



**ਅੰਮ੍ਰਿਤਸਰ:** ਕੇਂਦਰੀ ਗੁਰੂ ਸਿੰਘ ਸਭਾ ਦੇ ਵਫ਼ਦ ਨੇ ਇਥੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਇਕ ਪੱਤਰ ਸੌਂਪ ਕੇ ਅਪੀਲ ਕੀਤੀ ਕਿ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਦੇ ਕੀਰਤਨ ਦਾ ਸਿੱਧਾ ਪ੍ਰਸਾਰਨ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਚੈਨਲ ਤੋਂ ਤੁਰਤ ਕੀਤਾ ਜਾਵੇ ਤੇ ਨਿੱਜੀ ਚੈਨਲ ਤੋਂ ਹੋ ਰਿਹਾ ਪ੍ਰਸਾਰਨ ਵੀ ਤੁਰਤ ਰੋਕਿਆ ਜਾਵੇ।

ਜਥੇਬੰਦੀ ਦੇ ਜਨਰਲ ਸਕੱਤਰ ਡਾ. ਖੁਸ਼ਹਾਲ ਸਿੰਘ ਦੇ ਦਸਤਖਤਾਂ ਹੇਠ ਦਿੱਤੇ ਗਏ ਇਸ ਪੱਤਰ ਵਿਚ ਉਨ੍ਹਾਂ ਕਿਹਾ ਕਿ ਜਿਵੇਂ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਛਪਾਈ ਸਿਰਫ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੀ ਜਾਂਦੀ ਹੈ, ਉਸੇ ਤਰਜ਼ 'ਤੇ ਸ੍ਰੀ ਦਰਬਾਰ ਸਾਹਿਬ ਵਿਚ ਹੁੰਦੇ ਗੁਰਬਾਣੀ ਕੀਰਤਨ ਦਾ ਪ੍ਰਸਾਰਨ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਰਫ ਆਪਣੇ ਚੈਨਲ ਰਾਹੀਂ ਕੀਤਾ ਜਾਵੇ। ਇਸ ਵਫ਼ਦ ਵਿਚ ਡਾ. ਖੁਸ਼ਪਾਲ ਸਿੰਘ ਦੇ ਨਾਲ ਹੋਰ ਸਿੱਖ ਆਗੂ ਹਾਜ਼ਰ ਸਨ।

## ਗੁਰਬਾਣੀ ਦੀਆਂ ਤੁਕਾਂ ਵਿਚ ਗਲਤੀਆਂ ਦਾ ਮਾਮਲਾ ਹੁਣ ਅਕਾਲ ਤਖਤ ਪੁੱਜਾ

**ਅੰਮ੍ਰਿਤਸਰ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਮੈਂਬਰਾਂ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਮੰਗ ਪੱਤਰ ਦੇ ਕੇ ਦਿੱਲੀ ਦੇ ਗੁਰਦੁਆਰਾ ਸੀਸਗੰਜ ਵਿਖੇ ਹੋ ਰਹੇ ਨਕਾਸ਼ੀ ਦੇ ਕੰਮ ਦੌਰਾਨ ਗੁਰਬਾਣੀ ਦੀਆਂ ਤੁਕਾਂ ਵਿਚ ਗਲਤੀਆਂ ਦਾ ਮਾਮਲਾ ਉਭਾਰਿਆ ਹੈ। ਉਨ੍ਹਾਂ ਇਸ ਸਬੰਧੀ ਪ੍ਰਬੰਧਕ ਕਮੇਟੀ ਦੇ ਆਗੂਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਜਥੇਦਾਰ ਹਰਪ੍ਰੀਤ ਸਿੰਘ ਨੂੰ ਮਿਲਣ ਵਾਲੇ ਦਿੱਲੀ ਕਮੇਟੀ ਦੇ ਮੈਂਬਰ ਰਣਜੀਤ ਕੌਰ, ਸੁਖਵਿੰਦਰ ਸਿੰਘ ਬੱਬਰ ਤੇ ਹੋਰਾਂ ਨੇ ਦੋਸ਼ ਲਾਇਆ ਕਿ ਪੱਥਰ 'ਤੇ ਉਕਰੀਆਂ ਬਾਣੀ ਦੀਆਂ ਤੁਕਾਂ ਵਿਚ ਲਗਾਂ ਮਾਤਰਾ ਆਦਿ ਨਹੀਂ ਹਨ ਜਿਸ ਕਾਰਨ ਤੁਕਾਂ ਦੇ ਅਰਥ ਬਦਲ ਗਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਗੁਰਦੁਆਰੇ ਦੇ ਮੁੱਖ ਦਰਵਾਜੇ 'ਤੇ ਗੁਰੂ ਸਾਹਿਬ ਦੀ ਸ਼ਹਾਦਤ ਦੀ ਤਰੀਕ ਨੂੰ ਦਰਸਾਉਂਦੇ ਪੱਥਰ ਨੂੰ ਵੀ ਹਟਾ ਦਿੱਤਾ ਗਿਆ।

## ਮਜੀਠੀਆ ਦੀ ਨਿਆਇਕ ਹਿਰਾਸਤ 'ਚ ਵਾਧਾ

**ਪਟਿਆਲਾ:** ਮੁਹਾਲੀ ਦੀ ਅਦਾਲਤ ਵੱਲੋਂ ਬਿਕਰਮ ਸਿੰਘ ਮਜੀਠੀਆ ਦੀ ਨਿਆਇਕ ਹਿਰਾਸਤ ਵਿਚ ਦੋ ਹਫਤਿਆਂ ਦਾ ਹੋਰ ਵਾਧਾ ਕਰ ਦਿੱਤਾ ਗਿਆ ਹੈ। ਮਜੀਠੀਆ ਨੂੰ ਪਟਿਆਲਾ ਜੇਲ੍ਹ ਤੋਂ ਹੀ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕੀਤਾ ਗਿਆ ਸੀ, ਜਿਸ ਦੌਰਾਨ ਅਕਾਲੀ ਆਗੂ ਦੀ ਨਿਆਇਕ ਹਿਰਾਸਤ ਵਿਚ 14 ਦਿਨ ਦਾ ਵਾਧਾ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਬਿਕਰਮ ਸਿੰਘ ਮਜੀਠੀਆ ਇਥੇ 24 ਫਰਵਰੀ ਤੋਂ ਬੰਦ ਹਨ। ਮਜੀਠੀਆ ਨੇ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਤੋਂ ਬਾਅਦ ਆਤਮ ਸਮਰਪਣ ਕਰ ਦਿੱਤਾ ਸੀ। ਉਨ੍ਹਾਂ ਨੂੰ ਇਕ ਵਾਰ ਹੀ ਨਿੱਜੀ ਤੌਰ 'ਤੇ ਇਥੋਂ ਮੁਹਾਲੀ ਦੀ ਅਦਾਲਤ 'ਚ ਲਿਜਾਇਆ ਗਿਆ ਹੈ। ਇਸ ਮਗਰੋਂ ਉਨ੍ਹਾਂ ਨੂੰ ਵੀਡੀਓ ਕਾਨਫਰੰਸਿੰਗ ਜਰੀਏ ਹੀ ਪੇਸ਼ ਕੀਤਾ ਜਾ ਰਿਹਾ ਹੈ।

# ਜਥੇਦਾਰ ਵੱਲੋਂ ਸਰਕਾਰਾਂ ਦੀ ਭਾਈਚਾਰਿਆਂ 'ਚ ਫੁਟ ਪਾਉਣ ਵਾਲੀ ਰਣਨੀਤੀ ਲਈ ਤਾੜਨਾ



**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਥੇ ਸਰਕਾਰਾਂ ਨੂੰ ਆਖਿਆ ਕਿ ਉਹ ਆਪਣੀ ਸਥਾਪਤੀ ਵਾਸਤੇ ਭਾਈਚਾਰਿਆਂ ਵਿਚ ਫੁਟ ਪਾਉਣ ਤੋਂ ਸੰਕੋਚ ਕਰਨ। ਉਨ੍ਹਾਂ ਕਿਹਾ ਕਿ ਇਹ ਰਣਨੀਤੀ ਸਰਕਾਰਾਂ ਦੇ ਹੱਕ ਵਿਚ ਵੀ ਨਹੀਂ ਹੈ।

ਪਟਿਆਲਾ ਵਿਚ ਵਾਪਰੀ ਹਿੰਸਕ ਘਟਨਾ ਅਤੇ ਇਸ ਤੋਂ ਬਾਅਦ ਇਸ ਮਾਮਲੇ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾਏ ਜਾਣ ਖਿਲਾਫ ਸੱਦੀ ਸਿੱਖ ਜਥੇਬੰਦੀਆਂ ਦੀ ਮੀਟਿੰਗ ਵਿਚ ਸੰਬੋਧਨ ਕਰ ਰਹੇ ਸਨ। ਇਸ ਮੀਟਿੰਗ ਵਿਚ ਮਤਾ ਪਾਸ ਕਰਕੇ ਦੋ ਫਿਰਕਿਆਂ ਨੂੰ ਆਪਸ ਵਿਚ ਲੜਾਉਣ ਦੀ ਸਾਜ਼ਿਸ਼ ਰਚਣ ਵਾਲਿਆਂ ਦਾ ਪਤਾ ਲਾਉਣ ਲਈ ਹਾਈ ਕੋਰਟ ਦੇ ਮੌਜੂਦਾ ਜੱਜ ਦੀ ਅਗਵਾਈ ਹੇਠ ਨਿਆਇਕ ਜਾਂਚ ਕਰਾਉਣ ਦੀ ਮੰਗ ਕੀਤੀ ਗਈ ਹੈ। ਇਸ ਚਿੰਤਨ ਮੀਟਿੰਗ ਵਿਚ ਲਗਭਗ 40 ਤੋਂ ਵੱਧ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਹੋਏ ਹਨ। ਮੀਟਿੰਗ ਵਿਚ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸੰਬੋਧਨ ਕਰਦਿਆਂ ਸੁਝਾਅ ਤੇ ਖਦਸ਼ੇ ਜ਼ਾਹਰ ਕੀਤੇ। ਜਥੇਦਾਰ ਹਰਪ੍ਰੀਤ ਸਿੰਘ ਨੇ ਸਿੱਖ ਜਥੇਬੰਦੀਆਂ ਨੂੰ ਆਖਿਆ ਕਿ ਉਹ ਇਕ ਸਾਂਝੀ ਕਮੇਟੀ ਬਣਾਉਣ, ਜੋ ਅਜਿਹੇ ਮਾਮਲਿਆਂ ਬਾਰੇ ਰਣਨੀਤੀ ਤੈਅ ਕਰੇ। ਤਿਆਰ ਕੀਤੀ ਰਣਨੀਤੀ 'ਤੇ ਅਕਾਲ ਤਖਤ ਵਿਖੇ ਮੁੜ ਵਿਚਾਰ ਕੀਤਾ ਜਾਵੇਗਾ ਤੇ ਮਗਰੋਂ ਇਸ ਰਣਨੀਤੀ ਦਾ ਐਲਾਨ ਕੀਤਾ ਜਾਵੇਗਾ।

ਉਨ੍ਹਾਂ ਦੋਸ਼ ਲਾਇਆ ਕਿ ਸਿੱਖ ਕੌਮ ਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਗੁਲਾਮ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ, ਜਿਸ ਪਿਛਲਾ ਉਦੇਸ਼ ਪੰਜਾਬ ਦੀ ਉਪਜਾਊ ਧਰਤੀ 'ਤੇ ਕਬਜ਼ਾ ਕਰਨਾ ਹੈ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਅਜਿਹੀਆਂ ਹੋਰ ਘਟਨਾਵਾਂ ਵੀ ਵਾਪਰ ਸਕਦੀਆਂ ਹਨ।

ਇਸ ਮੌਕੇ ਛੇ ਮਤੇ ਵੀ ਪਾਸ ਕੀਤੇ ਗਏ। ਇਕ ਮਤੇ ਰਾਹੀਂ ਪਟਿਆਲਾ ਹਿੰਸਾ ਮਾਮਲੇ ਵਿਚ ਸਰਕਾਰ ਦੀ ਕਾਰਗੁਜ਼ਾਰੀ ਨੂੰ ਸਿੱਖ ਕੌਮ ਪ੍ਰਤੀ ਦਮਨਕਾਰੀ ਨੀਤੀ ਕਰਾਰ ਦਿੰਦਿਆਂ ਇਸ ਦੀ ਨਿਖੇਧੀ ਕੀਤੀ ਗਈ। ਉਨ੍ਹਾਂ ਕਿਹਾ ਕਿ ਫਿਰਕਾਪ੍ਰਸਤੀ ਤਹਿਤ ਸਿੱਖ ਕੌਮ ਨੂੰ ਵੰਗਾਰਨ ਵਾਲੇ ਸ਼ਿਵ ਸੈਨਾ ਆਗੂ ਖਿਲਾਫ ਪਹਿਲਾਂ ਕੋਈ ਕਾਰਵਾਈ ਨਹੀਂ ਕੀਤੀ ਗਈ, ਸਗੋਂ ਸੰਵਿਧਾਨਕ ਚਾਰਾਜੋਈ ਕਰ ਰਹੇ ਬਰਜਿੰਦਰ ਸਿੰਘ ਪਰਵਾਨਾ ਖਿਲਾਫ ਝੂਠਾ ਕੇਸ ਦਰਜ ਕੀਤਾ ਗਿਆ। ਇਕ ਮਤੇ ਰਾਹੀਂ ਖਾਲਿਸਤਾਨ ਦਾ ਰੌਲਾ ਪਾ ਕੇ ਵੋਟਾਂ ਬਣਾਉਣ ਵਾਲਿਆਂ ਖਿਲਾਫ ਸਾਂਝੀ ਕਮੇਟੀ ਬਣਾ ਕੇ ਕਾਰਵਾਈ ਕਰਨ ਦਾ ਸੁਝਾਅ ਦਿੱਤਾ ਗਿਆ।

# ਅਕਾਲੀ ਦਲ ਦੇ ਦੋ ਸੰਵਿਧਾਨ ਰੱਖਣ ਵਾਲੇ ਮਾਮਲੇ ਦੀ ਸੁਣਵਾਈ ਟਲੀ

**ਹੁਸ਼ਿਆਰਪੁਰ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਦੋ ਸੰਵਿਧਾਨ ਰੱਖਣ ਦੇ ਮਾਮਲੇ ਦੀ ਸੁਣਵਾਈ ਵਧੀਕ ਚੀਫ ਜੁਡੀਸ਼ਲ ਮੈਜਿਸਟਰੇਟ ਰੁਪਿੰਦਰ ਸਿੰਘ ਦੀ ਅਦਾਲਤ ਵਿਚ ਹੋਈ। ਸ਼ਿਕਾਇਤਕਰਤਾ ਬਲਵੰਤ ਸਿੰਘ ਖੇੜਾ ਨੇ ਅਦਾਲਤ ਵਿਚ ਗਵਾਹੀ ਦੇਣੀ ਸੀ ਪਰ ਇਸ ਤੋਂ ਪਹਿਲਾਂ ਅਕਾਲੀ ਦਲ ਦੇ ਵਕੀਲਾਂ ਨੇ ਕੇਸ ਸਬੰਧੀ ਰਿਕਾਰਡ ਨਾ ਹੋਣ ਦੀ ਅਰਜ਼ੀ ਦਾਖਲ ਕਰ ਦਿੱਤੀ।

ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ, ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਦਲਜੀਤ ਸਿੰਘ ਚੀਮਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਐਸ.ਐਸ. ਕਲੇਰ ਨੇ ਇਹ ਅਰਜ਼ੀ ਦਾਖਲ ਕੀਤੀ। ਖੇੜਾ ਦੇ ਵਕੀਲ ਬੀ.ਐਸ. ਰਿਆੜਾ ਅਤੇ ਹਿਤੇਸ਼ ਪੁਰੀ ਨੇ ਅਦਾਲਤ ਨੂੰ ਦੱਸਿਆ ਕਿ ਦੂਜੀ ਧਿਰ ਕੋਲ ਲੋੜੀਂਦਾ ਸਾਰਾ ਰਿਕਾਰਡ ਮੌਜੂਦ ਹੈ ਪਰ ਮਾਮਲੇ ਨੂੰ ਲਟਕਾਉਣ ਲਈ ਇਹ ਅਰਜ਼ੀ ਦਾਇਰ ਕੀਤੀ ਗਈ ਹੈ। ਅਦਾਲਤ ਨੇ ਕੇਸ ਦੀ ਅਗਲੀ ਸੁਣਵਾਈ ਹੁਣ 2 ਜੂਨ 'ਤੇ ਪਾ ਦਿੱਤੀ ਹੈ।

## ਵਿਵਾਦਤ ਕਿਤਾਬ ਕੇਸ ਬਾਰੇ 11 ਦਿਨ ਦਾ ਅਲਟੀਮੇਟਮ

**ਮੁਹਾਲੀ:** ਸਕੂਲਾਂ ਵਿਚ 12ਵੀਂ ਜਮਾਤ ਨੂੰ ਇਤਿਹਾਸ ਦੀ ਵਿਵਾਦਤ ਪੁਸਤਕ ਪੜ੍ਹਾਉਣ ਅਤੇ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਕਾਰਵਾਈ ਨਾ ਹੋਣ ਕਾਰਨ ਲੋਕ ਰੋਹ ਭਖ ਰਿਹਾ ਹੈ। 'ਇਤਿਹਾਸ ਬਚਾਓ-ਸਿੱਖੀ ਬਚਾਓ' ਮੋਰਚਾ ਤਹਿਤ ਭਾਰਤੀ ਕਿਸਾਨ ਯੂਨੀਅਨ (ਸਿਰਸਾ) ਦੇ ਪ੍ਰਧਾਨ ਅਤੇ ਸਿੱਖ ਆਗੂ ਜਥੇਦਾਰ ਬਲਦੇਵ ਸਿੰਘ ਸਿਰਸਾ ਦੀ ਅਗਵਾਈ ਹੇਠ ਸਿੱਖਿਆ ਬੋਰਡ ਦੇ ਬਾਹਰ ਦਿੱਤਾ ਜਾ ਰਿਹਾ ਲੜੀਵਾਰ ਧਰਨਾ ਜਾਰੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਲੇਖਕਾਂ ਅਤੇ ਪਬਲਿਸ਼ਰਾਂ ਖਿਲਾਫ ਕੇਸ ਦਰਜ ਕਰਵਾਉਣ ਦੇ ਆਦੇਸ਼ ਦਿੱਤੇ ਸਨ ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ। ਹੁਣ ਉਨ੍ਹਾਂ ਪੰਜਾਬ ਸਰਕਾਰ ਤੇ ਪੁਲਿਸ ਨੂੰ 15 ਮਈ ਤੱਕ ਅਲਟੀਮੇਟਮ ਦਿੱਤਾ ਕਿ ਜੇ ਜ਼ਿੰਮੇਵਾਰ ਵਿਅਕਤੀਆਂ ਖਿਲਾਫ ਕੇਸ ਦਰਜ ਨਾ ਕੀਤਾ ਗਿਆ ਤਾਂ 16 ਮਈ ਨੂੰ ਦਫਤਰ ਖੁੱਲ੍ਹਣ ਤੋਂ ਪਹਿਲਾਂ ਹੀ ਸਵੇਰੇ 8 ਵਜੇ ਸਿੱਖਿਆ ਬੋਰਡ ਦੇ ਸਾਰੇ ਗੇਟਾਂ ਦੀ ਤਾਲਾਬੰਦੀ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸਾਲਾਨਾ ਪ੍ਰੀਖਿਆਵਾਂ ਕਾਰਨ ਉਹ ਅਜਿਹਾ ਕੋਈ ਕਦਮ ਨਹੀਂ ਚੁੱਕਣਾ ਚਾਹੁੰਦੇ ਸਨ ਪਰ ਸਰਕਾਰ ਉਨ੍ਹਾਂ ਨੂੰ ਮਜਬੂਰ ਕਰ ਰਹੀ ਹੈ। ਪੜਤਾਲੀਆ ਅਫਸਰ ਨੇ ਭਾਵੇਂ ਪ੍ਰਕਾਸ਼ਕਾਂ ਤੇ ਲੇਖਕਾਂ ਨੂੰ ਤਲਬ ਕੀਤਾ ਪਰ ਕੋਈ ਵਧੀਆ ਕਾਰਗੁਜ਼ਾਰੀ ਨਜ਼ਰ ਨਹੀਂ ਆਈ। ਇਸੇ ਕਰਕੇ ਹੁਣ ਸੰਘਰਸ਼ ਹੋਰ ਤਿੱਖਾ ਕਰਨ ਦਾ ਫੈਸਲਾ ਕੀਤਾ ਗਿਆ ਹੈ।

# ਸਿੱਖ ਆਜ਼ਾਦੀ ਐਲਾਨਨਾਮੇ ਬਾਰੇ ਵਧਾਈ ਪੱਤਰ ਰੱਦ ਕਰਨ ਲਈ ਮੁਹਿੰਮ



**ਵਾਸ਼ਿੰਗਟਨ:** ਪ੍ਰਭਾਵਸ਼ਾਲੀ ਭਾਰਤੀ-ਅਮਰੀਕੀ ਸਮੂਹਾਂ ਨੇ ਕੁਨੈਕਟੀਕਟ ਸਟੇਟ ਅਸੈਂਬਲੀ ਨੂੰ ਉਹ ਅਧਿਕਾਰਤ ਪੱਤਰ ਰੱਦ ਕਰਨ ਦੀ ਅਪੀਲ ਕੀਤੀ ਹੈ ਜਿਸ 'ਚ ਉਸ ਨੇ ਅਖੌਤੀ 'ਸਿੱਖ ਆਜ਼ਾਦੀ ਐਲਾਨਨਾਮੇ' ਦੀ 36ਵੀਂ ਵਰ੍ਹੇਗੰਢ ਮੌਕੇ ਇਕ ਵੱਖਵਾਦੀ ਸਿੱਖ ਸੰਸਥਾ ਨੂੰ ਵਧਾਈ ਦਿੱਤੀ ਸੀ।

ਜ਼ਿਕਰਯੋਗ ਹੈ ਕਿ ਕੁਨੈਕਟੀਕਟ ਸੂਬੇ ਦੀ ਆਮ ਸਭਾ ਨੇ 29 ਅਪਰੈਲ ਨੂੰ ਖਾਲਿਸਤਾਨ ਹਮਾਇਤੀ ਜਥੇਬੰਦੀ 'ਵਰਲਡ ਸਿੱਖ ਪਾਰਲੀਮੈਂਟ' ਨੂੰ ਉਸ ਦੇ ਸਿੱਖ ਆਜ਼ਾਦੀ ਐਲਾਨਨਾਮੇ ਦੀ 36ਵੀਂ ਵਰ੍ਹੇਗੰਢ 'ਤੇ ਵਧਾਈ ਦਿੱਤੀ ਸੀ। ਕਈ ਭਾਰਤੀ-ਅਮਰੀਕੀ ਸਮੂਹਾਂ ਤੇ ਭਾਈਚਾਰਿਆਂ ਦੇ ਆਗੂਆਂ ਨੇ ਕੁਨੈਕਟੀਕਟ ਆਮ ਸਭਾ ਦੇ ਮੈਂਬਰਾਂ ਅਤੇ ਉਸ ਦੀ ਲੀਡਰਸ਼ਿਪ ਨੂੰ ਅਜਿਹੇ ਕਦਮ ਖਿਲਾਫ ਪੱਤਰ ਲਿਖੇ ਹਨ। ਉਨ੍ਹਾਂ ਕਿਹਾ ਕਿ ਅਜਿਹਾ ਪੱਤਰ ਭਾਰਤ ਦੀ ਖੇਤਰੀ ਅਖੰਡਤਾ 'ਤੇ ਸਵਾਲ ਚੁੱਕਦਾ ਹੈ ਅਤੇ ਭਾਰਤ-ਅਮਰੀਕਾ ਦੇ ਸਬੰਧਾਂ ਨੂੰ ਕਮਜ਼ੋਰ ਕਰਦਾ ਹੈ। ਕੁਨੈਕਟੀਕਟ ਦੀ ਮਿਲਾਨ ਕਲਚਰਲ ਐਸੋਸੀਏਸ਼ਨ ਨੇ ਕਿਹਾ, 'ਇਹ ਪੱਤਰ ਸਾਡੇ ਹਿੱਤ 'ਚ ਨਹੀਂ ਹੈ। ਇਸ ਲਈ ਤੁਹਾਨੂੰ ਇਸ ਨੂੰ ਰੱਦ ਕਰਨ ਦੀ ਅਪੀਲ ਕੀਤੀ ਜਾਂਦੀ ਹੈ।' ਓਹੀਓ 'ਚ ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨ (ਐਫ.ਏ.ਆਈ.) ਨੇ ਕਿਹਾ ਕਿ ਕੁਨੈਕਟੀਕਟ ਆਮ ਸਭਾ ਦਾ ਪੱਤਰ ਜਾਰੀ ਕਰਨ ਦਾ ਫੈਸਲਾ ਗੈਰ ਜ਼ਿੰਮੇਵਾਰੀ ਵਾਲਾ ਹੈ। ਨਿਊ ਇੰਗਲੈਂਡ 'ਚ ਐਫ.ਆਈ.ਏ. ਨੇ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਸਿਆਸੀ ਤੌਰ 'ਤੇ ਪ੍ਰੇਰਿਤ ਗੈਰ ਸਮਾਜੀ ਤੱਤਾਂ ਨੇ ਭਾਰਤ 'ਚ ਤਣਾਅ ਪੈਦਾ ਕਰਨ ਲਈ ਗਲਤ ਸੂਚਨਾ ਦੇ ਆਧਾਰ 'ਤੇ ਪੱਤਰ ਜਾਰੀ ਕੀਤਾ ਹੈ।

ਨਿਊ ਯਾਰਕ, ਨਿਊ ਜਰਸੀ ਤੇ ਕੁਨੈਕਟੀਕਟ ਦੇ ਐਫ.ਆਈ.ਏ. ਨੇ ਕੁਨੈਕਟੀਕਟ ਦੀ ਆਮ ਸਭਾ ਦੇ ਮੈਂਬਰਾਂ ਨੂੰ ਇਸ ਗਲਤ ਕਦਮ ਨਾਲ ਜਲਦੀ ਤੋਂ ਜਲਦੀ ਨਜਿੱਠਣ ਦੀ ਅਪੀਲ ਕੀਤੀ ਹੈ। ਨਿਊ ਯਾਰਕ 'ਚ ਦਿ ਐਸੋਸੀਏਸ਼ਨ ਆਫ ਇੰਡੀਅਨਜ ਇਨ ਅਮੇਰੀਕਾ ਨੇ ਕਿਹਾ ਕਿ ਇਹ ਪੱਤਰ ਭਾਰਤ ਦੀ ਪ੍ਰਭੂਸੱਤਾ ਤੇ ਖੇਤਰੀ ਅਖੰਡਤਾ ਦੀ ਬੇਇੱਜ਼ਤੀ ਹੈ।

# ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਨੂੰ ਘੇਰਨ ਦੀ ਤਿਆਰੀ

**ਚੰਡੀਗੜ੍ਹ:** ਝੋਨੇ ਦੇ ਸੀਜ਼ਨ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੀ ਸਰਕਾਰ ਲਈ ਵੱਡੀਆਂ ਚੁਣੌਤੀਆਂ ਖੜ੍ਹੀਆਂ ਹੁੰਦੀਆਂ ਜਾਪ ਰਹੀਆਂ ਹਨ। ਪੰਜਾਬ ਸਰਕਾਰ ਨੇ ਸੂਬੇ ਨੂੰ ਚਾਰ ਜ਼ੋਨਾਂ 'ਚ ਵੰਡ ਕੇ 18 ਜੂਨ ਤੋਂ ਜ਼ੋਨ ਵਾਰ ਝੋਨੇ ਦੀ ਲਵਾਈ ਸ਼ੁਰੂ ਕਰਨ ਦਾ ਪ੍ਰੋਗਰਾਮ ਉਲੀਕਿਆ ਹੈ। ਸੰਯੁਕਤ ਕਿਸਾਨ ਮੋਰਚੇ ਨੇ ਇਥੇ ਸਰਕਾਰ ਦੇ ਝੋਨਾ ਲਵਾਈ ਪ੍ਰੋਗਰਾਮ ਨਾਲ ਅਸਹਿਮਤੀ ਜ਼ਾਹਰ ਕਰਦਿਆਂ 10 ਜੂਨ ਤੋਂ ਝੋਨਾ ਲਾਉਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਨੇ ਝੋਨੇ ਦੀ ਲਵਾਈ ਦਾ ਸ਼ੈਡਿਊਲ ਰੱਦ ਨਾ ਕੀਤਾ ਤਾਂ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ। ਕਿਸਾਨਾਂ ਨੇ ਰਣਨੀਤੀ ਉਲੀਕਣ ਲਈ 20 ਮਈ ਨੂੰ ਕਿਸਾਨ ਭਵਨ ਚੰਡੀਗੜ੍ਹ ਵਿਖੇ ਮੀਟਿੰਗ ਵੀ ਸੱਦ ਲਈ ਹੈ।

ਝੋਨੇ ਦੀ ਲਵਾਈ ਲਈ ਬਿਜਲੀ ਸਪਲਾਈ ਛੱਡਣ ਅਤੇ ਹੋਰ ਮਸਲਿਆਂ ਨੂੰ ਲੈ ਕੇ ਇਥੇ ਪਾਵਰਕੌਮ ਦੇ ਸੀ.ਐਮ.ਡੀ. ਬਲਦੇਵ ਸਿੰਘ ਸਰਾ ਅਤੇ ਹੋਰ ਅਧਿਕਾਰੀਆਂ ਨਾਲ 16 ਕਿਸਾਨ ਜਥੇਬੰਦੀਆਂ ਦੀ ਉੱਚ ਪੱਧਰੀ ਮੀਟਿੰਗ ਹੋਈ। ਕਿਸਾਨ ਆਗੂ ਜਗਮੋਹਣ ਸਿੰਘ ਨੇ ਕਿਹਾ ਕਿ ਕਈ ਮੰਗਾਂ 'ਤੇ ਮੈਨੇਜਮੈਂਟ ਨੇ ਸਹਿਮਤੀ ਜਤਾਈ ਹੈ। ਅੰਡਰਲੋਡ ਕਰਨ ਲਈ ਰੱਖੀ ਗਈ 4700 ਪ੍ਰਤੀ ਹਾਰਸ ਪਾਵਰ ਫੀਸ ਘੱਟ ਕਰਕੇ 1200 ਕਰਨ ਦੀ ਮੰਗ ਸੀ.ਐਮ.ਡੀ. ਨੇ ਬਿਜਲੀ ਰੈਗੂਲੇਟਰੀ ਕਮਿਸ਼ਨ ਕੋਲ ਰੱਖਣ ਦਾ ਭਰੋਸਾ ਦਿੱਤਾ ਹੈ। ਬਿਜਲੀ ਦੀਆਂ ਤਾਰਾਂ ਲਾਂਭੇ ਕਰਨ ਦੀ ਫੀਸ ਘੱਟ ਕਰਨ 'ਤੇ ਵੀ ਸਹਿਮਤੀ ਬਣੀ ਹੈ। ਕੁਝ ਹੋਰ ਮੰਗਾਂ ਵੀ ਹਮਦਰਦੀ ਨਾਲ ਵਿਚਾਰਨ ਦਾ ਭਰੋਸਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਜਦੋਂ ਝੋਨੇ ਦੀ ਲਵਾਈ ਲਈ 10 ਜੂਨ ਤੋਂ 12 ਘੰਟੇ ਰੋਜ਼ਾਨਾ ਬਿਜਲੀ ਸਪਲਾਈ ਛੱਡਣ ਦੀ ਮੰਗ ਰੱਖੀ ਤਾਂ ਰੇੜਕਾ ਪੈਦਾ ਹੋ ਗਿਆ। ਪਾਵਰਕੌਮ ਦੇ ਸੀ.ਐਮ.ਡੀ. ਨੇ ਕਿਹਾ ਕਿ ਇਸ ਸਬੰਧੀ ਸਰਕਾਰ ਸ਼ੈਡਿਊਲ ਤਿਆਰ ਕਰ ਚੁੱਕੀ ਹੈ ਅਤੇ ਉਸ ਮੁਤਾਬਕ ਹੀ ਬਿਜਲੀ ਦੇਣ ਦੀ ਹਦਾਇਤ ਹੋਈ ਹੈ।

ਕਿਸਾਨਾਂ ਨੇ ਸੀ.ਐਮ.ਡੀ. ਰਾਹੀਂ ਸਰਕਾਰ ਤੋਂ ਇਹ ਸ਼ੈਡਿਊਲ ਰੱਦ ਕਰਕੇ 10 ਜੂਨ ਤੋਂ ਝੋਨੇ ਦੀ ਲਈ 12 ਘੰਟੇ ਬਿਜਲੀ ਦੇਣ ਦੀ ਮੰਗ ਕੀਤੀ। ਕਿਸਾਨਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦੀ ਮੰਗ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਉਹ ਪਾਵਰਕੌਮ ਦੇ ਮੁੱਖ ਦਫਤਰ ਅਤੇ ਬਿਜਲੀ ਮੰਤਰੀ ਦੀ ਰਿਹਾਇਸ਼ ਘੇਰਨ ਦਾ ਸੱਦਾ ਦੇ ਸਕਦੇ ਹਨ।



## ਕਿਸਾਨ ਜਥੇਬੰਦੀਆਂ ਨੇ ਵਿਧਾਇਕਾਂ ਨੂੰ ਸੌਂਪੇ ਮੰਗ ਪੱਤਰ

**ਮਾਨਸਾ:** ਪੰਜਾਬ ਦੀਆਂ 16 ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਦੇ ਸਾਰੇ ਵਿਧਾਇਕਾਂ ਨੂੰ ਕਿਸਾਨਾਂ ਦੀਆਂ ਮੰਗਾਂ ਸਬੰਧੀ ਮੰਗ ਪੱਤਰ ਸੌਂਪੇ ਗਏ ਹਨ। ਜਥੇਬੰਦੀਆਂ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਨੂੰ ਕਿਸਾਨੀ ਮਸਲਿਆਂ ਦੇ ਹੱਲ ਲਈ ਮੰਗ ਪੱਤਰ ਰਾਹੀਂ 25 ਮਈ ਦਾ ਸਮਾਂ ਦੇਣਗੇ ਅਤੇ ਇਸ ਮਗਰੋਂ ਬਕਾਇਦਾ ਪੰਜਾਬ ਸਰਕਾਰ ਖਿਲਾਫ਼ ਸੰਘਰਸ਼ ਵਿੱਢਣਗੇ। ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ ਨੇ ਦੱਸਿਆ ਕਿ ਕਣਕ ਦਾ ਮੌਜੂਦਾ ਝਾੜ ਅਣਕਿਆਸੀ ਗਰਮੀ ਪੈਣ ਕਾਰਨ ਘਟਿਆ ਹੈ, ਜਿਸ ਦੀ ਭਰਪਾਈ ਲਈ 10 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇ ਤੇ ਅੱਗ ਕਾਰਨ ਨੁਕਸਾਨੀ ਕਣਕ ਦਾ 40 ਹਜ਼ਾਰ ਰੁਪਏ ਅਤੇ ਨਾੜ ਦਾ ਕਿਸਾਨਾਂ ਨੂੰ 10 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ। ਕਿਸਾਨ ਆਗੂ ਨੇ ਕਿਹਾ ਕਿ ਪੰਜਾਬ ਸਰਕਾਰ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਮੂੰਗੀ ਦਾ ਸਰਕਾਰੀ ਭਾਅ ਕੇਂਦਰ ਨਾਲ ਮਿਲ ਕੇ ਤੁਰਤ ਐਮ.ਐਸ.ਪੀ. ਵਜੋਂ ਨਿਰਧਾਰਿਤ ਕਰਵਾਏ।


## ਮਿਨੀਸੋਟਾ ਵਿਚ ਦੋ ਹੈਲਪਰਾਂ ਦੀ ਲੋੜ ਹੈ

ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ
ਦੋ ਤਜਰਬੇਕਾਰ ਹੈਲਪਰਾਂ ਦੀ ਲੋੜ ਹੈ।
ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ



*ਸੰਪਰਕ ਕਰੋ:*
**ਫੋਨ: 651-353-9584**
19-20



## ਟਰੱਕ ਵਾਸ਼ ਵਿਕਾਊ ਜਾਂ ਲੀਜ਼ 'ਤੇ ਉਪਲੱਬਧ ਹੈ

I-80 'ਤੇ 'ਟੂ ਵੇਅ' ਟਰੱਕ ਵਾਸ਼ ਵਿਕਾਊ ਜਾਂ ਲੀਜ਼ 'ਤੇ ਉਪਲੱਬਧ ਹੈ
ਚਾਹਵਾਨ ਸੰਪਰਕ ਕਰਨ
**ਫੋਨ: 815-603-5877**
19-22


## ਭੱਠਲ ਨੂੰ ਆਖਰ ਛੱਡਣੀ ਪਈ ਸਰਕਾਰੀ ਕੋਠੀ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਨੂੰ ਤਕਰੀਬਨ ਤਿੰਨ ਦਹਾਕੇ ਮਗਰੋਂ ਸਰਕਾਰੀ ਕੋਠੀ ਛੱਡਣੀ ਪਈ ਹੈ। ਹਾਰਾਂ-ਜਿੱਤਾਂ ਦਾ ਦੌਰ ਵੀ ਹੁਣ ਤੱਕ ਭੱਠਲ ਤੋਂ ਇਹ ਕੋਠੀ ਖਾਲੀ ਨਹੀਂ ਸੀ ਕਰਾ ਸਕਿਆ। 'ਆਪ' ਸਰਕਾਰ ਨੇ ਭੱਠਲ ਨੂੰ 5 ਮਈ ਤੱਕ ਸੈਕਟਰ ਦੋ ਵਿਚਲੀ ਕੋਠੀ ਨੰਬਰ ਅੱਠ ਨੂੰ ਖਾਲੀ ਕਰਨ ਦਾ ਨੋਟਿਸ ਜਾਰੀ ਕੀਤਾ ਸੀ। ਨੋਟਿਸ ਦੀ ਆਖਰੀ ਤਰੀਕ ਉਤੇ ਭੱਠਲ ਆਪਣਾ ਸਾਜੋ ਸਾਮਾਨ ਸਰਕਾਰੀ ਬੰਗਲੇ 'ਚੋਂ ਲੈ ਗਏ ਹਨ। ਬੀਬੀ ਭੱਠਲ ਕੋਲ ਬੇਸ਼ੱਕ ਸਰਕਾਰੀ ਕੋਠੀ 1992 ਤੋਂ ਸੀ ਪਰ ਮੌਜੂਦਾ ਕੋਠੀ ਨੰਬਰ ਅੱਠ ਕਰੀਬ ਅੱਠ ਵਰ੍ਹਿਆਂ ਮਗਰੋਂ ਖਾਲੀ ਕੀਤੀ ਹੈ। ਬੀਬੀ ਭੱਠਲ ਲਈ ਸਰਕਾਰੀ ਬੰਗਲਾ ਹਮੇਸ਼ਾ ਕਿਸੇ ਨਾ ਕਿਸੇ ਵਿਵਾਦ ਦਾ ਕਾਰਨ ਬਣਿਆ ਰਿਹਾ।

## ਮਿਸੀਸਿਪੀ ਦਰਿਆ ਵਿਚ ਡੁੱਬੇ 2 ਬੱਚਿਆਂ ਦੀਆਂ ਲਾਸ਼ਾਂ ਬਰਾਮਦ

**ਸੈਕਰਾਮੈਂਟੋ:** ਮਿਸੀਸਿੱਪੀ ਦਰਿਆ ਵਿਚ ਡੁੱਬੇ 3 ਬੱਚਿਆਂ ਵਿਚੋਂ 2 ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ ਜਦਕਿ ਤੀਸਰੇ ਬੱਚੇ ਦੀ ਭਾਲ ਜਾਰੀ ਹੈ। ਨਿਊ ਓਰਲੀਨਜ਼ ਦੇ ਮੇਅਰ ਨੇ ਇਹ ਜਾਣਕਾਰੀ ਦਿੱਤੀ ਹੈ। ਮੇਅਰ ਲਾਟੋਇਆ ਕੈਂਟਰੈਲ ਨੇ ਕਿਹਾ ਹੈ ਕਿ ਲੰਘੀ ਰਾਤ 14 ਸਾਲਾ ਬਰੈਂਡੀ ਵਿਲਸਨ ਨਾਮੀ ਲੜਕੀ ਦੀ ਲਾਸ਼ ਦਰਿਆ ਵਿਚੋਂ ਲੱਭ ਲਈ ਗਈ ਹੈ। ਪਿਛਲੇ ਮਹੀਨੇ ਦੇ ਅੰਤ ਵਿਚ ਨਿਊ ਓਰਲੀਨਜ਼ ਵਿਚ ਕਰੈਸੈਂਟ ਸ਼ਹਿਰ ਨਾਲ ਜੁੜਦੇ ਪੁਲ ਨੇੜੇ ਵਿਲਸਨ ਤੋਂ ਇਲਾਵਾ 15 ਸਾਲਾ ਕੈਵਿਨ ਪੂਲ ਜੂਨੀਅਰ ਤੇ 8 ਸਾਲਾ ਇਕ ਹੋਰ ਬੱਚੇ ਨੂੰ ਵੇਖਿਆ ਗਿਆ ਸੀ। ਬਾਅਦ ਵਿਚ ਕੈਵਿਨ ਦੀ ਦਰਿਆ ਵਿਚੋਂ ਲਾਸ਼ ਬਰਾਮਦ ਕਰ ਲਈ ਗਈ ਸੀ। ਮਿਲੀ ਜਾਣਕਾਰੀ ਅਨੁਸਾਰ ਤਿੰਨੇ ਬੱਚੇ ਦਰਿਆ ਨੇੜੇ ਖੇਡ ਰਹੇ ਸਨ ਕਿ ਉਨ੍ਹਾਂ ਵਿਚੋਂ ਇਕ ਲੜਕੀ ਦਰਿਆ ਵਿਚ ਡਿੱਗ ਗਈ, ਜਿਸ ਨੂੰ ਬਚਾਉਣ ਲਈ ਦੂਸਰੇ ਬੱਚੇ ਵੀ ਦਰਿਆ ਵਿਚ ਚਲੇ ਗਏ। ਮੇਅਰ ਕੈਂਟਰੈਲ ਨੇ ਕਿਹਾ ਹੈ ਕਿ ਉਹ ਪੀੜਤ ਪਰਿਵਾਰਾਂ ਦੇ ਦੁਖ ਵਿਚ ਸ਼ਰੀਕ ਹਨ।


# Matrimonials

## ਲੜਕੇ ਦੀ ਲੋੜ ਹੈ

Khatri Sikh Family looking for a USA Citizen, Green Card, H1 or Work Permit match for their 37 years, MBA, MS Finance, divorcee issueless USA Green Card holder daughter working USA Fortune 500 Company in New York upstate. Please contact us at: ajsw399@gmail.com or +1 913 602 9071
18-21

39 ਸਾਲਾ 5'2.5" ਅੰਮ੍ਰਿਤਧਾਰੀ ਪੋਸਟ ਗ੍ਰੈਜੂਏਟ ਅਮਰੀਕਾ ਵਿਚ ਗਰੀਨ ਕਾਰਡ ਹੋਲਡਰ ਤਲਾਕਸ਼ੁਦਾ ਲੜਕੀ ਲਈ 35 ਸਾਲ ਜਾਂ ਵੱਧ ਉਮਰ ਦੇ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਅਮਰੀਕਾ/ਕੈਨੇਡਾ ਨੂੰ ਪਹਿਲ। ਆਪਣਾ ਬਾਇਓਡਾਟਾ kaurgurvinder1965@yahoo.com 'ਤੇ ਭੇਜੋ। ਚਾਹਵਾਨ 734 968 1195 'ਤੇ ਛੇ ਵਜੇ ਤੋਂ ਸ਼ਾਮ 10 ਵਜੇ (*E.T.*) ਤੱਕ ਸੰਪਰਕ ਕਰ ਸਕਦੇ ਹਨ।
18-21

Ramgahria, Sikh family looking for USA or CANADA green card or PR holder match for their 1988 born 5`4" msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393
6-9

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5'2" working, Lives in Streamwood, IL, Grew up in India. Please Contact us at: 8583665909 and e-mail us at zor92126@yahoo.com

## ਲੜਕੀ ਦੀ ਲੋੜ ਹੈ

Jatt Sikh Canadian Parents Looking for a suitable match for their 45, 5'10" divorced son. For more information please contact us at po55ible@yahoo.com
20-23

Sikh Ramgarhia family looking for a simple Punjabi Girl in USA or Canada for their 36 years, 5' 10" son. Working as a professional CDL driver in Canada. Please contact us at: Hunjan.Inders@gmail.com

Sikh Kamboj family looking for Well educated girl for their B.Com, 29, 5'10" son, well settled (2 stores), Own home in Arkansas. Mom, dad & brother live in India.
Contact us at: 417-846-3741
**ਸਿੱਖ ਕੰਬੋਜ *29 ਸਾਲਾ 5'10"*, ਅਮਰੀਕਾ ਵਿਚ ਵਧੀਆ ਸਥਾਪਿਤ, ਆਪਣਾ ਬਿਜ਼ਨਸ ਕਰਦੇ ਬੀ. ਕਾਮ ਲੜਕੇ ਲਈ ਸੋਹਣੀ-ਸੁਨੱਖੀ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਇੰਡੀਆ ਵਿਚ ਹੈ। ਚਾਹਵਾਨ 417-846-3741 'ਤੇ ਸੰਪਰਕ ਕਰ ਸਕਦੇ ਹਨ।**
apr16- may16

Ravidasia Sikh Boy 27, 5'6" Data Analyst at Optum, part of United Health Group. Working and living in Chicago suburbs with elder brother, looking for a suitable match. Qualification: Master's degree in Industrial Engineering from New Jersey Institute of Technology, NJ and Bachelor's in Mechanical Engineering from Thapar University, Patiala, India. Contact us at: 312-909-3827 and bipinloi07@gmail.com
16-19

Sikh Ramgarhia family Looking for a simple Punjab Girl (21-28) in the USA or Canada for thier 28, 5'9" son. Masters Degree in Electrical Engineering. Working in the Automotive Industry. Please contact us at: MSLally1958@gmail.com"
14-17

Jatt Sikh family Looking for a U.S. Citizen or Green Card holder match for their U.S. Citizen, 28, 5'10" son, living in Maryland, USA. Majored in Information Systems, Currently working. Please contact us at deolsunny16@gmail.com
13-16

31 ਸਾਲਾ ਜੱਟ ਸਿੱਖ, 6" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ -ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ 779-861-3770 ਜਾਂ b.singh815.bs@gmial.com'ਤੇ ਸੰਪਰਕ ਕਰ ਸਕਦੇ ਹਨ।
feb-apr

Jatt Sikh family in search of an outgoing, educated, family-orientated, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨਵਜੋਤ ਸਿੱਧੂ ਦੀ ਭਗਵੰਤ ਮਾਨ ਨਾਲ ਮੁਲਾਕਾਤ ਨੇ ਛੇੜੀ ਚਰਚਾ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਦਰਮਿਆਨ ਪਲੇਠੀ ਮੁਲਾਕਾਤ ਵਿਚ 'ਨਵਾਂ ਪੰਜਾਬ' ਬਣਾਉਣ ਲਈ ਸਿਆਸੀ ਮਸ਼ਵਰੇ ਹੋਏ। ਪੰਜਾਹ ਮਿੰਟ ਦੀ ਮਿਲਣੀ ਵਿਚ ਨਵਜੋਤ ਸਿੱਧੂ ਨੇ ਭਗਵੰਤ ਮਾਨ ਅੱਗੇ ਆਪਣਾ 'ਪੰਜਾਬ ਮਾਡਲ' ਰੱਖਿਆ ਤਾਂ ਜੋ ਮੁੱਖ ਮੰਤਰੀ ਨੂੰ ਪੰਜਾਬ ਦੀ ਮੁੜ ਉਸਾਰੀ ਵਿਚ ਮਦਦ ਮਿਲ ਸਕੇ।

ਯਾਦ ਰਹੇ ਕਿ ਨਵਜੋਤ ਸਿੱਧੂ ਇਸ ਵੇਲੇ ਨਾ ਕਾਂਗਰਸ ਦੇ ਪ੍ਰਧਾਨ ਹਨ ਅਤੇ ਨਾ ਹੀ ਵਿਰੋਧੀ ਧਿਰ ਦੇ ਨੇਤਾ। ਸਿਰਫ ਕਾਂਗਰਸ ਦੇ ਇਕ ਆਗੂ ਹਨ ਜਿਨ੍ਹਾਂ ਦੀ ਮੁੱਖ ਮੰਤਰੀ ਭਗਵੰਤ ਮਾਨ ਨਾਲ ਮਿਲਣੀ ਤੋਂ ਸਿਆਸਤ ਵਿਚ ਹਲਚਲ ਪੈਦਾ ਹੋ ਗਈ ਹੈ।

ਮੁੱਖ ਮੰਤਰੀ ਭਗਵੰਤ ਮਾਨ ਨਵਜੋਤ ਸਿੰਘ ਸਿੱਧੂ ਨੂੰ ਇੱਥੇ ਸਿਵਲ ਸਕੱਤਰੇਤ ਵਿਚਲੇ ਮੁੱਖ ਮੰਤਰੀ ਦਫਤਰ ਵਿਚ ਮਿਲੇ ਅਤੇ ਇਸ ਮੀਟਿੰਗ ਨੂੰ ਪੰਜਾਬ ਦੀ ਸਿਆਸਤ ਵਿਚ ਨਵੇਂ ਕਦਮ ਵਜੋਂ



ਦੇਖਿਆ ਜਾ ਰਿਹਾ ਹੈ ਜਿੱਥੇ ਹਾਕਮ ਤੇ ਵਿਰੋਧੀ ਧਿਰ ਪੰਜਾਬ ਦੀ ਮੁੜ ਸਿਰਜਣਾ ਲਈ ਰਲ-ਮਿਲ ਕੇ ਵਧੀਆ ਕੰਮ ਕਰ ਸਕਦੀ ਹੈ।



ਮੁੱਖ ਮੰਤਰੀ ਦਫਤਰ ਬੇਸ਼ੱਕ ਇਸ ਮੀਟਿੰਗ ਬਾਰੇ ਚੁੱਪ ਹੈ ਪਰ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਮੀਟਿੰਗ ਦੌਰਾਨ ਆਇਆ ਬਿਆਨ ਆਮ ਆਦਮੀ ਪਾਰਟੀ ਦੇ ਨਜ਼ਰੀਏ ਨੂੰ ਪੇਸ਼ ਕਰਨ ਵਾਲਾ ਹੈ।

ਕੈਬਨਿਟ ਮੰਤਰੀ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਡੇ ਦਿਲ ਦੇ ਇਨਸਾਨ ਹਨ ਜੋ ਨਵਜੋਤ ਸਿੱਧੂ ਨੂੰ ਵੀ ਮਿਲਣ ਲਈ ਰਾਜ਼ੀ ਹੋ ਗਏ ਹਨ ਜਦੋਂ ਕਿ ਸਿੱਧੂ ਹਾਰੇ ਤੇ ਨਕਾਰੇ ਹੋਏ ਆਦਮੀ ਹਨ, ਉਹ ਤਾਂ ਵਿਧਾਇਕ ਜਾਂ ਐਮ.ਪੀ ਵੀ ਨਹੀਂ ਹਨ।

ਦੂਜੇ ਬੰਨੇ ਨਵਜੋਤ ਸਿੰਘ ਸਿੱਧੂ ਦੇ ਨੇੜਲੇ ਅਸ਼ਵਨੀ ਸੇਖੜੀ ਆਖਦੇ ਹਨ ਕਿ ਨਵਜੋਤ ਸਿੱਧੂ ਪਿਛਲੇ ਦਿਨੀਂ ਪੰਜਾਬ ਦੇ ਰਾਜਪਾਲ ਨੂੰ ਮਿਲੇ ਸਨ ਅਤੇ ਗਵਰਨਰ ਨੇ ਪੰਜਾਬ ਸਰਕਾਰ ਨੂੰ ਪੱਤਰ ਲਿਖਿਆ ਸੀ ਜਿਸ ਮਗਰੋਂ ਸਰਕਾਰ ਨੇ ਸਿੱਧੂ ਨੂੰ ਬੁਲਾਇਆ ਹੈ। ਮੁੱਖ ਮੰਤਰੀ ਦਫਤਰ ਦੇ ਸੂਤਰ ਆਖਦੇ ਹਨ ਕਿ ਨਵਜੋਤ ਸਿੱਧੂ ਕਈ ਦਿਨਾਂ ਤੋਂ ਮੁੱਖ ਮੰਤਰੀ ਨੂੰ ਮਿਲਣ ਲਈ ਸਮਾਂ ਮੰਗ ਰਹੇ ਸਨ।

## ਨਸ਼ਾ ਤਸਕਰਾਂ ਖਿਲਾਫ ਸਖਤੀ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਨਸ਼ਾ ਤਸਕਰਾਂ ਖਿਲਾਫ ਵੱਡੇ ਪੱਧਰ 'ਤੇ ਕਾਰਵਾਈ ਕਰਨ ਅਤੇ ਨਸ਼ਾ ਵਿਰੋਧੀ ਮੁਹਿੰਮ ਵਿਚ ਦਖਲਅੰਦਾਜ਼ੀ ਕਰਨ ਵਾਲੇ ਕਿਸੇ ਵੀ ਸਿਆਸੀ ਵਿਅਕਤੀ ਵਿਰੁੱਧ ਸ਼ਿਕੰਜਾ ਕਸਣ ਦੇ ਹੁਕਮ ਦਿੱਤੇ ਹਨ।

ਨਸ਼ਾ ਵਿਰੋਧੀ ਟਾਸਕ ਫੋਰਸ (ਐਸ.ਟੀ.ਐਫ.) ਦੇ ਮੁਖੀ ਹਰਪ੍ਰੀਤ ਸਿੱਧੂ ਦੀ ਅਗਵਾਈ 'ਚ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਭਗਵੰਤ ਮਾਨ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਡਰੱਗ ਮਾਫੀਆ ਨਾਲ ਮਿਲੀਭੁਗਤ ਸਾਹਮਣੇ ਆਉਣ 'ਤੇ ਕਿਸੇ ਵੀ ਸਿਆਸੀ ਵਿਅਕਤੀ ਜਾਂ ਅਧਿਕਾਰੀ ਨੂੰ ਕਿਸੇ ਵੀ ਕੀਮਤ ਉੱਤੇ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਕਿਹਾ ਕਿ ਉਹ ਬਿਨਾਂ ਕਿਸੇ ਸਿਆਸੀ ਦਬਾਅ ਦੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੇ ਇਕ ਨੁਕਾਤੀ ਏਜੰਡੇ ਉਤੇ ਕੰਮ ਕਰਨ। ਮੁੱਖ ਮੰਤਰੀ ਨੇ ਕਿਹਾ ਕਿ ਕੁਝ ਪੁਲਿਸ ਅਧਿਕਾਰੀ ਪਹਿਲਾਂ ਕੁਝ ਮਜਬੂਰੀਆਂ ਵਿਚ ਕੰਮ ਕਰ ਰਹੇ ਸਨ ਪਰ ਸਾਰੇ ਅਧਿਕਾਰੀ ਇਕੋ ਜਿਹੇ ਨਹੀਂ ਹਨ।

## ਇੰਗਲੈਂਡ 'ਚ ਪਹਿਲੀ ਦਸਤਾਰਧਾਰੀ ਕੌਂਸਲਰ ਬਣੀ ਕਮਲਪ੍ਰੀਤ

**ਚੰਡੀਗੜ੍ਹ:** ਪੰਜਾਬ ਦੀ ਜੰਮਪਲ ਕਮਲਪ੍ਰੀਤ ਕੌਰ ਨੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਦੇ ਹਲਕੇ ਵਿਚ ਉਸ ਦੇ ਹਮਾਇਤੀ ਨੂੰ ਕਰਾਰੀ ਹਾਰ ਦੇ ਕੇ ਪਹਿਲੀ ਵਾਰ ਦਸਤਾਰਧਾਰੀ ਕੌਂਸਲਰ ਬਣਨ ਦਾ ਮਾਣ ਪ੍ਰਾਪਤ ਕੀਤਾ ਹੈ। ਮੋਗਾ ਜ਼ਿਲ੍ਹੇ ਨਾਲ ਸਬੰਧਤ ਕਮਲਪ੍ਰੀਤ ਕੌਰ ਦੋ ਦਹਾਕਿਆਂ ਤੋਂ ਹਿਲਿੰਗਡੌਨ ਬਰੋ ਵਿਚ ਰਹਿ ਰਹੀ ਹੈ। ਕੋਲਮਪ੍ਰੀਤ ਨੇ ਵੂੱਡ ਐਂਡ ਵਾਰਡ ਤੋਂ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਦੇ ਸਮਰਥਕ ਨੂੰ 1100 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਇਸ ਚੋਣ ਵਿਚ ਕਮਲਪ੍ਰੀਤ ਸਮੇਤ ਲੇਬਰ ਪਾਰਟੀ ਦੇ ਚਾਰ ਉਮੀਦਵਾਰਾਂ ਨੇ ਪ੍ਰਧਾਨ ਮੰਤਰੀ ਦੀ ਪਾਰਟੀ ਦੇ ਉਮੀਦਵਾਰਾਂ ਨੂੰ ਹਰਾ ਕੇ ਇਤਿਹਾਸ ਸਿਰਜਿਆ ਹੈ।

ਲੰਡਨ ਵਿਚ ਪਹਿਲੀ ਦਸਤਾਰਧਾਰੀ ਕੌਂਸਲਰ ਬਣਨ ਦਾ ਮਾਣ ਹਾਸਲ ਕਰਨ ਵਾਲੀ ਕਮਲਪ੍ਰੀਤ ਕੌਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਸਿੱਖਿਆ ਹਾਸਲ ਕਰਨ ਮਗਰੋਂ ਇੰਗਲੈਂਡ ਚਲੀ ਗਈ ਸੀ, ਜਿੱਥੇ ਉਸ ਨੇ ਯੂਨੀਵਰਸਿਟੀ ਕਾਲਜ ਲੰਡਨ ਅਤੇ ਕੁਈਨਮੈਰੀ ਯੂਨੀਵਰਸਿਟੀ, ਲੰਡਨ ਤੋਂ ਉੱਚ ਸਿੱਖਿਆ ਹਾਸਲ ਕੀਤੀ। ਪੱਤਰਕਾਰ ਤੇ ਲੇਖਿਕਾ ਕਮਲਪ੍ਰੀਤ ਕੌਰ ਦਾ ਆਪਣੇ ਹਲਕੇ ਵਿਚ ਕਾਫੀ ਮਾਣ-ਸਤਿਕਾਰ ਹੈ। ਉਹ ਟਾਈਮਜ਼ ਆਫ ਇੰਡੀਆ 'ਚ ਨਿਊਜ਼ ਐਡੀਟਰ ਰਹੀ ਹੈ ਤੇ ਹੁਣ ਆਕਾਸ਼ ਰੇਡੀਓ ਤੇ ਟੀਵੀ ਇੰਗਲੈਂਡ ਦੀ ਮੁੱਖ ਪ੍ਰਬੰਧਕ ਵਜੋਂ ਕਾਰਜਸ਼ੀਲ ਹੈ। ਇੰਗਲੈਂਡ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਦੀ ਅਗਵਾਈ ਹੇਠ ਕੋਮਲਪ੍ਰੀਤ ਨੂੰ ਸਿੱਖ ਭਾਈਚਾਰੇ ਤੋਂ ਇਲਾਵਾ ਵੱਡੀ ਗਿਣਤੀ ਸਥਾਨਕ ਲੋਕਾਂ ਦੀ ਹਮਾਇਤ ਮਿਲੀ ਹੈ। ਉਸ ਦੀ ਜਿੱਤ 'ਤੇ ਇੰਗਲੈਂਡ ਵਸਦੇ ਭਾਰਤੀ ਭਾਈਚਾਰੇ ਨੇ ਖੁਸ਼ੀ ਮਨਾਈ ਹੈ।

## ਪੰਜਾਬ ਵਿਚ ਹਲਚਲ

*(ਪਹਿਲੇ ਸਫੇ ਦੀ ਬਾਕੀ)*

ਸਰਗਰਮੀਆਂ ਰੋਕਣਾ ਇਕੱਲੇ ਪੁਲਿਸ ਦੇ ਵੱਸ ਦੀ ਗੱਲ ਨਹੀਂ ਹਨ। ਪਰ ਬੀ.ਐਸ.ਐਫ. ਦਾ ਅਧਿਕਾਰੀ ਖੇਤਰ ਵਧਣ ਪਿੱਛੋਂ ਹਥਿਆਰ ਤੇ ਨਸ਼ਿਆਂ ਦੀ ਇਕਦਮ ਵਧੀ ਆਮਦ ਕਈ ਸਵਾਲ ਖੜ੍ਹੇ ਕਰਦੀ ਹੈ। ਇਸੇ ਦੌਰਾਨ ਪਾਬੰਦੀਸ਼ੁਦਾ ਵੱਖਵਾਦੀ ਸਮੂਹ 'ਸਿੱਖਸ ਫਾਰ ਜਸਟਿਸ' (ਐਸ.ਐਫ.ਜੇ.) ਨੇ ਆਡੀਓ ਸੰਦੇਸ਼ ਵਿਚ ਹਿਮਾਚਲ ਦੇ ਮੁੱਖ ਮੰਤਰੀ ਜੈ ਰਾਮ ਠਾਕੁਰ ਨੂੰ ਮੁਹਾਲੀ ਹਮਲੇ ਤੋਂ ਸਬਕ ਲੈਣ ਅਤੇ ਖਾਲਿਸਤਾਨ ਪੱਖੀ ਗਰੁੱਪ ਨਾਲ ਨਾ ਉਲਝਣ ਦੀ ਚਿਤਾਵਨੀ ਦਿੱਤੀ ਹੈ। ਰਾਜ ਦੇ ਕੁਝ ਪੱਤਰਕਾਰਾਂ ਨੂੰ ਭੇਜੇ ਆਡੀਓ ਸੰਦੇਸ ਵਿਚ ਜਥੇਬੰਦੀ ਦੇ ਜਨਰਲ ਕੌਂਸਲ ਗੁਰਪਤਵੰਤ ਸਿੰਘ ਪੰਨੂ ਨੇ ਠਾਕੁਰ ਨੂੰ ਧਮਕੀ ਦਿੱਤੀ ਕਿ ਜੇ ਉਹ ਧਰਮਸ਼ਾਲਾ ਵਿਚ ਖਾਲਿਸਤਾਨੀ ਝੰਡਾ ਲਹਿਰਾਉਣ ਵਿਰੁੱਧ ਕੋਈ ਕਾਰਵਾਈ ਕਰਦੇ ਹਨ ਤਾਂ ਇਸ ਦਾ ਜਵਾਬ ਹਿੰਸਾ ਵਿਚ ਦਿੱਤਾ ਜਾਵੇਗਾ। ਮੁਹਾਲੀ ਵਿਚ ਪੰਜਾਬ ਪੁਲਿਸ ਖੁਫੀਆ ਵਿਭਾਗ ਹੈੱਡਕੁਆਰਟਰ ਉਤੇ ਹਮਲੇ ਦਾ ਹਵਾਲਾ ਦਿੰਦੇ ਹੋਏ ਕਿਹਾ, 'ਇਹ ਸ਼ਿਮਲਾ ਵੀ ਹੋ ਸਕਦਾ ਸੀ।'

## ਸੁਪਰੀਮ ਕੋਰਟ ਵੱਲੋਂ ਮਜੀਠੀਆ ਦੀ ਪਟੀਸ਼ਨ ਸੁਣਨ ਤੋਂ ਨਾਂਹ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਉਸ ਪਟੀਸ਼ਨ ਉਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਵਿਚ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟਾਂਸਿਜ ਐਕਟ, 1985 ਤਹਿਤ ਪੰਜਾਬ ਪੁਲਿਸ ਵੱਲੋਂ ਦਰਜ ਕੀਤੇ ਗਏ ਕੇਸਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਸੀ। ਇਥੇ ਸੁਣਵਾਈ ਦੌਰਾਨ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਗਵਾਈ ਵਾਲੇ ਬੈਂਚ ਨੇ ਮਜੀਠੀਆ ਦੀ ਨੁਮਾਇੰਦਗੀ ਕਰਨ ਵਾਲੇ ਸੀਨੀਅਰ ਵਕੀਲ ਕਪਿਲ ਸਿੱਬਲ ਨੂੰ ਪੁੱਛਿਆ ਇੱਥੇ ਧਾਰਾ 32 ਦੇ ਤਹਿਤ ਰਿੱਟ ਪਟੀਸ਼ਨ ਕਿਉਂ? ਤੁਹਾਡੇ ਕੋਲ ਹੋਰ ਵੀ ਰਾਹ ਹਨ। ਕੀ ਤੁਸੀਂ ਹਾਈ ਕੋਰਟ ਨਹੀਂ ਜਾ ਸਕਦੇ?' ਸਿਖਰਲੀ ਅਦਾਲਤ ਨੇ ਕਿਹਾ ਕਿ ਪਟੀਸ਼ਨਰ ਮਜੀਠੀਆ ਐਫ.ਆਈ.ਆਰ. ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦੇ ਸਕਦਾ ਹੈ।

## ਫੋਟੋ ਪੱਤਰਕਾਰ ਦਾਨਿਸ਼ ਸਣੇ ਚਾਰ ਭਾਰਤੀਆਂ ਨੂੰ ਪੁਲਿਟਜ਼ਰ ਪੁਰਸਕਾਰ

**ਨਿਊ ਯਾਰਕ:** ਅਫਗਾਨਿਸਤਾਨ ਦੇ ਕੰਧਾਰ ਵਿਚ ਆਪਣਾ ਫਰਜ਼ ਨਿਭਾਉਂਦਿਆਂ ਜਾਨ ਦੇਣ ਵਾਲਾ ਭਾਰਤੀ ਫੋਟੋ ਜਰਨਲਿਸਟ ਦਾਨਿਸ਼ ਸਿਦੀਕੀ ਫੀਚਰ ਫੋਟੋਗ੍ਰਾਫੀ ਸ਼੍ਰੇਣੀ ਵਿਚ ਵੱਕਾਰੀ ਪੁਲਿਟਜ਼ਰ ਪੁਰਸਕਾਰ 2022 ਨਾਲ ਸਨਮਾਨਿਤ ਚਾਰ ਭਾਰਤੀਆਂ ਵਿਚੋਂ ਇਕ ਹੈ। ਸਿਦੀਕੀ ਅਤੇ ਉਸ ਦੇ ਸਾਥੀਆਂ ਅਦਨਾਨ ਆਬਿਦੀ, ਸਨਾ ਇਰਸਾਦ ਮੱਟੂ ਅਤੇ ਰਾਇਟਰਜ਼ ਨਿਊਜ਼ ਏਜੰਸੀ ਤੋਂ ਅਮਿਤ ਡੇਵ ਨੇ ਇਹ ਪੁਰਸਕਾਰ ਜਿੱਤਿਆ ਹੈ।

## ਅਕਾਲ ਤਖਤ ਦੇ ਜਥੇਦਾਰ 'ਤੇ ਬਾਦਲਾਂ ਦੀ ਮਦਦ ਕਰਨ ਦੇ ਦੋਸ਼

**ਬਠਿੰਡਾ:** ਸਿੱਖ ਜਥੇਬੰਦੀਆਂ ਨੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ 'ਤੇ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਪੈਰਾਂ ਸਿਰ ਕਰਨ ਲਈ ਮਦਦ ਕਰਨ ਦੇ ਦੋਸ਼ ਲਾਏ ਹਨ। ਯੂਨਾਈਟਿਡ ਅਕਾਲੀ ਦਲ, ਲੋਕ ਅਧਿਕਾਰ ਲਹਿਰ, ਕਿਰਤੀ ਅਕਾਲੀ ਦਲ ਅਤੇ ਸੁਤੰਤਰ ਅਕਾਲੀ ਦਲ ਦੇ ਆਗੂ ਗੁਰਦੀਪ ਸਿੰਘ ਬਠਿੰਡਾ, ਬਲਵਿੰਦਰ ਸਿੰਘ, ਬੂਟਾ ਸਿੰਘ ਰਣਸ਼ੀਂਹ ਅਤੇ ਪਰਮਜੀਤ ਸਿੰਘ ਸਹੌਲੀ ਨੇ ਸਾਂਝੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਸ਼੍ਰੋਮਣੀ ਅਕਾਲੀ ਦਲ ਵਿਚ ਜਾਨ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਅਕਾਲ ਤਖਤ ਅਤੇ ਸ਼੍ਰੋਮਣੀ ਕਮੇਟੀ ਨੂੰ ਪੰਥ ਧ੍ਰੋਹੀਆਂ ਤੇ ਭ੍ਰਿਸ਼ਟ ਟੋਲਿਆਂ ਤੋਂ ਮੁਕਤ ਕਰਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਹ ਦੋਵੇਂ ਸਿੱਖਾਂ ਦੀਆਂ ਮਹਾਨ ਸੰਸਥਾਵਾਂ ਹਨ ਪਰ ਇਨ੍ਹਾਂ ਦੇ ਮੁਖੀਆਂ ਨੇ ਪੰਥ ਅਤੇ ਪੰਜਾਬ ਦਾ ਬਹੁਤ ਵੱਡਾ ਨੁਕਸਾਨ ਕਰਨ ਵਾਲੇ ਬਾਦਲ ਪਰਿਵਾਰ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਕੰਮ ਕੀਤਾ ਹੈ। ਆਗੂਆਂ ਨੇ ਜਥੇਦਾਰ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਕਿ ਉਹ ਅਕਾਲੀ ਫੂਲਾ ਸਿੰਘ ਤੋਂ ਪ੍ਰੇਰਨਾ ਲੈਣ ਅਤੇ ਪੰਥ ਦੇ ਦੋਖੀ ਬਾਦਲ ਪਰਿਵਾਰ ਨੂੰ ਰਾਜਨੀਤੀ ਤੋਂ ਲਾਂਭੇ ਹੋਣ ਦਾ ਹੁਕਮ ਜਾਰੀ ਕਰਨ ਅਤੇ ਪੰਥ ਨੂੰ ਇਕੱਠਾ ਕਰਨ।

## ਰਾਜਸਥਾਨ 'ਚ ਪੰਜਾਬ ਪੁਲਿਸ ਖਿਲਾਫ ਅਗਵਾ ਦਾ ਕੇਸ

**ਹੁਸ਼ਿਆਰਪੁਰ:** ਰਾਜਸਥਾਨ ਦੇ 21 ਸਾਲਾ ਇਕ ਨੌਜਵਾਨ ਹਰਨੂਰ ਸਿੰਘ ਨੂੰ ਅਗਵਾ ਕਰਨ ਤੇ ਉਸ ਖਿਲਾਫ ਨਸ਼ਿਆਂ ਸਬੰਧੀ ਕੇਸ ਦਰਜ ਕਰਨ ਵਾਲੇ ਪੰਜਾਬ ਪੁਲਿਸ ਦੇ ਇਕ ਡੀ.ਐਸ.ਪੀ. ਤੇ ਇਕ ਇੰਸਪੈਕਟਰ ਸਮੇਤ 14 ਪੁਲਿਸ ਕਰਮੀਆਂ ਤੇ ਹੋਰ ਵਿਅਕਤੀਆਂ ਖਿਲਾਫ ਰਾਜਸਥਾਨ ਪੁਲਿਸ ਨੇ ਕੇਸ ਦਰਜ ਕੀਤਾ ਹੈ। ਹਰਨੂਰ ਸਿੰਘ ਖਿਲਾਫ ਹੁਸ਼ਿਆਰਪੁਰ ਦੇ ਸਦਰ ਥਾਣੇ 'ਚ 9 ਮਾਰਚ ਨੂੰ 10 ਕਿਲੋ ਅਫੀਮ ਸਣੇ ਕਾਬੂ ਕਰਨ ਸਬੰਧੀ ਕੇਸ ਦਰਜ ਕੀਤਾ ਸੀ।

## ਭਾਜਪਾ ਨੇ ਅਮਰਿੰਦਰ ਤੋਂ ਬਣਾਈ ਦੂਰੀ?

*(ਪਹਿਲੇ ਸਫੇ ਦੀ ਬਾਕੀ)*

ਪੈਦਾ ਹੋ ਗਏ ਹਨ। ਭਾਜਪਾ ਆਗੂ ਦਾ ਕਹਿਣਾ ਸੀ ਕਿ ਜਿਵੇਂ ਹੁਣ 'ਆਪ' ਸਰਕਾਰ ਭਾਜਪਾ ਕਾਰਕੁਨਾਂ ਨਾਲ ਵਧੀਕੀਆਂ ਕਰਨ 'ਤੇ ਉਤਰੀ ਹੈ, ਪਹਿਲਾਂ ਇਸੇ ਤਰ੍ਹਾਂ ਕੈਪਟਨ ਸਰਕਾਰ 'ਚ ਵੀ ਭਾਜਪਾ ਵਰਕਰਾਂ ਨਾਲ ਧੱਕੇਸ਼ਾਹੀ ਹੁੰਦੀ ਰਹੀ ਹੈ ਤੇ ਪੰਜਾਬ ਦੇ ਹਾਲਾਤ ਵਿਗਾੜਨ ਲਈ ਕੈਪਟਨ ਅਮਰਿੰਦਰ ਸਿੰਘ ਵੀ ਜ਼ਿੰਮੇਵਾਰ ਰਹੇ ਹਨ।

## ਬੱਗਾ ਨੂੰ ਰਾਹਤ; 5 ਜੁਲਾਈ ਤੱਕ ਗ੍ਰਿਫਤਾਰੀ 'ਤੇ ਰੋਕ

**ਮੁਹਾਲੀ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਭਾਜਪਾ ਆਗੂ ਤੇਜਿੰਦਰਪਾਲ ਸਿੰਘ ਬੱਗਾ ਦੀ ਗ੍ਰਿਫਤਾਰੀ 'ਤੇ 5 ਜੁਲਾਈ ਤੱਕ ਰੋਕ ਲਗਾ ਦਿੱਤੀ ਹੈ। ਬੱਗਾ ਵਿਰੁੱਧ ਪੰਜਾਬ ਪੁਲਿਸ ਦੇ ਸਟੇਟ ਸਾਈਬਰ ਸੈੱਲ ਥਾਣੇ ਵਿਚ ਅਪਰਾਧਿਕ ਪਰਚਾ ਦਰਜ ਕੀਤਾ ਗਿਆ ਸੀ। ਪੁਲਿਸ ਨੇ ਇਸ ਮਾਮਲੇ ਵਿਚ ਉਸ ਦੀ ਗ੍ਰਿਫਤਾਰੀ ਪਾ ਲਈ ਸੀ ਪਰ ਕੁਝ ਘੰਟਿਆਂ ਮਗਰੋਂ ਦਿੱਲੀ ਪੁਲਿਸ ਨੇ ਉਸ ਨੂੰ ਜਬਰਦਸਤੀ ਰਿਹਾਅ ਕਰਵਾ ਲਿਆ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |



ਰੇਡੀਓ ਚੰਨ ਪ੍ਰਦੇਸੀ
Radio Chann Pardesi
DJ SONI
RADIO CHANN PARDESI & SONI ENTERTAINMENT
PRESENTS
Malwa
TICKETS AVAILABLE
WWW.TICKETMASTER.COM
KARAN AUJLA
WAY AHEAD
SATURDAY 14TH MAY 2022 @8PM
Clowes Memorial Hall
4602 Sunset Ave, Indianapolis, IN 46208
HOST
JESSICA
DARSHAN BASRAON 815 557 4991 | DJ SONI 513 600 4447
JASPREET GOLEWALA 317 410 9173
GRAND ,GOLD ,PLATINUM,GUEST OF HONOR
JP KHAIRA
AMARJEET DHINDSA
LAKHBIR DHINDSA
PAUL TAKHAR
RANJEET TAKHAR
JESSE MANN
HAPPY HEER
BHUPINDER SODHI
PARMINDER TAKHAR
AMARJIT TAKHAR
BOBBY CHEEMA
YADWINDER SOHI
PRESTIGE FREIGHT
NOW HIRING
BHANGRA ACADEMY
SHOW PARTNER
KUMAR WEDDING PHOTOGRAPHY
SHOW PARTNER
Blue Diamond
BANQUET HALL & CATERING
Mela
INDIAN RESTAURANT • PUB
BEN SINGH BASHAL
MANPREET SINGH
SILVER SPONSOR
Sandhu CPA
TRIDENT INSURANCE
Transportation Insurance
DOT Safety & Compliance Services
Balsharn Brar
JESSE LALLI
DEOL SIGNS AND WRAPS
317-610-9396
SINGH FINANCING

# ਅਮੋਲਕ ਸਿੰਘ ਜੰਮੂ ਦੀ ਪਹਿਲੀ ਬਰਸੀ ਮੌਕੇ ਸ਼ਰਧਾਂਜਲੀਆਂ

## ਪਾਠਕਾਂ ਤੇ ਸ਼ੁਭ ਚਿੰਤਕਾਂ ਵਲੋਂ 'ਪੰਜਾਬ ਟਾਈਮਜ਼' ਦੇ ਨਾਲ ਹਮੇਸ਼ਾ ਖੜ੍ਹਨ ਦਾ ਅਹਿਦ





*ਪ੍ਰੋਗਰਾਮ ਦੌਰਾਨ ਭਾਈ ਮਹਿੰਦਰ ਸਿੰਘ ਤੇ ਭਾਈ ਰਜਿੰਦਰ ਸਿੰਘ ਦੇ ਜਥੇ ਕੀਰਤਨ ਤੇ ਭਾਈ ਪਰਮਿੰਦਰਜੀਤ ਸਿੰਘ ਕਥਾ ਕਰਦੇ ਹੋਏ*

**ਸ਼ਿਕਾਗੋ:** ਲੰਘੀ 30 ਅਪਰੈਲ ਨੂੰ 'ਪੰਜਾਬ ਟਾਈਮਜ਼' ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਦੀ ਪਹਿਲੀ ਬਰਸੀ ਮੌਕੇ ਗੁਰਦੁਆਰਾ ਪੈਲਾਟਾਈਨ ਵਿਖੇ ਕੀਰਤਨੀ ਜਥਿਆਂ, ਬੁਲਾਰਿਆਂ ਅਤੇ ਸੰਗਤਾਂ ਨੇ ਵਿਛੜੀ ਰੂਹ ਨੂੰ ਅਕੀਦਤ ਦੇ ਫੁਲ ਭੇਟ ਕੀਤੇ। ਜ਼ਿਕਰਯੋਗ ਹੈ ਕਿ ਸ. ਅਮੋਲਕ ਸਿੰਘ ਜੰਮੂ ਦਾ ਪਿਛਲੇ ਵਰ੍ਹੇ 20 ਅਪਰੈਲ, 2021 ਨੂੰ ਦੇਹਾਂਤ ਹੋ ਗਿਆ ਸੀ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਅਤੇ ਵ੍ਹੀਟਨ ਗੁਰਦੁਆਰਾ ਸਾਹਿਬ ਦੇ ਮੁਖ ਸੇਵਾਦਾਰ ਭਾਈ ਮਹਿੰਦਰ ਸਿੰਘ ਦੇ ਕੀਰਤਨੀ ਜਥੇ ਨੇ ਰਸਭਿੰਨਾ ਤੇ ਵੈਰਾਗਮਈ ਕੀਰਤਨ ਕੀਤਾ, ਅਤੇ ਭਾਈ ਪ੍ਰਮਿੰਦਰਜੀਤ ਸਿੰਘ ਨੇ ਕਥਾ ਰਾਹੀਂ ਸੰਗਤ ਨੂੰ ਨਿਹਾਲ ਕੀਤਾ।

ਭਾਈ ਮਹਿੰਦਰ ਸਿੰਘ ਨੇ ਆਪਣੀ ਸਾਰੀ ਭੇਟਾ 'ਪੰਜਾਬ ਟਾਈਮਜ਼' ਨੇ ਨਾਮ ਕਰਦਿਆਂ ਅਖਬਾਰ ਪ੍ਰਤੀ ਆਪਣੇ ਸਨੇਹ ਦਾ ਇਜ਼ਹਾਰ ਵੀ ਕੀਤਾ। ਇਸ ਮੌਕੇ 'ਪੰਜਾਬ ਟਾਈਮਜ਼' ਦੀ ਸਲਾਹਕਾਰ ਕਮੇਟੀ ਦੇ ਮੈਂਬਰਾਂ ਤੋਂ ਇਲਾਵਾ ਸ. ਅਮੋਲਕ ਸਿੰਘ ਜੰਮੂ ਦੇ ਦੋਸਤਾਂ, ਸ਼ੁਭ ਚਿੰਤਕਾਂ ਅਤੇ ਅਖਬਾਰ ਦੇ ਵੱਡੀ ਗਿਣਤੀ ਚੇਤੰਨ ਪਾਠਕਾਂ ਨੇ ਹਾਜ਼ਰੀ ਭਰਦਿਆਂ 'ਪੰਜਾਬ ਟਾਈਮਜ਼' ਦੇ ਨਾਲ ਹਮੇਸ਼ਾ ਖੜ੍ਹਨ ਦਾ ਅਹਿਦ ਕੀਤਾ।

ਇਸ ਮੌਕੇ ਜਿੱਥੇ ਬੁਲਾਰਿਆਂ ਨੇ ਸ. ਅਮੋਲਕ ਸਿੰਘ ਜੰਮੂ ਨੂੰ ਪੰਜਾਬੀ ਪੱਤਰਕਾਰੀ ਦਾ 'ਅਮੋਲਕ ਹੀਰਾ' ਕਹਿ ਕੇ ਉਨ੍ਹਾਂ ਨਾਲ ਜੁੜੀਆਂ ਯਾਦਾਂ ਨੂੰ ਸਾਂਝਾ ਕੀਤਾ, ਉਥੇ 'ਪੰਜਾਬ ਟਾਈਮਜ਼' ਦੇ ਜ਼ਰੀਏ ਉਨ੍ਹਾਂ ਵਲੋਂ ਪੰਜਾਬੀ ਪੱਤਰਕਾਰੀ ਦੀਆਂ ਸਥਾਪਿਤ ਕੀਤੀਆਂ ਕਦਰਾਂ-ਕੀਮਤਾਂ ਅਤੇ ਉਚ ਮਿਆਰ ਬਾਰੇ ਵੀ ਵਿਚਾਰ ਸਾਂਝੇ ਕੀਤੇ। ਇਸ ਦੇ ਨਾਲ ਹੀ 'ਪੰਜਾਬ ਟਾਈਮਜ਼' ਦੇ ਸ਼ੁਰੂਆਤੀ ਦੌਰ ਵਿਚ ਸ. ਅਮੋਲਕ ਸਿੰਘ ਜੰਮੂ ਵਲੋਂ ਪਰਾਈ ਧਰਤੀ 'ਤੇ ਆ ਕੇ ਪੰਜਾਬੀ ਪੱਤਰਕਾਰੀ ਅਤੇ ਮਾਂ ਬੋਲੀ ਪੰਜਾਬੀ ਦੀ ਸੇਵਾ ਲਈ ਕੀਤੀ ਘਾਲਣਾ ਅਤੇ ਸੰਘਰਸ਼ ਬਾਰੇ ਜਸ ਟੀ.ਵੀ. ਵਲੋਂ ਵਿਸਥਾਰਤ ਚਰਚਾ ਕਰਵਾਈ ਗਈ।

ਗੁਰਦੁਆਰਾ ਪੈਲਾਟਾਈਨ ਦੇ ਸਕੱਤਰ ਸ. ਤਰਲੋਚਨ ਸਿੰਘ ਮੁਲਤਾਨੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦਿਆਂ ਸ. ਜੰਮੂ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਵਖ ਵਖ ਬੁਲਾਰਿਆਂ ਨੂੰ ਵਿਛੜੀ ਰੂਹ ਨੂੰ ਅਕੀਦਤ ਦੇ ਫੁਲ ਭੇਟ ਕਰਨ ਲਈ ਸੱਦਾ ਦਿੱਤਾ। ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਗੁਰਮੁਖ ਸਿੰਘ ਭੁੱਲਰ ਨੇ ਕਿਹਾ ਕਿ ਦੁਨੀਆ ਇਕ ਮੇਲਾ ਹੈ ਤੇ ਮੇਲੇ ਵਾਂਗ ਹੀ ਦੁਨੀਆ 'ਚ ਵੱਡੀ ਭੀੜ ਹੁੰਦੀ ਹੈ, ਜਿਸ ਵਿਚ ਕੁਝ ਲੋਕ ਧੱਕੇ ਖਾਂਦੇ ਹਨ ਤੇ ਕੁਝ ਧੱਕੇ ਮਾਰਦੇ ਹਨ, ਪਰ ਕੁਝ ਸ਼ਖ਼ਸੀਅਤਾਂ ਅਜਿਹੀਆਂ ਹੁੰਦੀਆਂ ਹਨ, ਜੋ ਇਸ ਦੁਨੀਆ ਰੂਪੀ ਮੇਲੇ ਵਿਚੋਂ ਜਦੋਂ ਚਲੀਆਂ ਜਾਂਦੀਆਂ ਹਨ ਤਾਂ ਉਨ੍ਹਾਂ ਦੀ ਘਾਟ ਹਮੇਸ਼ਾ ਰੜਕਦੀ ਰਹਿੰਦੀ ਹੈ। ਅਜਿਹੀ ਹੀ ਵਿਲੱਖਣ ਸ਼ਖ਼ਸੀਅਤ ਸਨ ਸ. ਅਮੋਲਕ ਸਿੰਘ ਜੰਮੂ, ਜਿਨ੍ਹਾਂ ਨੂੰ ਇਸ ਫਾਨੀ ਸੰਸਾਰ ਤੋਂ ਗਿਆਂ ਭਾਵੇਂ ਸਾਲ ਬੀਤ ਗਿਆ ਹੈ ਪਰ ਅਜੇ ਵੀ ਉਨ੍ਹਾਂ ਦੇ ਕੀਤੇ ਕੰਮ ਤੇ ਸਿਧਾਂਤ ਸਾਡਾ ਮਾਰਗ ਦਰਸ਼ਨ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਕਿਵੇਂ ਉਨ੍ਹਾਂ ਹਰਿਆਣਾ ਦੇ ਇਕ ਛੋਟੇ ਜਿਹੇ ਪਿੰਡ ਕੁਤਾਵੱਢ ਤੋਂ ਅਮਰੀਕਾ ਦੀ ਧਰਤੀ 'ਤੇ ਸ਼ਿਕਾਗੋ ਆ ਕੇ ਅਖਬਾਰ ਸ਼ੁਰੂ ਕੀਤਾ, ਜਿਸ ਸਦਕਾ ਹੀ ਇਕ ਪਰਿਵਾਰ ਦੇ ਰੂਪ 'ਚ ਸੰਗਤ ਉਨ੍ਹਾਂ ਨੂੰ ਯਾਦ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਕਿੰਜ ਸ. ਅਮੋਲਕ ਸਿੰਘ ਨੇ 'ਪੰਜਾਬ ਟਾਈਮਜ਼' ਦਾ ਬੂਟਾ ਲਾਇਆ, ਜਿਸ ਦੀ ਛਾਂ ਅੱਜ ਵੀ ਅਸੀਂ ਮਾਣ ਰਹੇ ਹਾਂ। ਉਨ੍ਹਾਂ ਦੀ ਪੰਜਾਬੀ ਭਾਸ਼ਾ ਨੂੰ ਦੇਣ ਨੂੰ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਭਾਈਚਾਰੇ ਨੂੰ 'ਪੰਜਾਬ ਟਾਈਮਜ਼' ਦੀ ਚੜ੍ਹਦੀ ਕਲਾ ਲਈ ਬਣਦਾ ਸਹਿਯੋਗ ਦੇਣ ਦੀ ਅਪੀਲ ਵੀ ਕੀਤੀ।





ਖਰਾਬ ਮੌਸਮ ਦੇ ਬਾਵਜੂਦ ਵਿਸ਼ੇਸ਼ ਤੌਰ 'ਤੇ ਮਿਲਵਾਕੀ ਤੋਂ ਆਏ ਸ. ਹਰਵਿੰਦਰ ਸਿੰਘ ਆਹੂਜਾ ਨੇ ਸ. ਜੰਮੂ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਸੱਤ ਸਮੁੰਦਰੋਂ ਪਾਰ ਮਾਂ ਬੋਲੀ ਦੀ ਸੇਵਾ ਕੀਤੀ। ਉਨ੍ਹਾਂ ਅਖਬਾਰ ਦੇ ਸ਼ੁਰੂਆਤੀ ਦਿਨਾਂ ਬਾਰੇ ਦੱਸਿਆ ਕਿ ਕਿੰਜ ਛੋਟੇ ਸਾਈਜ਼ ਤੋਂ ਸ਼ੁਰੂ ਹੋਇਆ 'ਪੰਜਾਬ ਟਾਈਮਜ਼' ਸ. ਜੰਮੂ ਦੀ ਯੋਗ ਅਗਵਾਈ ਹੇਠ ਹੁਣ 32 ਸਫਿਆਂ ਦਾ ਬਹੁਤ ਹੀ ਸ਼ਾਨਦਾਰ ਅਖਬਾਰ ਹੈ। ਅਖਬਾਰ ਨੂੰ ਭਰਪੂਰ ਪਿਆਰ ਦੇਣ ਲਈ ਉਨ੍ਹਾਂ ਪਾਠਕਾਂ ਦਾ ਧੰਨਵਾਦ ਕੀਤਾ ਤੇ ਆਖਿਆ ਕਿ ਅਖਬਾਰ ਚਲਾਉਣ ਲਈ ਬਜਟ ਬਹੁਤ ਜ਼ਰੂਰੀ ਹੈ, ਜਿਸ ਲਈ ਸਭਨਾਂ ਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਉਹ ਵਧੀਆ ਪ੍ਰਬੰਧਕ ਸਨ, ਜਿਨ੍ਹਾਂ ਨੇ ਨਾਸਾਜ਼ ਸਿਹਤ ਦੇ ਬਾਵਜੂਦ ਹੌਸਲਾ ਨਹੀਂ ਹਾਰਿਆ। ਉਹ ਕਹਿੰਦੇ ਹੁੰਦੇ ਸਨ ਕਿ ਮੌਤ ਵੀ ਉਨ੍ਹਾਂ ਦਾ ਜਿਊਣ ਦਾ ਜਜ਼ਬਾ ਦੇਖ ਕੇ ਉਨ੍ਹਾਂ ਤੋਂ ਡਰਦੀ ਹੈ। ਉਨ੍ਹਾਂ ਵਿਸ਼ਵਾਸ ਤੇ ਆਸ ਨਾਲ ਕੰਮ ਜਾਰੀ ਰੱਖਿਆ।

ਸ. ਕੁਲਦੀਪ ਸਿੰਘ ਸਰਾਂ ਨੇ ਉਨ੍ਹਾਂ ਨਾਲ ਆਪਣੀਆਂ ਯਾਦਾਂ ਸਾਂਝੇ ਕਰਦਿਆਂ ਕਿਹਾ ਕਿ ਭਾਵੇਂ ਉਮਰ ਵਿਚ ਉਹ ਮੇਰੇ ਤੋਂ ਛੋਟੇ ਸਨ ਪਰ ਮੈਂ ਉਨ੍ਹਾਂ ਦੇ ਕਿਰਦਾਰ, ਸ਼ਖਸੀਅਤ ਤੇ ਜੱਦੋ-ਜਹਿਦ ਕਰ ਕੇ ਹਮੇਸ਼ਾ ਭਾਅ ਜੀ ਕਹਿ ਕੇ ਬੁਲਾਉਂਦਾ। ਉਨ੍ਹਾਂ ਨਾਲ ਮੁਲਾਕਾਤਾਂ ਦੌਰਾਨ ਮੈਂ ਮਹਿਸੂਸ ਕੀਤਾ ਕਿ ਉਨ੍ਹਾਂ ਦੀ ਸ਼ਖਸੀਅਤ 'ਤੇ ਗੁਰਬਾਣੀ ਉਨਾਂ ਨੇਗੁਰਬਾਣੀ ਦੇ ਸੰਦੇਸ਼ ਦਾ ਸਹੀ ਮਾਅਨਿਆਂ ਵਿਚ ਪ੍ਰਭਾਵ ਹੈ। ਨਾ ਕਦੇ ਰੱਬ ਕੋਲੋਂ ਕੁਛ ਮੰਗਿਆ ਤੇ ਨਾ ਹੀ ਕਦੇ ਕੋਈ ਸ਼ਿਕਾਇਤ ਕੀਤੀ। ਉਸ ਦੀ ਰਜ਼ਾ ਵਿਚ ਆਪਣੀ ਰਜ਼ਾ ਸਮਝ ਕੇ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹੇ। ਨਾਮੁਰਾਦ ਬਿਮਾਰੀ ਦੇ ਬਾਵਜੂਦ ਸ. ਜੰਮੂ ਨੂੰ ਪੱਤਰਕਾਰੀ ਦਾ ਜਨੂੰਨ ਸੀ ਤੇ **ਉਨ੍ਹਾਂ** ਪੂਰੇ ਸਿਰੜ ਨਾਲ ਆਪਣਾ ਕੰਮ ਕੀਤਾ। ਸਾਨੂੰ ਪੰਜਾਬੀ ਮਾਂ ਬੋਲੀ ਤੇ ਸਾਹਿਤ ਨਾਲ ਜੋੜਿਆ ਤੇ ਸਾਡੇ ਤੱਕ ਦੁਨੀਆ ਭਰ ਦੀਆਂ ਖਬਰਾਂ 'ਪੰਜਾਬ ਟਾਈਮਜ਼' ਦੇ ਜ਼ਰੀਏ ਪਹੁੰਚਾਉਂਦੇ ਰਹੇ।

ਇੰਡੀਆਨਾ ਤੋਂ ਸ਼ਰਧਾਂਜਲੀ ਸਮਾਗਮ ਵਿਚ ਸ਼ਾਮਲ ਹੋਣ ਲਈ ਵਿਸ਼ੇਸ਼ ਤੌਰ 'ਤੇ ਆਏ ਸ. ਰਵਿੰਦਰ ਸਹਿਰਾਅ ਨੇ ਦੱਸਿਆ ਕਿ ਸ. ਅਮੋਲਕ ਸਿੰਘ ਜੰਮੂ ਦੀ ਜ਼ਿੰਦਗੀ ਬਹੁਤ ਹੀ ਸੰਘਰਸ਼ਸ਼ੀਲ ਸੀ। 1999-2000 'ਚ ਜਦੋਂ ਉਨ੍ਹਾਂ ਨੂੰ ਪਹਿਲੀ ਵਾਰ ਮਿਲਣ ਦਾ ਮੌਕਾ ਮਿਲਿਆ ਤਾਂ ਉਹ ਉਨ੍ਹਾਂ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਰੂਸੀ ਨਾਵਲ 'ਅਸਲੀ ਮਨੁਖ ਦੀ ਕਹਾਣੀ' ਦੇ ਮੁੱਖ ਕਿਰਦਾਰ ਨਾਲ ਸ. ਜੰਮੂ ਦੀ ਤੁਲਨਾ ਕੀਤੀ। 'ਪੰਜਾਬ ਟਾਈਮਜ਼' ਦੇ ਵਡੇ ਮਦਾਹ ਸ. ਅਵਤਾਰ ਸਿੰਘ ਸਪਰਿੰਗਫੀਲਡ ਨੇ ਸ. ਅਮੋਲਕ ਸਿੰਘ ਜੰਮੂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਦੀਆਂ ਖ਼ੂਬਸੂਰਤ ਯਾਦਾਂ ਤਾਜ਼ਾ ਕੀਤੀਆਂ ਅਤੇ ਕਿਹਾ ਕਿ ਕਿਵੇਂ ਹਰ ਸਾਲ ''ਪੰਜਾਬ ਟਾਈਮਜ਼' ਨਾਈਟ' 'ਤੇ ਸ਼ਿਕਾਗੋ 'ਚ ਰੌਣਕਾਂ ਲੱਗਦੀਆਂ ਸਨ। ਉਹ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹਿੰਦੇ ਸਨ ਤੇ ਉਨ੍ਹਾਂ ਦਾ ਘੇਰਾ ਬਹੁਤ ਵਿਸ਼ਾਲ ਸੀ। ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਮਿਡਵੈਸਟ ਦਾ ਸਾਰਾ ਪੰਜਾਬੀ ਭਾਈਚਾਰਾ ''ਪੰਜਾਬ ਟਾਈਮਜ਼' ਦੇ ਨਾਲ ਹੈ।

ਅਖੀਰ ਵਿਚ ਗੁਰਦੁਆਰਾ ਪੈਲਾਟਾਈਨ ਦੇ ਪ੍ਰਧਾਨ ਸ. ਜੈਰਾਮ ਸਿੰਘ ਕਾਹਲੋਂ, ਜੋ ਸ. ਜੰਮੂ ਦੇ ਕਾਫੀ ਕਰੀਬ ਸਨ, ਨੇ ਯਾਦ ਕਰਦਿਆਂ ਕਿਹਾ ਕਿ ਭਾਅ ਜੀ ਅਮੋਲਕ ਸਿੰਘ ਦਾ ਦੂਜਾ ਨਾਂ 'ਪੰਜਾਬ ਟਾਈਮਜ਼' ਹੈ। ਭਾਵੇਂ ਉਹ ਆਪ ਹੁਣ ਸਾਡੇ ਵਿਚ ਨਹੀਂ, ਪਰ 'ਪੰਜਾਬ ਟਾਈਮਜ਼' ਹਮੇਸ਼ਾ ਸਾਡੇ ਵਿਚਕਾਰ ਰਹੇਗਾ। ਉਨ੍ਹਾਂ 'ਪੰਜਾਬ ਟਾਈਮਜ਼' ਰਾਹੀਂ ਭਾਈਚਾਰੇ ਦੇ ਲੋਕਾਂ ਵਿਚ ਸਾਂਝ ਬਣਾਈ। ਇਸ ਕਰਕੇ ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਇਸ ਲਈ ਆਪਣਾ ਯੋਗਦਾਨ ਪਾਈਏ। ਉਨ੍ਹਾਂ ਦੱਸਿਆ ਕਿ 'ਪੰਜਾਬ ਟਾਈਮਜ਼' ਸ਼ਿਕਾਗੋ ਵਿਚ ਗੁਰਮੁਖੀ ਲਿਪੀ ਦਾ ਪਹਿਲਾ ਅਖਬਾਰ ਹੈ, ਜਿਸ ਨੂੰ ਹਰ ਵਰਗ ਤੇ ਉਮਰ ਦੇ ਲੋਕ ਪੜ੍ਹਦੇ ਹਨ ਤੇ ਗੁਰਮੁਖੀ ਲਿਪੀ ਨਾਲ ਜੁੜਨਾ, ਗੁਰੂ ਨਾਲ ਜੁੜਨ ਦਾ ਪਹਿਲਾ ਕਦਮ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਦਾ ਜੀਵਨ ਸਾਡੇ ਲਈ ਚਾਨਣ-ਮੁਨਾਰਾ ਹੈ। ਉਹ ਮੁਸ਼ਕਲ ਤੋਂ ਘਬਰਾਉਂਦੇ ਨਹੀਂ ਸਨ, ਸਗੋਂ ਹਰ ਚੈਲੇਂਜ ਅੱਗੇ ਡਟ ਕੇ ਖੜ੍ਹ ਜਾਂਦੇ ਸਨ, ਜਿਸ ਤੋਂ ਸਾਨੂੰ ਸਾਰਿਆਂ ਨੂੰ ਸਿੱਖਣ ਦੀ ਲੋੜ ਹੈ। ਉਨ੍ਹਾਂ ਅਰਦਾਸ ਕੀਤੀ ਕਿ ਪਰਮਾਤਮਾ ਉਨ੍ਹਾਂ ਦੀ ਸੋਚ ਨੂੰ ਸਾਡੇ ਵਿਚ ਕਾਇਮ ਕਰੇ ਤੇ ਉਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

ਬਹੁਤ ਸਾਰੀਆਂ ਸੰਗਤਾਂ ਮਿਸ਼ੀਗਨ, ਓਹਾਇਓ, ਇੰਡੀਆਨਾ ਤੋਂ ਹਾਜ਼ਰੀ ਭਰ ਕੇ ਵਿਛੜੀ ਰੂਹ ਨੂੰ ਯਾਦ ਕਰਨਾ ਲੋਚਦੀਆਂ ਸਨ, ਜੋ ਖਰਾਬ ਮੌਸਮ ਕਰਕੇ ਨਾ ਪਹੁੰਚ ਸਕੀਆਂ, ਪਰ ਉਨ੍ਹਾਂ ਫੋਨ ਅਤੇ ਈਮੇਲਾਂ ਰਾਹੀਂ ਸ. ਅਮੋਲਕ ਸਿੰਘ ਨੂੰ ਯਾਦ ਕੀਤਾ।

ਜਸ ਟੀ-ਵੀ. ਵਲੋਂ ਸਾਰੇ ਪ੍ਰੋਗਰਾਮ ਦੀ ਕਵਰੇਜ ਕੀਤੀ ਗਈ। ਪੈਲਾਟਾਈਨ ਦੀਆਂ ਮੁੱਖ ਸ਼ਖਸੀਅਤਾਂ ਮੇਜਰ ਗੁਰਚਰਨ ਸਿੰਘ ਝੱਜ, ਰਛਪਾਲ ਸਿੰਘ ਬਾਜਵਾ, ਭੁਪਿੰਦਰ (ਬੌਬ) ਹੁੰਦਲ, ਡਾ. ਗੁਰਮੁਖਪਾਲ ਸਿੰਘ, ਗੁਰ ਸਿੰਘ, ਡਾ. ਪ੍ਰਦੀਪ ਗਿੱਲ, ਮਨਜੀਤ ਸਿੰਘ ਗਿੱਲ, ਲਖਬੀਰ ਸਿੰਘ ਸੰਧੂ, ਗੁਰਮੇਲ ਸਿੰਘ ਕੰਗ, ਸਤਨਾਮ ਸਿੰਘ ਔਲਖ ਨੇ ਸ. ਅਮੋਲਕ ਸਿੰਘ ਜੰਮੂ ਦੀ ਪੰਜਾਬੀ ਪੱਤਰਕਾਰੀ ਨੂੰ ਦੇਣ ਅਤੇ ਪੰਜਾਬੀ ਭਾਈਚਾਰੇ ਦੇ ਸਹਿਯੋਗ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਜਸ ਟੀਵੀ ਨਾਲ ਗੱਲਬਾਤ ਕਰਦਿਆਂ ਅਮੋਲਕ ਸਿੰਘ ਜੰਮੂ ਦੀ ਧਰਮ ਪਤਨੀ ਜਸਪ੍ਰੀਤ ਕੌਰ ਨੇ 'ਪੰਜਾਬ ਟਾਈਮਜ਼' ਨੂੰ ਕਰੋਨਾ ਮਗਰੋਂ ਮੁੜ ਬੁਲੰਦੀਆਂ 'ਤੇ ਪਹੁੰਚਾਉਣ ਲਈ ਪੰਜਾਬੀ ਭਾਈਚਾਰੇ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਹਰ ਔਖੀ-ਸੌਖੀ ਘੜੀ 'ਚ ਉਨ੍ਹਾਂ ਦਾ ਸਾਥ ਦਿੱਤਾ। ਆਪਣੀਆਂ ਭਾਵਨਾਵਾਂ ਪ੍ਰਗਟ ਕਰਦਿਆਂ ਮਨਦੀਪ ਸਿੰਘ ਨੇ ਵੀ ਭਾਈਚਾਰੇ ਦਾ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਨਾਲ ਅਖਬਾਰ ਵਧੀਆ ਤਰੀਕੇ ਨਾਲ ਚੱਲ ਰਿਹਾ ਹੈ। ਭਾਰਤ ਤੋਂ ਵਿਸ਼ੇਸ਼ ਤੌਰ 'ਤੇ ਆਏ ਸ. ਅਮੋਲਕ ਸਿੰਘ ਜੰਮੂ ਦੇ ਭਰਾ ਸ. ਬਲਵਿੰਦਰ ਸਿੰਘ ਜੰਮੂ ਨੇ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਉਹ ਸ. ਅਮੋਲਕ ਸਿੰਘ ਦੇ ਭਰਾ ਹਨ ਉਨ੍ਹਾਂ ਦੇ ਵੱਡੇ ਭਾਈ ਨੇ ਜੋ ਪੱਤਰਕਾਰੀ ਦੀਆਂ ਕਦਰਾਂ-ਕੀਮਤਾਂ ਸਥਾਪਤ ਕੀਤੀਆਂ ਸਨ ,ਉਨ੍ਹਾਂ ਨੂੰ ਹਮੇਸ਼ਾ ਕਾਇਮ ਰੱਖਿਆ ਜਾਵੇਗਾ।

ਇਸ ਮਗਰੋਂ ਫਰੈਂਡਜ਼ ਆਫ ਪੰਜਾਬ ਆਰਗੇਨਾਈਜ਼ੇਸ਼ਨ ਦੇ ਕਰਤਾ-ਧਰਤਾ ਭੁਪਿੰਦਰ ਸਿੰਘ ਹੁੰਦਲ ਨੇ ਕਿਹਾ ਕਿ ਸ. ਅਮੋਲਕ ਸਿੰਘ ਦੀ ਵਿਚਾਰਧਾਰਾ, ਮਜ਼ਬੂਤ ਦਿਮਾਗ, ਕਦਰਾਂ-ਕੀਮਤਾਂ ਵਿਲੱਖਣ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਉਨ੍ਹਾਂ ਦੀ ਸੰਸਥਾ ਦਾ ਬਹੁਤ ਸਾਥ ਦਿੱਤਾ ਤੇ ਸੰਸਥਾ ਵਲੋਂ ਕੀਤੇ ਜਾ ਰਹੇ ਚੰਗੇ ਕੰਮਾਂ ਨੂੰ ਦੇਖਦਿਆਂ ਬਿਨਾ ਕੋਈ ਪੈਸਾ ਲਏ ਉਨ੍ਹਾਂ ਦਾ ਇਸ਼ਤਿਹਾਰ ਕਈ ਵਾਰ ਅਖਬਾਰ 'ਚ ਛਾਪਦੇ ਰਹੇ। ਉਨ੍ਹਾਂ 'ਪੰਜਾਬ ਟਾਈਮਜ਼' ਦੀ ਭਾਈਚਾਰੇ ਨੂੰ ਦੇਣ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

'ਪੰਜਾਬ ਟਾਈਮਜ਼' ਦੇ ਸਲਾਹਕਾਰ ਕਮੇਟੀ ਦੇ ਮੈਂਬਰ ਡਾ. ਹਰਗੁਰਮੁਖਪਾਲ ਸਿੰਘ ਨੇ ਕਿਹਾ ਕਿ ਜਦੋਂ ਤੋਂ ਸ. ਅਮੋਲਕ ਸਿੰਘ ਜੰਮੂ ਪੈਲਾਟਾਈਨ ਆਏ ਸਨ, ਉਦੋਂ ਤੋਂ ਹੀ ਉਨ੍ਹਾਂ ਦਾ ਉਨ੍ਹਾਂ ਨਾਲ ਪਿਆਰ ਬਣ ਗਿਆ ਸੀ ਤੇ ਹਰ ਹਫਤੇ ਉਨ੍ਹਾਂ ਨੂੰ ਮਿਲਣਾ ਉਨ੍ਹਾਂ ਦੇ ਜੀਵਨ ਦਾ ਹਿੱਸਾ ਬਣ ਗਿਆ ਸੀ। ਸ. ਜੰਮੂ ਸਰੀਰਕ ਤੌਰ 'ਤੇ ਬਿਮਾਰ ਹੋਣ ਦੇ ਬਾਵਜੂਦ ਮਾਨਸਿਕ ਤੌਰ 'ਤੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿੰਦੇ ਸਨ। ਉਨ੍ਹਾਂ ਵਲੋਂ ਸ਼ੁਰੂ ਕੀਤਾ 'ਪੰਜਾਬ ਟਾਈਮਜ਼' ਨਾਰਥ ਅਮਰੀਕਾ ਦਾ ਸਭ ਤੋਂ ਵਧੀਆ ਅਖਬਾਰ ਹੈ। ਇਸ ਦੀ ਸਮੱਗਰੀ, ਕਦਰਾਂ-ਕੀਮਤਾਂ ਦੇ ਕੋਈ ਅਖਬਾਰ ਨੇੜੇ ਨਹੀਂ ਢੁਕਦਾ।

ਡਾ. ਰਸ਼ਪਾਲ ਸਿੰਘ ਬਾਜਵਾ ਨੇ ਦੱਸਿਆ ਕਿ ਉਨ੍ਹਾਂ ਦੀ ਪਹਿਲੀ ਮੁਲਾਕਾਤ ਸ. ਜੰਮੂ ਨਾਲ ਉਨ੍ਹਾਂ (ਸ. ਬਾਜਵਾ) ਦੇ ਦਫਤਰ ਵਿਚ ਹੀ ਹੋਈ ਸੀ।



*(ਬਾਕੀ ਸਫਾ 11 'ਤੇ)*

# ਸ਼੍ਰੋਮਣੀ ਅਕਾਲੀ ਦਲ (ਅ) ਵਲੋਂ ਦੀਪ ਸਿੱਧੂ ਦੀ ਯਾਦ ਵਿਚ ਕਾਨਫਰੰਸ

**ਨਿਊਯਾਰਕ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਇਕਾਈ ਦੇ ਨਿਊ ਯਾਰਕ ਯੂਨਿਟ ਵਲੋਂ ਵਿਸ਼ੇਸ਼ ਉਪਰਾਲਾ ਕਰ ਕੇ ਸੰਦੀਪ ਸਿੰਘ (ਦੀਪ) ਸਿੱਧੂ ਦੀ ਯਾਦ ਵਿਚ ਅਤੇ ਪੰਥਕ ਮੁੱਦਿਆਂ 'ਤੇ ਆਧਾਰਤ ਕਾਨਫਰੰਸ ਕਰਵਾਈ ਗਈ। ਕਾਨਫਰੰਸ ਦੀ ਸ਼ੁਰੂਆਤ ਢਾਡੀ ਜਥੇ ਨੇ ਕੁਝ ਵਾਰਾਂ ਗਾ ਕੇ ਕੀਤੀ। ਇਸ ਪੰਥਕ ਕਾਨਫਰੰਸ ਵਿਚ ਪਾਰਟੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਅਤੇ ਯੂਥ ਵਿੰਗ ਦੇ ਸ੍ਰਪਰਸਤ ਸ. ਈਮਾਨ ਸਿੰਘ ਮਾਨ ਨੇ ਵੀਡੀਓ ਕਾਨਫਰੰਸ ਰਾਹੀਂ ਹਾਜ਼ਰੀ ਲਗਵਾਈ।

ਸ. ਸਿਮਰਨਜੀਤ ਸਿੰਘ ਮਾਨ ਨੇ ਆਪਣੇ ਵਿਚਾਰਾਂ ਰਾਹੀਂ ਵਿਦੇਸ਼ਾਂ ਵਿਚ ਵਸਦੀ ਸਿੱਖ ਕੌਮ ਨੂੰ ਪੰਜਾਬ ਦੇ ਮੌਜੂਦਾ ਹਾਲਾਤ ਤੋਂ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਾਰ ਵਾਰ ਪੰਥ ਦੋਖੀਆਂ ਵਲੋਂ ਬੇਅਦਬੀਆਂ ਕੀਤੀਆਂ ਗਈਆਂ। ਦੋਸ਼ੀਆਂ ਪ੍ਰਤੀ ਸਮੇਂ ਦੀਆਂ ਵੱਖ ਵੱਖ ਸਰਕਾਰਾਂ ਨੇ ਹਮੇਸ਼ਾ ਨਰਮੀ ਵਾਲਾ ਰੁਖ਼ ਅਪਨਾਈ ਰੱਖਿਆ ਪਰ ਦੂਜੇ ਪਾਸੇ ਇਨਸਾਫ ਮੰਗ ਰਹੀ ਸਿੱਖ ਕੌਮ ਨੂੰ ਹਮੇਸ਼ਾ ਜ਼ਲੀਲ ਹੀ ਕੀਤਾ ਗਿਆ। ਮੁਜ਼ਾਹਰੇ ਕਰ ਰਹੀ ਕੌਮ 'ਤੇ ਗੋਲੀਆਂ ਚਲਾਈਆਂ ਗਈਆਂ ਤੇ ਕਈ ਸਿੱਖ ਨੌਜਵਾਨ ਸ਼ਹੀਦ ਵੀ ਹੋ ਗਏ ਪਰ ਅਜੇ ਤਕ ਕਈ ਸਾਲ ਬੀਤ ਜਾਣ 'ਤੇ ਵੀ ਸਿੱਖ ਕੌਮ ਨੂੰ ਇਨਸਾਫ ਨਹੀਂ ਮਿਲਿਆ। ਅੱਜ ਵੀ ਬਰਗਾੜੀ ਵਿਚ ਮੋਰਚਾ ਲੱਗਾ ਹੋਇਆ ਹੈ। ਉਨ੍ਹਾਂ ਕਿਹਾ ਕਿ ਕਾਰਸੇਵਾ ਵਾਲੇ ਬਾਬਿਆਂ ਵਲੋਂ ਗੁਰਦੁਆਰਿਆਂ ਦੀ ਕਾਰਸੇਵਾ ਦੇ ਨਾਂ 'ਤੇ ਸਿੱਖ ਕੌਮ ਦੀਆਂ ਇਤਿਹਾਸਕ ਥਾਵਾਂ ਤੇ ਇਮਾਰਤਾਂ ਨੂੰ ਢਾਹਿਆ ਜਾ ਰਿਹਾ ਹੈ। ਕੌਮ ਨੂੰ ਇਨ੍ਹਾਂ ਪ੍ਰਤੀ ਵੀ ਸੁਚੇਤ ਹੋਣ ਦੀ ਲੋੜ ਹੈ। ਉਨ੍ਹਾਂ ਅਮਰੀਕਾ ਦੀ ਕਨੈਕਟੀਕਟ ਸਟੇਟ ਵਲੋਂ ਖਾਲਿਸਤਾਨ ਦੇ ਮਤੇ ਦੇ ਹੱਕ ਵਿਚ ਭੁਗਤਣ 'ਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਤੇ ਕੌਮ ਨੂੰ ਵਧਾਈ ਦਿੱਤੀ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਇਕਾਈ ਵਲੋਂ ਬਾਕੀ ਜਥੇਬੰਦੀਆਂ ਦੇ ਮੈਂਬਰਾਂ ਨਾਲ ਸ. ਸਿਮਰਨਜੀਤ ਸਿੰਘ ਮਾਨ ਨੂੰ ਸਤਿਕਾਰ ਵਜੋਂ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਤੇ ਉਨ੍ਹਾਂ ਦੀ ਸਿਹਤ ਦੀ ਚੜ੍ਹਦੀ ਕਲਾ ਮੰਗੀ ਗਈ। ਸ. ਈਮਾਨ ਸਿੰਘ ਮਾਨ ਨੇ ਕਿਹਾ ਕਿ ਸਾਡੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੰਬੇ ਸੰਘਰਸ਼ਾਂ ਤੋਂ ਬਾਅਦ 1925 'ਚ ਹੋਂਦ ਵਿਚ ਆਈ ਸੀ। ਸੰਵਿਧਾਨ ਮੁਤਾਬਿਕ ਉਸ ਦੀ ਚੋਣ ਹਰ 5 ਸਾਲ ਬਾਅਦ ਹੋਣੀ ਲਾਜ਼ਮੀ ਹੈ ਪਰ ਆਪਣੇ ਆਪ ਨੂੰ ਜਮਹੂਰੀਅਤ ਦੇ ਸਭ ਤੋਂ ਵੱਡੇ ਰਖਵਾਲੇ ਅਖਵਾਉਂਦੇ ਨੇ ਹਮੇਸ਼ਾਂ ਸਿੱਖ ਕੌਮ ਦੇ ਧਾਰਮਿਕ ਮਸਲਿਆਂ 'ਚ ਦਖਲ ਅੰਦਾਜ਼ੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹਰ ਪੰਜ ਸਾਲ ਬਾਅਦ ਕਰਵਾਈਆਂ ਜਾਣ। ਪਾਰਟੀ ਦੇ ਕਨਵੀਨਰ ਸ. ਬੂਟਾ ਸਿੰਘ ਖੜੌਦ ਨੇ ਸਟੇਜ ਤੋਂ ਸਾਰੇ ਪੰਥਕ ਲੀਡਰਾਂ ਤੇ ਪਾਰਟੀ ਦੇ ਬਾਹਰੋਂ ਆਏ ਮੈਂਬਰਾਂ ਨੂੰ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਮੈਂਬਰਾਂ ਨੂੰ ਜੀ ਆਇਆਂ ਆਖਿਆ। ਬੂਟਾ ਸਿੰਘ ਖੜੌਦ ਤੇ ਪਾਰਟੀ ਪ੍ਰਧਾਨ ਸੁਰਜੀਤ ਸਿੰਘ ਕੁਲਾਰ ਦੀ ਦੇਖਰੇਖ ਹੇਠ ਇਹ ਕਾਨਫਰੰਸ ਕਰਵਾਈ ਗਈ।

ਇਸ ਕਾਨਫਰੰਸ ਵਿਚ ਹਿੱਸਾ ਲੈਣ ਲਈ ਪੰਜਾਬ ਤੋਂ ਪਾਰਟੀ ਦੇ ਕੌਮੀ ਜਨਰਲ ਸਕੱਤਰ ਸ. ਕੁਸ਼ਪਾਲ ਸਿੰਘ ਮਾਨ ਪਹੁੰਚੇ। ਉਨ੍ਹਾਂ ਸੰਦੀਪ ਸਿੰਘ (ਦੀਪ) ਸਿੱਧੂ ਨਾਲ ਬਿਤਾਏ ਪਲਾਂ ਦੀ ਸਾਂਝ ਪਾਈ ਤੇ ਉਨ੍ਹਾਂ ਨੂੰ ਯਾਦ ਕੀਤਾ। ਕੈਨੇਡਾ ਤੋਂ ਇਸ ਕਾਨਫਰੰਸ ਵਿਚ ਭਾਗ ਲੈਣ ਲਈ ਸ. ਮਨਵੀਰ ਸਿੰਘ ਪਹੁੰਚੇ। ਉਨ੍ਹਾਂ ਪੰਥਕ ਮੁੱਦਿਆਂ ਅਤੇ ਖਾਲਿਸਤਾਨ ਦੀ ਮੰਗ ਨੂੰ ਦੁਹਰਾਇਆ। ਲੰਬੇ ਸਮੇਂ ਤੋਂ ਖਾਲਿਸਤਾਨ ਦੀ ਜੰਗ ਲੜਨ ਵਾਲੇ ਸ. ਸੁਖਮਿੰਦਰ ਸਿੰਘ ਹੰਸਰਾ ਦੇ ਇਸ ਸੰਸਾਰ ਤੋਂ ਤੁਰ ਜਾਣ ਦਾ ਦੁਖ ਜ਼ਾਹਰ ਕੀਤਾ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਸ. ਹੰਸਰਾ ਜੀ ਦੀ ਯਾਦ ਵਿਚ ਮਨਵੀਰ ਸਿੰਘ ਨੂੰ ਇਕ ਪਲੇਕ ਦਿੱਤੀ ਗਈ। ਵਰਜੀਨੀਆ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਪਵਨ ਸਿੰਘ ਖਾਲਸਾ ਨੇ ਆਪਣੀ ਤਕਰੀਰ ਰਾਹੀਂ ਕੌਮੀ ਮੁੱਦਿਆਂ ਨੂੰ ਉਭਾਰਿਆ। ਵਰਜੀਨੀਆ ਤੋਂ ਸਿੱਖ ਚਿੰਤਕ ਸ. ਆਗਿਆਪਾਲ ਸਿੰਘ ਬਾਠ ਨੇ ਵੀ ਵਿਚਾਰ ਸਾਂਝੇ ਕੀਤੇ। ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਮੁੱਖ ਸੇਵਾਦਾਰ ਸ. ਹਿੰਮਤ ਸਿੰਘ, ਗੁਰਦੁਆਰਾ ਸਾਹਿਬ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਦੇ ਮੁੱਖ ਸੇਵਾਦਾਰ ਸ. ਜਤਿੰਦਰ ਸਿੰਘ ਬੋਪਾਰਾਏ ਤੇ ਸਾਬਕਾ ਮੁੱਖ ਸੇਵਾਦਾਰ ਸ. ਗੁਰਦੇਵ ਸਿੰਘ ਕੰਗ ਨੇ ਵਿਚਾਰ ਸਾਂਝੇ ਕੀਤੇ। ਰਾਣਾ ਸਿੰਘ ਨੂੰ ਵੀ ਯਾਦ ਕੀਤਾ ਗਿਆ ਤੇ ਉਨ੍ਹਾਂ ਦੇ ਪਿਤਾ ਜੀ ਨੂੰ ਯਾਦਗਾਰੀ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਹਿੰਮਤ ਸਿੰਘ ਨੂੰ ਪੰਥਕ ਕਾਰਜਾਂ ਵਿਚ ਪਾਏ ਜਾ ਰਹੇ ਯੋਗਦਾਨ ਲਈ ਸਾਥੀਆਂ ਸਮੇਤ ਸਨਮਾਨਿਤ ਕੀਤਾ ਗਿਆ। ਇਸ ਮੌਕੇ ਟਹਿਲ ਸਿੰਘ, ਬਲਜਿੰਦਰ ਸਿੰਘ, ਰਾਜਿੰਦਰ ਸਿੰਘ, ਕੁਲਦੀਪ ਸਿੰਘ ਹਾਜ਼ਰ ਸਨ।

ਕਾਨਫਰੰਸ ਵਿਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਸਕੱਤਰ ਜਨਰਲ ਰੁਪਿੰਦਰ ਸਿੰਘ ਬਾਠ ਉਹਾਇਓ, ਜਨਰਲ ਸਕੱਤਰ ਮੱਖਣ ਸਿੰਘ ਕਲੇਰ ਸ਼ਿਕਾਗੋ, ਯੂਥ ਕਾਰਕੁਨ ਸੰਤ ਬਲਵੀਰ ਸਿੰਘ, ਵਰਜੀਨੀਆ ਯੂਨਿਟ ਦੇ ਪ੍ਰਧਾਨ ਰੇਸ਼ਮ ਸਿੰਘ ਤੇ ਜਨਰਲ ਸਕੱਤਰ ਦਵਿੰਦਰ ਸਿੰਘ ਦਿਓ ਤੇ ਆਗਿਆਪਾਲ ਸਿੰਘ ਬਾਠ ਪਹੁੰਚੇ। ਨਿਊਜਰਸੀ ਯੂਨਿਟ ਵਲੋਂ ਪ੍ਰਧਾਨ ਜੋਗਾ ਸਿੰਘ, ਇੰਦਰਜੀਤ ਸਿੰਘ, ਹਰਜਿੰਦਰ ਸਿੰਘ ਤੇ ਯੂਥ ਮੈਂਬਰ ਪ੍ਰੋਫੈਸਰ ਬਲਜਿੰਦਰ ਸਿੰਘ ਮੋਰਜੰਡ ਤੇ ਭੁਪਿੰਦਰ ਸਿੰਘ ਹਾਜ਼ਰ ਹੋਏ। ਕੈਲੀਫੋਰਨੀਆ ਤੋਂ ਵਿਸ਼ੇਸ਼ ਤੌਰ 'ਤੇ ਸਮਪ੍ਰੀਤ ਸਿੰਘ ਸ਼ਾਮਿਲ ਹੋਏ। ਇਸ ਕਾਨਫਰੰਸ ਨੂੰ ਕਾਮਯਾਬ ਕਰਨ ਲਈ ਨਿਊਯਾਰਕ ਯੂਨਿਟ ਦੇ ਪ੍ਰਧਾਨ ਦਲਵਿੰਦਰ ਸਿੰਘ, ਨਰਿੰਦਰ ਸਿੰਘ, ਮਨਜੀਤ ਸਿੰਘ ਤੇ ਗੁਰਜੰਟ ਸਿੰਘ ਦਾ ਯੋਗਦਾਨ ਰਿਹਾ। ਕਾਨਫਰੰਸ ਨੂੰ ਟੀਵੀ 84 ਅਤੇ ਜਸ ਪੰਜਾਬੀ ਟੀਵੀ ਚੈਨਲ ਨੇ ਕਵਰ ਕੀਤਾ ਤੇ ਲਾਈਵ ਚਲਾਇਆ। ਸਟੇਜ ਸੈਕਟਰੀ ਦੀ ਸੇਵਾ ਸ. ਦਲਵਿੰਦਰ ਸਿੰਘ ਪ੍ਰਧਾਨ ਨਿਊਯਾਰਕ ਨੇ ਬਾਖ਼ੂਬੀ ਨਿਭਾਈ।

***(ਤਸਵੀਰਾਂ ਤੇ ਵੇਰਵਾ ਮੱਖਣ ਕਲੇਰ)***


















# ਅਮਰੀਕਾ ਵੱਲੋਂ ਵਰਕ ਪਰਮਿਟਾਂ ਦੀ ਮਿਆਦ ਵਧਾਉਣ ਦਾ ਐਲਾਨ




**ਵਾਸ਼ਿੰਗਟਨ:** ਅਮਰੀਕਾ ਸਰਕਾਰ ਨੇ ਆਵਾਸੀਆਂ ਦੇ ਕੁਝ ਵਰਗਾਂ ਨੂੰ ਰਾਹਤ ਦੇਣ ਦਾ ਫੈਸਲਾ ਕੀਤਾ ਹੈ। ਦੇਸ਼ ਵਿਚ ਐਚ-1ਬੀ ਵੀਜ਼ਾ ਧਾਰਕਾਂ ਦੇ ਵਰਕ ਪਰਮਿਟ 'ਚ 1.5 ਸਾਲ ਦਾ ਵਾਧਾ ਕਰਨ ਦਾ ਫੈਸਲਾ ਕੀਤਾ ਗਿਆ ਹੈ। ਐਚ-1ਬੀ ਵੀਜ਼ਾ 'ਤੇ ਆਏ ਇਹ ਉਹ ਆਵਾਸੀ ਹਨ ਜੋ ਗਰੀਨ ਕਾਰਡ ਦੇ ਇੱਛੁਕ ਹਨ। ਇਸ ਵਿਚ ਐਚ-1ਬੀ ਵੀਜ਼ਾ ਧਾਰਕਾਂ ਦੇ ਪਤੀ-ਪਤਨੀ ਵੀ ਸ਼ਾਮਲ ਹਨ। ਇਹ ਆਵਾਸੀ ਹੁਣ ਆਪਣੇ ਖਤਮ ਹੋਏ ਵਰਕ ਵੀਜ਼ਾ ਦੀ ਵਰਤੋਂ ਹੋਰ 18 ਮਹੀਨਿਆਂ ਲਈ ਕਰ ਸਕਣਗੇ। ਇਸ ਫੈਸਲੇ ਨਾਲ ਅਮਰੀਕਾ ਵਿਚ ਕੰਮ ਕਰ ਰਹੇ ਹਜ਼ਾਰਾਂ ਭਾਰਤੀਆਂ ਨੂੰ ਰਾਹਤ ਮਿਲੀ ਹੈ।

ਅਮਰੀਕੀ ਕੰਪਨੀਆਂ ਨੇ ਵੀ ਇਸ ਫੈਸਲੇ ਤੋਂ ਬਾਅਦ ਸੁੱਖ ਦਾ ਸਾਹ ਲਿਆ ਹੈ। ਬਾਇਡਨ ਪ੍ਰਸ਼ਾਸਨ ਦਾ ਫੈਸਲਾ ਤੁਰਤ ਲਾਗੂ ਹੋ ਗਿਆ ਹੈ। ਅਮਰੀਕੀ ਨਾਗਰਿਕਤਾ ਤੇ ਆਵਾਸ ਵਿਭਾਗ ਬਕਾਇਆ ਅਰਜ਼ੀਆਂ ਨਾਲ ਨਜਿੱਠ ਰਿਹਾ ਹੈ। ਇਸ ਬਦਲਾਅ ਨਾਲ ਕਰੀਬ 87 ਹਜ਼ਾਰ ਆਵਾਸੀਆਂ ਨੂੰ ਰਾਹਤ ਮਿਲਣ ਦੀ ਆਸ ਹੈ। ਇਨ੍ਹਾਂ ਦਾ ਵੀਜ਼ਾ ਆਉਣ ਵਾਲੇ 30 ਦਿਨਾਂ ਵਿਚ ਮੁੱਕ ਰਿਹਾ ਸੀ। ਇਸ ਨੀਤੀ ਦਾ ਮੰਤਵ 15 ਲੱਖ ਵਰਕ ਪਰਮਿਟ ਅਰਜ਼ੀਆਂ ਦੇ ਬੈਕਲਾਗ ਦਾ ਨਿਬੇੜਾ ਕਰਨਾ ਹੈ।

## ਲੀਡਰਜ਼ ਆਫ ਦਿ ਯੀਅਰ ਵਿਚ ਦੋ ਭਾਰਤੀ-ਅਮਰੀਕੀ ਸ਼ਾਮਲ

**ਵਾਸ਼ਿੰਗਟਨ:** ਭਾਰਤੀ-ਅਮਰੀਕੀ ਟੈਕਨੋਕਰੇਟ ਕ੍ਰਿਸ਼ਨ ਕੁਮਾਰ ਐਦਾਬਿਲ ਅਤੇ ਨਿਖਿਲ ਦੇਸ਼ਪਾਂਡੇ ਨੂੰ 'ਸਟੇਟਸਕੂਪ ਟੌਪ 50 ਐਵਾਰਡਜ' 2022 ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। 'ਸਟੇਟਸਕੂਪ 50 ਐਵਾਰਡਜ' ਤਹਿਤ ਸਰਕਾਰ ਨੂੰ ਵਧੇਰੇ ਹੁਨਰਮੰਦ ਅਤੇ ਪ੍ਰਭਾਵੀ ਬਣਾਉਣ ਵਾਲੇ ਪ੍ਰਤਿਭਾਸ਼ਾਲੀ ਲੋਕਾਂ ਨੂੰ ਸਨਮਾਨਿਆ ਜਾਂਦਾ ਹੈ। ਟੈਕਸਾਸ ਦੇ ਰਹਿਣ ਵਾਲੇ ਐਦਾਬਿਲ ਨੂੰ 'ਸਟੇਟ ਆਈਟੀ ਲੀਡਰ ਆਫ ਦਿ ਈਯਰ' ਅਤੇ ਜੌਰਜੀਆ ਦੇ ਦੇਸ਼ਪਾਂਡੇ ਨੂੰ 'ਸਟੇਟ ਲੀਡਰਸ਼ਿਪ ਆਫ ਦਿ ਈਯਰ' ਐਲਾਨਿਆ ਗਿਆ ਹੈ।

# ਲਖੀਮਪੁਰ ਖੇੜੀ: ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਨੂੰ ਇਨਸਾਫ ਲਈ ਡਟਿਆ ਸੰਯੁਕਤ ਮੋਰਚਾ

**ਮਾਛੀਵਾੜਾ:** ਸੰਯੁਕਤ ਕਿਸਾਨ ਮੋਰਚੇ ਦਾ ਇਕ ਵਫ਼ਦ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਲਖੀਮਪੁਰ ਖੀਰੀ ਪੁੱਜਿਆ। ਇਸ ਵਫ਼ਦ ਵਿਚ ਪੰਜਾਬ, ਹਰਿਆਣਾ, ਮੱਧ ਪ੍ਰਦੇਸ਼, ਯੂਪੀ ਤੇ ਰਾਜਸਥਾਨ ਦੇ ਕਿਸਾਨ ਆਗੂਆਂ ਨੇ ਸ਼ਹੀਦ ਹੋਏ ਪੰਜ ਕਿਸਾਨਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ।

ਪਰਿਵਾਰਾਂ ਨੇ ਆਗੂਆਂ ਨੂੰ ਦੱਸਿਆ ਕਿ ਭਾਜਪਾ ਅਤੇ ਯੋਗੀ ਸਰਕਾਰ ਦੇ ਗੁੰਡਿਆਂ ਵੱਲੋਂ ਵਾਰ-ਵਾਰ ਉਨ੍ਹਾਂ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਤੇ ਗਵਾਹਾਂ 'ਤੇ ਹਮਲੇ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਯੂਪੀ ਸਰਕਾਰ ਨੇ ਪਰਿਵਾਰਾਂ ਨਾਲ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ ਪਰ ਹਾਲੇ ਤੱਕ ਕਿਸੇ ਨੂੰ ਕੋਈ ਨੌਕਰੀ ਨਹੀਂ ਦਿੱਤੀ ਗਈ। ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਨੇ ਕਿਹਾ ਕਿ ਉਨ੍ਹਾਂ ਨੂੰ ਸੁਰੱਖਿਆ ਦੇਣ ਦੀ ਥਾਂ ਹਥਿਆਰ ਰੱਖਣ ਲਈ ਲਾਇਸੈਂਸ ਦਿੱਤੇ ਜਾਣ ਤਾਂ ਜੋ ਉਹ ਆਪਣੀ ਰਾਖੀ ਖੁਦ ਕਰ ਸਕਣ। ਇਸ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚੇ ਦੇ ਵਫ਼ਦ ਦੀ ਲਖੀਮਪੁਰ ਖੀਰੀ ਦੇ ਪ੍ਰਸ਼ਾਸਨਿਕ ਉੱਚ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਵੀ ਹੋਈ, ਜਿਸ ਵਿਚ ਇਨ੍ਹਾਂ ਮਸਲਿਆਂ 'ਤੇ ਵਿਚਾਰ ਚਰਚਾ ਦੌਰਾਨ ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਸਾਰੇ ਗਵਾਹਾਂ ਦੇ ਅਸਲਾ ਲਾਇਸੈਂਸ ਜਾਰੀ ਕਰ ਦਿੱਤੇ ਜਾਣਗੇ, ਗਵਾਹਾਂ ਤੇ ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਦੀ ਸੁਰੱਖਿਆ ਲਈ ਪ੍ਰਸ਼ਾਸਨ ਵਚਨਬੱਧ ਹੈ। ਪ੍ਰਸ਼ਾਸਨਿਕ ਅਧਿਕਾਰੀਆਂ ਨੇ ਕਿਹਾ ਕਿ ਹਾਈ ਕੋਰਟ ਦੇ ਆਦੇਸ਼ ਹਨ ਕਿ ਇਸ ਮਾਮਲੇ ਦੇ ਦੋਸ਼ੀਆਂ ਨੂੰ ਢਿੱਲ ਨਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਨੌਕਰੀਆਂ ਦੇਣ ਦੀ ਪ੍ਰਕਿਰਿਆ ਵੀ ਜਾਰੀ ਹੈ। ਉਨ੍ਹਾਂ ਕਿਹਾ ਕਿ ਬੇਕਸੂਰਾਂ ਖਿਲਾਫ ਜੋ ਕੇਸ ਦਰਜ ਹਨ, ਉਨ੍ਹਾਂ ਚਾਰਜਸ਼ੀਟ ਦਾਇਰ ਕਰ ਦਿੱਤੀ ਹੈ, ਜਿਸ ਦੇ ਅਧਿਕਾਰ ਯੂਪੀ ਸਰਕਾਰ ਕੋਲ ਹਨ। ਮੋਰਚੇ ਦੇ ਆਗੂਆਂ ਨੇ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਮੁੱਖ ਮੰਤਰੀ ਯੋਗੀ ਨਾਲ ਮੁਲਾਕਾਤ ਕਰਵਾਉਣ ਲਈ ਕਿਹਾ, ਜਿਸ 'ਤੇ ਉਨ੍ਹਾਂ ਕਿਹਾ ਕਿ ਇਸ ਸਬੰਧੀ ਸੁਨੇਹਾ ਭੇਜ ਦਿੱਤਾ ਜਾਵੇਗਾ ਅਤੇ ਮਗਰੋਂ ਆਗੂਆਂ ਨੂੰ ਦੱਸ ਦਿੱਤਾ ਜਾਵੇਗਾ। ਅਖੀਰ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਨੇ ਭਰੋਸਾ ਦਿਵਾਇਆ ਕਿ ਇਸ ਘਟਨਾ ਨਾਲ ਜੁੜੇ ਅਪਰਾਧੀਆਂ ਨੂੰ ਕਾਨੂੰਨ ਵੱਲੋਂ ਸਜ਼ਾ ਮਿਲੇਗੀ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਇਸ ਮਾਮਲੇ ਸਬੰਧੀ ਦੇਸ਼ ਦੀਆਂ ਜਥੇਬੰਦੀਆਂ ਦੇ ਆਗੂਆਂ ਨਾਲ ਜਲਦੀ ਦਿੱਲੀ ਵਿੱਚ ਮੀਟਿੰਗ ਕੀਤੀ ਜਾਵੇਗੀ, ਜਿਸ ਵਿਚ ਸਖਤ ਫੈਸਲੇ ਲਏ ਜਾਣਗੇ।



# ਪੰਜਾਬ ਵਿਚ ਹੁਣ ਡਬਲ ਸ਼ਿਫਟ ਵਿਚ ਲੱਗਣਗੇ ਸਕੂਲ

**ਚੰਡੀਗੜ੍ਹ:** ਸਿੱਖਿਆ ਵਿਭਾਗ ਪੰਜਾਬ ਨੇ ਸਰਕਾਰੀ ਸਕੂਲਾਂ ਨੂੰ 'ਡਬਲ ਸ਼ਿਫਟ' ਵਿਚ ਚਲਾਉਣ ਦਾ ਫੈਸਲਾ ਕੀਤਾ ਹੈ, ਜਿਨ੍ਹਾਂ ਸਰਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਹੋਵੇਗੀ ਅਤੇ ਜਗ੍ਹਾ, ਕਮਰਿਆਂ ਤੇ ਹੋਰ ਬੁਨਿਆਦੀ ਢਾਂਚੇ ਦੀ ਕਮੀ ਹੋਵੇਗੀ, ਉਨ੍ਹਾਂ ਸਕੂਲਾਂ ਨੂੰ ਹੀ 'ਡਬਲ ਸ਼ਿਫਟ' ਵਿਚ ਚਲਾਉਣ ਦਾ ਮਾਮਲਾ ਵਿਚਾਰਿਆ ਜਾਵੇਗਾ। ਸਿੱਖਿਆ ਵਿਭਾਗ ਨੇ ਇਸ ਬਾਰੇ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ ਅਤੇ ਸ਼ਡਿਊਲ ਵੀ ਜਾਰੀ ਕੀਤਾ ਹੈ। ਪੱਤਰ ਅਨੁਸਾਰ ਕਈ ਸਰਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਹੈ ਪਰ ਬੁਨਿਆਦੀ ਢਾਂਚੇ ਦੀ ਕਮੀ ਹੈ, ਉਨ੍ਹਾਂ ਸਕੂਲਾਂ ਲਈ ਇਹ ਤੋੜ ਕੱਢਿਆ ਗਿਆ ਹੈ। ਵਿਦਿਆਰਥੀਆਂ ਦੀ ਵੱਧ ਗਿਣਤੀ ਵਾਲੇ ਹਾਈ ਅਤੇ ਸੈਕੰਡਰੀ ਸਕੂਲਾਂ ਵਿਚ ਡਬਲ ਸ਼ਿਫਟ ਚਲਾਉਣ ਬਾਰੇ ਫੈਸਲੇ ਸਕੂਲ ਮੁਖੀਆਂ ਦੀ ਤਜਵੀਜ਼ ਮਗਰੋਂ ਹੀ ਲਿਆ ਜਾਵੇਗਾ।


SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways

Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available




ਗੋਲਡਨ ਕੀਅ ਲੈਂਡਿੰਗ
GoldenKey LENDING
ਸੁਪਨਿਆਂ ਦਾ ਘਰ ਲੈਣ 'ਚ ਤੁਹਾਡੀ ਮਦਦ ਕਰਦਾ ਹੈ। ਸਸਤੇ HOUSE LOAN ਲੈਣ 'ਚ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ।
HOME LOANS MADE SIMPLE
The feeling of attachment, togetherness
We understand what a home means

Manny Singh Nagra
Principal Broker
Star Alliance Brokerage, INC
Contact Us at
317-620-4100
317-750-1900
REAL ESTATE | RESIDENTIAL & COMMERCIAL
325 S. College Avenue, Indianapolis, Indiana 46202
NMLS 147421
www.goldenkeylending.com



Desi Bazar
Under new management.
916 E. Main Street #118, Greenwood, IN, 46143
Tel: 317-888-2040, Fax: 317-887-6116
Lakhvir S. Johal, Ph: 317-709-7800
Help Wanted in the Kitchen
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ



Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

# ਪੰਜਾਬ ਸਰਕਾਰ ਨੇ ਫਸਲੀ ਵੰਨ-ਸਵੰਨਤਾ ਵੱਲ ਕਦਮ ਵਧਾਏ

**ਲੁਧਿਆਣਾ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਵਾ, ਪਾਣੀ ਤੇ ਧਰਤੀ ਨੂੰ ਬਚਾਉਣ ਦਾ ਸੱਦਾ ਦਿੰਦਿਆਂ ਸੂਬੇ ਵਿਚ ਖੇਤੀ ਸੁਧਾਰਾਂ ਸਬੰਧੀ ਵੱਡਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਕਿਸਾਨ ਕਣਕ ਤੇ ਝੋਨੇ ਦੀ ਫਸਲ ਦੇ ਨਾਲ ਹੁਣ 55 ਦਿਨ ਵਿਚ ਤਿਆਰ ਹੋਣ ਵਾਲੀ ਮੂੰਗੀ ਦੀ ਫਸਲ ਵੀ ਬੀਜਣ, ਜਿਸ 'ਤੇ ਸਰਕਾਰ ਐਮ.ਐਸ.ਪੀ. ਦੇਵੇਗੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਨ ਮੌਕੇ ਸੂਬਾ ਪੱਧਰੀ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੀ ਹਵਾ, ਪਾਣੀ ਤੇ ਜ਼ਮੀਨ ਤਿੰਨੇ ਹੀ ਪ੍ਰਦੂਸ਼ਿਤ ਹਨ, ਜਿਨ੍ਹਾਂ ਨੂੰ ਠੀਕ ਕਰਨ ਦਾ ਸਮਾਂ ਆ ਗਿਆ ਹੈ ਤੇ ਇਹ ਤਾਂ ਹੀ ਠੀਕ ਹੋਵੇਗੀ, ਜੇਕਰ ਸਾਰੇ ਮਿਲ ਕੇ ਕੋਸ਼ਿਸ਼ ਕਰਨਗੇ। ਉਨ੍ਹਾਂ ਕਿਹਾ ਕਿ ਕਿਸਾਨ ਆਪਣੀ ਫਸਲ ਦਾ ਚੱਕਰ ਬਦਲਣ, ਜਿਸ ਲਈ ਸਰਕਾਰ ਉਨ੍ਹਾਂ ਨੂੰ ਹਰ ਸੰਭਵ ਸਹਿਯੋਗ ਦੇਵੇਗੀ। ਭਗਵੰਤ ਮਾਨ ਨੇ ਕਿਹਾ ਕਿ ਮੂੰਗੀ ਦੀ ਫਸਲ ਜਲਦੀ ਤਿਆਰ ਹੋ ਜਾਂਦੀ ਹੈ, ਇਸ ਲਈ ਕਿਸਾਨ ਮੂੰਗੀ ਦੀ ਫਸਲ ਬੀਜਣੀ ਸ਼ੁਰੂ ਕਰਨ।




ਮੁੱਖ ਮੰਤਰੀ ਬਣਨ ਮਗਰੋਂ ਪਹਿਲੀ ਵਾਰ ਲੁਧਿਆਣਾ ਪੁੱਜੇ ਭਗਵੰਤ ਮਾਨ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਫੋਟੋ 'ਤੇ ਫੁੱਲ ਮਾਲਾ ਚੜ੍ਹਾ ਕੇ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਲੋਕਾਂ ਨੂੰ ਮਹਾਰਾਜਾ ਜੱਸਾ ਸਿੰਘ ਦੀਆਂ ਸਿੱਖਿਆਵਾਂ 'ਤੇ ਅਮਲ ਕਰਕੇ ਜੀਵਨ ਜਿਊਣ ਦੀ ਨਸੀਹਤ ਵੀ ਦਿੱਤੀ। ਉਨ੍ਹਾਂ ਕਿਹਾ ਕਿ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੇ ਪੰਜਾਬ ਵਿਚ ਖੁਸ਼ਹਾਲ ਰਾਜ ਵਿਵਸਥਾ ਦਿੱਤੀ ਸੀ ਤੇ ਸਾਰੇ ਵਰਗ ਉਨ੍ਹਾਂ ਦੇ ਸ਼ਾਸਨ ਤੋਂ ਖੁਸ਼ ਸਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਸਾਰੇ ਵਰਗਾਂ ਦੇ ਕਲਿਆਣ ਲਈ ਕੰਮ ਕਰੇਗੀ। ਭਗਵੰਤ ਮਾਨ ਨੇ ਕਿਹਾ ਕਿ ਪੁਰਾਣੀਆਂ ਸਰਕਾਰਾਂ ਦੇ ਲੀਡਰਾਂ ਵੱਲੋਂ ਸੱਤਾ ਵਿਚ ਆ ਕੇ ਆਪਣੇ ਨਿੱਜੀ ਮੁਫਾਦਾਂ ਲਈ ਹੀ ਫੈਸਲੇ ਲਏ ਗਏ ਸਨ ਪਰ ਹੁਣ ਉਨ੍ਹਾਂ ਦੀ ਸਰਕਾਰ ਆਏ ਨੂੰ ਹਾਲੇ 50 ਦਿਨ ਹੀ ਹੋਏ ਹਨ, ਜਿਸ ਦੌਰਾਨ ਕਈ ਲੋਕ ਪੱਖੀ ਫੈਸਲੇ ਲਏ ਗਏ ਹਨ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਆਉਂਦਿਆਂ ਹੀ 26 ਹਜ਼ਾਰ ਤੋਂ ਵੱਧ ਨੌਕਰੀਆਂ ਦੀ ਸਰਕਾਰੀ ਭਰਤੀ ਲਈ ਇਸ਼ਤਿਹਾਰ ਜਾਰੀ ਕਰ ਦਿੱਤਾ ਹੈ। ਮੁੱਖ ਮੰਤਰੀ ਨੇ ਭਰੋਸਾ ਦਿਵਾਇਆ ਕਿ ਆਉਣ ਵਾਲੇ ਦਿਨਾਂ ਵਿਚ ਸੂਬੇ ਦੀ ਭਲਾਈ ਲਈ ਕਈ ਵੱਡੇ ਫੈਸਲੇ ਲਏ ਜਾਣਗੇ। ਉਨ੍ਹਾਂ ਪੰਜਾਬ ਦੇ ਨੌਜਵਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਪੰਜਾਬ ਵਿਚ ਹੀ ਉਨ੍ਹਾਂ ਦੇ ਚੰਗੇ ਭਵਿੱਖ ਲਈ ਮੌਕੇ ਸਿਰਜਣਗੇ ਅਤੇ ਕਿਸੇ ਨੂੰ ਰੁਜ਼ਗਾਰ ਲਈ ਵਿਦੇਸ਼ਾਂ ਵੱਲ ਰੁੱਖ ਨਹੀਂ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਲੁੱਟਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਲੋਕਾਂ ਵੱਲੋਂ ਦਿੱਤੀ ਸ਼ਕਤੀ ਲੋਕ ਭਲਾਈ ਲਈ ਹੀ ਵਰਤੀ ਜਾਵੇਗੀ।

ਦੱਸ ਦਈਏ ਕਿ ਪੰਜਾਬ ਨੂੰ ਝੋਨੇ ਅਤੇ ਕਣਕ ਦੇ ਫਸਲੀ ਚੱਕਰ ਵਿਚੋਂ ਕੱਢ ਕੇ ਫਸਲੀ ਵੰਨ-ਸਵੰਨਤਾ ਵੱਲ ਲਿਆਉਣ ਦਾ ਮਾਮਲਾ ਹੋਰ ਫਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦ ਦੀ ਗਾਰੰਟੀ ਨਾਲ ਜੁੜਿਆ ਹੋਇਆ ਹੈ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦਿੱਲੀ ਦੀਆਂ ਬਰੂੰਹਾਂ ਉਤੇ ਇਕ ਸਾਲ ਤੋਂ ਲੰਮੇ ਸ਼ਾਂਤਮਈ ਕਿਸਾਨ ਅੰਦੋਲਨ ਦੀ ਤਿੰਨ ਖੇਤੀ ਕਾਨੂੰਨ ਵਾਪਸ ਕਰਵਾਉਣ ਦੇ ਨਾਲ ਨਾਲ ਦੂਸਰੀ ਵੱਡੀ ਮੰਗ ਇਹੀ ਸੀ ਕਿ ਕੇਂਦਰ ਸਰਕਾਰ ਜਿਨ੍ਹਾਂ 23 ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦਾ ਐਲਾਨ ਕਰਦੀ ਹੈ, ਉਨ੍ਹਾਂ ਦੀ ਖਰੀਦ ਦੀ ਗਰੰਟੀ ਸਬੰਧੀ ਕਾਨੂੰਨ ਬਣਾਇਆ ਜਾਵੇ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਪਿੰਡ ਸਤੌਜ ਵਿਚ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਹੈ ਕਿ ਪੰਜਾਬ ਸਰਕਾਰ ਦਾਲਾਂ, ਬਾਜਰਾ ਅਤੇ ਮੱਕੀ ਘੱਟੋ-ਘੱਟ ਸਮਰਥਨ ਮੁੱਲ ਉੱਤੇ ਖਰੀਦਣ ਦਾ ਪ੍ਰਬੰਧ ਕਰੇਗੀ। ਇਸ ਤੋਂ ਪਹਿਲਾਂ ਸੂਬਾ ਸਰਕਾਰ ਨੇ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਪ੍ਰਤੀ ਏਕੜ 1500 ਰੁਪਏ ਦੇਣ ਦਾ ਐਲਾਨ ਕੀਤਾ ਹੈ। ਕਈ ਕਿਸਾਨ ਜਥੇਬੰਦੀਆਂ ਭਾਵੇਂ ਇਸ ਨੂੰ ਥੋੜ੍ਹਾ ਕਹਿ ਰਹੀਆਂ ਹਨ ਪਰ ਇਹ ਸਹੀ ਪਾਸੇ ਵੱਲ ਚੁੱਕਿਆ ਕਦਮ ਹੈ।

### ਭਗਵੰਤ ਗੱਲਾਂ ਦੀ ਬਜਾਇ ਕੁਝ ਕਰਕੇ ਦਿਖਾਉਣ: ਸਿੱਧੂ

**ਕੋਟਕਪੂਰਾ:** ਪਨਸੀਡ ਵਿਚ ਹੋਏ ਬੀਜ ਘੁਟਾਲੇ ਸਬੰਧੀ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਪੰਜਾਬ ਰਾਜ ਸੀਡ ਕਾਰਪੋਰੇਸ਼ਨ ਦੇ ਕੋਟਕਪੂਰਾ ਡਿੱਪੂ ਪਹੁੰਚੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਿਸਾਨੀ ਦੀ ਹਾਲਤ ਬਹੁਤੀ ਚੰਗੀ ਨਹੀਂ ਹੈ ਤੇ ਨਾ ਹੀ ਕਿਸਾਨ ਦੀ ਹਾਲਤ ਸੁਧਾਰਨ ਵੱਲ ਕੋਈ ਧਿਆਨ ਦੇ ਰਿਹਾ ਹੈ। ਸਿੱਧੂ ਨੇ ਅੰਕੜਿਆਂ ਰਾਹੀਂ ਦੱਸਿਆ ਕਿ ਕਣਕ ਅਤੇ ਝੋਨੇ ਦੀ ਰਕਬੇ ਮੁਤਾਬਕ ਬੀਜ ਦੀ ਮੰਗ ਪੂਰੀ ਨਹੀਂ ਹੋ ਰਹੀ ਤੇ ਕਾਲਾਬਾਜ਼ਾਰੀ ਕੀਤੀ ਜਾ ਰਹੀ ਹੈ। ਪਨਸੀਡ 35 ਰੁਪਏ ਬੀਜ ਪ੍ਰਾਈਵੇਟ ਡੀਲਰਾਂ ਨੂੰ ਵੇਚ ਰਿਹਾ ਹੈ ਤੇ ਅੱਗੋਂ ਕਿਸਾਨਾਂ ਨੂੰ 250 ਰੁਪਏ ਮਿਲ ਰਿਹਾ ਹੈ। ਇਸ ਲਈ ਭਗਵੰਤ ਮਾਨ ਗੱਲਾਂ ਮਾਰਨ ਦੀ ਬਜਾਇ ਕੁਝ ਕਰਕੇ ਦਿਖਾਉਣ।

# ਸੂਰਜਮੁਖੀ ਦੇ ਗੈਰ ਮਿਆਰੀ ਬੀਜ ਕਾਰਨ ਫਸਲ ਵਾਹੁਣ ਲੱਗੇ ਕਿਸਾਨ



**ਮੋਗਾ:** ਪੰਜਾਬ ਵਿਚ ਸੂਰਜਮੁਖੀ ਦੇ ਗੈਰਮਿਆਰੀ ਬੀਜ ਕਾਰਨ ਕਿਸਾਨ ਸੂਰਜਮੁਖੀ ਦੀ ਫਸਲ ਵਾਹੁਣ ਲਈ ਮਜਬੂਰ ਹੋ ਗਏ ਹਨ। ਕਿਸਾਨ ਦੇ ਹੋਏ ਇਸ ਵੱਡੇ ਨੁਕਸਾਨ ਲਈ ਕਿਸਾਨ ਜਥੇਬੰਦੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਸੂਬੇ 'ਚ ਸੂਰਜਮੁਖੀ ਦੇ ਗੈਰਮਿਆਰੀ ਬੀਜ ਦੀ ਵਿਕਰੀ ਅਤੇ ਝੋਨੇ ਦੇ ਪੀਆਰ 126 ਬੀਜ ਦੀ ਕਾਲਾਬਾਜ਼ਾਰੀ ਸਬੰਧੀ ਜਾਂਚ ਕਰਵਾਉਣ ਅਤੇ ਇਸ ਦੇ ਨਾਲ ਹੀ ਖੇਤੀਬਾੜੀ ਅਧਿਕਾਰੀਆਂ ਵੱਲੋਂ ਡੀਲਰਾਂ ਦੀ ਪੁਸ਼ਤਪਨਾਹੀ ਬਾਰੇ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

ਉਨ੍ਹਾਂ ਬਗੈਰ ਪੱਕਾ ਬਿੱਲ ਦਿੱਤਿਆਂ ਬੀਜ ਵੇਚਣ ਵਾਲੇ ਡੀਲਰਾਂ ਖ਼ਿਲਾਫ਼ ਵੀ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਮੁੱਖ ਖੇਤੀਬਾੜੀ ਅਫਸਰ ਡਾ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਝੋਨੇ ਦੇ ਬੀਜ ਦੀ ਬਲੈਕ ਹੋਣ ਅਤੇ ਕਿਸਾਨਾਂ ਨੂੰ ਪੱਕਾ ਬਿੱਲ ਦਿੱਤੇ ਜਾਣ ਸਬੰਧੀ ਸ਼ਿਕਾਇਤ ਉਨ੍ਹਾਂ ਕੋਲ ਪਹੁੰਚੀ ਹੈ ਤੇ ਇਸ ਸਬੰਧੀ ਜਾਂਚ ਕੀਤੀ ਜਾ ਰਹੀ ਹੈ।

ਸੰਯੁਕਤ ਕਿਸਾਨ ਮੋਰਚਾ ਦੇ ਆਗੂ ਬਲਵੰਤ ਸਿੰਘ ਬ੍ਰਾਹਮਕੇ, ਬੀ.ਕੇ.ਯੂ. ਏਕਤਾ ਉਗਰਾਹਾਂ ਦੇ ਆਗੂ ਸੁਖਦੇਵ ਸਿੰਘ ਕੋਕਰੀ ਤੇ ਬਲੌਰ ਸਿੰਘ ਘਾਲੀ, ਬੀ.ਕੇ.ਯੂ (ਕਾਦੀਆਂ) ਜਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਾਣੂੰਕੇ ਨੇ ਦੋਸ਼ ਲਾਇਆ ਕਿ ਸਰਕਾਰ ਅਤੇ ਖੇਤੀਬਾੜੀ ਵਿਭਾਗ ਦੀ ਉਦਾਸੀਨਤਾ ਅਤੇ ਗੈਰ-ਜ਼ਿੰਮੇਵਾਰੀ ਵਾਲੇ ਰਵੱਈਏ ਕਾਰਨ ਝੋਨੇ ਦੇ ਬੀਜ ਪੀਆਰ 126 ਦੀ ਕਾਲਾਬਾਜਾਰੀ ਇਸ ਵੇਲੇ ਸਿਖਰ 'ਤੇ ਹੈ। ਉਨ੍ਹਾਂ ਕਿਹਾ ਕਿ ਸ਼ਿਕਾਇਤ ਕਰਨ ਦੇ ਬਾਵਜੂਦ ਖੇਤੀਬਾੜੀ ਵਿਭਾਗ ਸਿਰਫ ਖਾਨਾਪੂਰਤੀ ਕਰ ਰਿਹਾ ਹੈ।

ਕਿਸਾਨ ਆਗੂਆਂ ਨੇ ਦੱਸਿਆ ਕਿ 35 ਰੁਪਏ ਕਿੱਲੋ ਵਾਲਾ ਬੀਜ ਇਸ ਵੇਲੇ 100 ਤੋਂ 150 ਰੁਪਏ ਕਿੱਲੋ ਵਿਚ ਮਿਲ ਰਿਹਾ ਹੈ ਤੇ ਡੀਲਰ ਇਸ ਦਾ ਪੱਕਾ ਬਿੱਲ ਵੀ ਨਹੀਂ ਦੇ ਰਹੇ। ਸੂਬੇ 'ਚ ਵਿਕੇ ਸੂਰਜਮੁਖੀ ਦੇ ਗੈਰਮਿਆਰੀ ਬੀਜ ਕਾਰਨ ਕਿਸਾਨਾਂ ਨੂੰ ਫਸਲ ਵਾਹੁਣੀ ਪਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਨੱਕ ਹੇਠ ਮੱਕੀ ਦਾ ਬੀਜ ਵੀ ਕਿਸਾਨਾਂ ਨੂੰ ਬਲੈਕ ਵਿਚ ਹੀ ਖਰੀਦਣਾ ਪਿਆ ਹੈ। ਉਨ੍ਹਾਂ ਕਿਹਾ ਕਿ ਬੀਜਾਂ ਦੀ ਕਾਲਾਬਾਜਾਰੀ 'ਚ ਖੇਤੀਬਾੜੀ ਅਧਿਕਾਰੀਆਂ ਦੀ ਭੂਮਿਕਾ ਦੀ ਵੀ ਜਾਂਚ ਹੋਣੀ ਚਾਹੀਦੀ ਹੈ।

## ਅਮੋਲਕ ਸਿੰਘ ਜੰਮੂ ਦੀ ਪਹਿਲੀ ਬਰਸੀ ਮੌਕੇ ਸ਼ਰਧਾਂਜਲੀਆਂ

*(ਸਫਾ 8 ਦੀ ਬਾਕੀ)*

ਉਨ੍ਹਾਂ ਪੈਲਾਟਾਈਨ ਵਾਸੀਆਂ ਨੂੰ ਅਖਬਾਰ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੀ ਅਪੀਲ ਕੀਤੀ ਤਾਂ ਕਿ ਇਸ ਨੂੰ ਲੰਮੇ ਸਮੇਂ ਤਕ ਜਾਰੀ ਰੱਖਿਆ ਜਾ ਸਕੇ।

'ਪੰਜਾਬ ਟਾਈਮਜ਼' ਦੇ ਵਡੇ ਮੱਦਾਹ ਮੇਜਰ ਗੁਰਚਰਨ ਸਿੰਘ ਝੱਜ ਨੇ ਦੱਸਿਆ ਕਿ ਉਹ 2001 ਵਿਚ ਸ. ਅਮੋਲਕ ਸਿੰਘ ਨੂੰ ਮਿਲੇ ਸਨ, ਜਦੋਂ ਉਹ ਉਨ੍ਹਾਂ ਦੀ ਵਰਕਸ਼ਾਪ 'ਤੇ ਆਏ ਸਨ। ਉਨ੍ਹਾਂ ਸ. ਜੰਮੂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਮਿਹਨਤ ਨਾਲ ਅਖਬਾਰ ਦੋ ਸਫਿਆਂ ਤੋਂ ਸ਼ੁਰੂ ਕਰਕੇ 32 ਸਫਿਆਂ ਦਾ ਗਿਆ ਹੈ ਤੇ ਵਧੀਆ ਅਖਬਾਰਾਂ ਵਿਚੋਂ ਇਕ ਹੈ। ਭਾਵੇਂ ਉਨ੍ਹਾਂ ਦੀ ਸਿਹਤ ਠੀਕ ਨਹੀਂ ਸੀ ਪਰ ਅਖਬਾਰ ਲਈ ਉਹ ਮਿਹਨਤ ਕਰਦੇ ਰਹੇ ਤੇ ਇਸ ਨੂੰ ਸਿਖਰ 'ਤੇ ਪਹੁੰਚਾਇਆ। ਉਨ੍ਹਾਂ ਆਖਿਆ ਕਿ ਸਾਰੇ ਭਾਈਚਾਰੇ ਨੂੰ 'ਪੰਜਾਬ ਟਾਈਮਜ਼' ਦਾ ਸਾਥ ਦੇਣਾ ਚਾਹੀਦਾ ਹੈ ਤੇ ਇਸ ਦੀ ਹਰ ਮਦਦ ਕਰਨੀ ਚਾਹੀਦੀ ਹੈ।

ਸ. ਮਨਜੀਤ ਸਿੰਘ ਗਿੱਲ ਨੇ ਦੱਸਿਆ ਕਿ ਉਹ ਪਹਿਲੀ ਵਾਰ ਸ. ਜੰਮੂ ਨੂੰ ਚੰਡੀਗੜ੍ਹ ਮਿਲੇ ਸਨ, ਜਦੋਂ ਉਹ ਪੰਜਾਬੀ ਟ੍ਰਿਬਿਊਨ 'ਚ ਕੰਮ ਕਰਦੇ ਸਨ। ਸ਼ਿਕਾਗੋ ਆ ਕੇ ਉਨ੍ਹਾਂ ਇੰਡੀਆ ਟ੍ਰਿਬਿਊਨ 'ਚ ਕੰਮ ਕੀਤਾ ਤਾਂ ਮੈਂ ਉਨ੍ਹਾਂ ਨੂੰ ਅਖਬਾਰ ਸ਼ੁਰੂ ਕਰਨ ਦੀ ਸਲਾਹ ਦਿੱਤੀ। ਇਸ ਮਗਰੋਂ ਸ਼ੁਰੂ ਹੋਈ ਅਖਬਾਰ ਹੁਣ ਤਕ ਭਾਈਚਾਰੇ ਦੀ ਸੇਵਾ ਕਰ ਰਹੀ ਹੈ। ਸ. ਅਮੋਲਕ ਸਿੰਘ ਦੀ ਸ਼ਖਸੀਅਤ ਮੁਹੱਬਤ ਨਾਲ ਭਰੀ ਹੋਈ ਸੀ। ਉਨ੍ਹਾਂ ਬਿਨਾ ਖਲਾਅ ਜ਼ਰੂਰ ਪੈਦਾ ਹੋਇਆ ਹੈ ਪਰ ਅਖਬਾਰ ਰਾਹੀਂ ਉਨ੍ਹਾਂ ਦੀ ਹੋਂਦ ਹਮੇਸ਼ਾ ਕਾਇਮ ਰਹੇਗੀ।

ਵਰਜੀਨੀਆ ਤੋਂ ਉਚੇਚੇ ਤੌਰ 'ਤੇ ਆਏ ਸ. ਅਮੋਲਕ ਸਿੰਘ ਦੇ ਦੋਸਤ ਤੇ ਰਿਸ਼ਤੇਦਾਰ ਗੁਰਮੇਲ ਸਿੰਘ ਕੰਗ ਨੇ ਕਿਹਾ ਕਿ ਅਖਬਾਰ ਕਾਰਨ ਸਾਨੂੰ ਇੰਜ ਮਹਿਸੂਸ ਹੁੰਦਾ ਹੈ ਕਿ ਸ. ਅਮੋਲਕ ਸਿੰਘ ਸਾਡੇ ਨਾਲ ਹੀ ਹਨ। ਸ. ਜੰਮੂ ਦੇ ਪੁਰਾਣੇ ਸਾਥੀ ਗੁਰ ਸਿੰਘ ਨੇ ਉਨ੍ਹਾਂ ਨਾਲ ਬਿਤਾਏ ਸਮੇਂ ਨੂੰ ਯਾਦ ਕੀਤਾ ਤੇ ਅਖਬਾਰ ਦੇ ਸ਼ੁਰੂਆਤੀ ਦਿਨਾਂ ਬਾਰੇ ਦੱਸਿਆ। ਉਨ੍ਹਾਂ ਦੇ ਸ. ਜੰਮੂ ਦੀ ਬਿਮਾਰੀ, ਉਨ੍ਹਾਂ ਦੀ ਚੜ੍ਹਦੀ ਕਲਾ ਤੇ ਅਖਬਾਰ ਬਾਰੇ ਵਿਚਾਰ ਸਾਂਝੇ ਕੀਤੇ।

ਸ. ਸਤਨਾਮ ਸਿੰਘ ਔਲਖ ਨੇ ਕਿਹਾ ਕਿ ਸ. ਜੰਮੂ ਨਿਧੜਕ, ਨਿਡਰ ਤੇ ਬੇਬਾਕ ਇਨਸਾਨ ਸਨ, ਜੋ ਕਿਸੇ ਤੋਂ ਡਰਦੇ ਨਹੀਂ ਸਨ। ਉਨ੍ਹਾਂ ਵਲੋਂ ਪੰਜਾਬੀ ਤੇ ਪੰਜਾਬੀਅਤ ਦੀ ਕੀਤੀ ਸੇਵਾ ਸ਼ਲਾਘਾਯੋਗ ਹੈ। ਪ੍ਰਦੀਪ ਸਿੰਘ ਗਿੱਲ ਨੇ ਕਿਹਾ ਕਿ 'ਪੰਜਾਬ ਟਾਈਮਜ਼' ਪੜ੍ਹ ਕੇ ਅਸੀਂ ਆਪਣੀ ਮਾਂ ਬੋਲੀ ਨਾਲ ਜੁੜਦੇ ਹਾਂ। ਭਾਵੇਂ ਸ. ਜੰਮੂ ਸਾਡੇ ਵਿਚੋਂ ਚਲੇ ਗਏ ਹਨ ਪਰ ਉਨ੍ਹਾਂ ਦੀ 'ਪੰਜਾਬ ਟਾਈਮਜ਼' ਦੇ ਰੂਪ ਵਿਚ ਜੋ ਦੇਣ ਹੈ, ਉਹ ਅਜੇ ਵੀ ਸਾਡੇ ਨਾਲ ਹੈ। ਹਰਵਿੰਦਰ ਸਿੰਘ ਆਹੂਜਾ ਨੇ ਵੀ ਵਿਚਾਰ ਸਾਂਝੇ ਕੀਤੇ।

ਪਗੜੀ ਆਰਗੇਨਾਈਜ਼ੇਸ਼ਨ ਦੇ ਸ. ਲਾਲ ਸਿੰਘ ਨੇ ਕਿਹਾ ਕਿ 'ਪੰਜਾਬ ਟਾਈਮਜ਼' 'ਚ ਛਪਦੀ ਮਿਆਰੀ ਸਾਮਗ੍ਰੀ ਤੋਂ ਪ੍ਰਭਾਵਿਤ ਹੋ ਕੇ ਜਦੋਂ ਉਹ ਅਮੋਲਕ ਸਿੰਘ ਨੂੰ ਮਿਲੇ ਤਾਂ ਉਨ੍ਹਾਂ ਦੀ ਸ਼ਖਸੀਅਤ ਤੋਂ ਵੀ ਬਹੁਤ ਪ੍ਰਭਾਵਿਤ ਹੋਏ। 'ਪੰਜਾਬ ਟਾਈਮਜ਼' ਭਾਈਚਾਰੇ ਲਈ ਬਹੁਤ ਵਧੀਆ ਸੇਵਾ ਨਿਭਾ ਰਿਹਾ ਹੈ।

ਗੁਰਦੁਆਰਾ ਪੈਲਾਟਾਈਨ ਦੇ ਪ੍ਰਧਾਨ ਸ. ਜੈਰਾਮ ਸਿੰਘ ਕਾਹਲੋਂ ਨੇ ਜਸ ਟੀਵੀ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ. ਜੰਮੂ ਸਾਡੇ ਦਿਲਾਂ 'ਚ ਵਸਦੇ ਨੇ ਤੇ ਹਮੇਸ਼ਾ ਵਸਦੇ ਰਹਿਣਗੇ। ਸਨੀ ਸਿੰਘ ਕੁਲਾਰ ਨੇ ਕਿਹਾ ਕਿ 'ਪੰਜਾਬ ਟਾਈਮਜ਼' ਸਭ ਤੋਂ ਵਧੀਆ ਅਖਬਾਰ ਹੈ, ਜਿਸ ਨੂੰ ਸਾਰਾ ਪਰਿਵਾਰ ਪੜ੍ਹਦਾ ਹੈ। ਸ. ਓਂਕਾਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਘਰ ਸਾਰੇ 'ਪੰਜਾਬ ਟਾਈਮਜ਼' ਪੜ੍ਹਦੇ ਹਨ। ਇਸ ਵਿਚ ਛਪਦੇ ਲੇਖ ਬਹੁਤ ਵਧੀਆ ਤੇ ਖਬਰਾਂ ਤੱਥਾਂ 'ਤੇ ਆਧਾਰਤ ਹੁੰਦੀਆਂ ਹਨ। ਸ. ਅੱਛਰ ਸਿੰਘ ਨੇ ਸ. ਅਮੋਲਕ ਸਿੰਘ ਦੀ ਸਕਾਰਾਤਮਕ ਸੋਚ ਤੇ ਜਜ਼ਬੇ ਨੂੰ ਸਲਾਮ ਕੀਤਾ। ਸ. ਮਨਦੀਪ ਸਿੰਘ ਨੇ ਕਿਹਾ ਕਿ ਅਮਰੀਕਾ ਵਿਚ ਪੰਜਾਬੀ ਅਖਬਾਰ ਚਲਾਉਣਾ ਸ. ਜੰਮੂ ਦੀ ਵੱਡੀ ਪ੍ਰਾਪਤੀ ਹੈ। ਸ. ਲਖਵਿੰਦਰ ਸਿੰਘ, ਸ. ਇੰਦਰਬੀਰ ਸਿੰਘ ਗਿੱਲ ਤੇ ਸ. ਯਾਦਵਿੰਦਰ ਸਿੰਘ ਗਰੇਵਾਲ ਨੇ ਵੀ ਵਿਚਾਰ ਸਾਂਝੇ ਕੀਤੇ।

ਜਸ ਟੀਵੀ ਦੀ ਟੀਮ ਵਲੋਂ ਵਧੀਆ ਤਰੀਕੇ ਨਾਲ ਸਾਰੇ ਪ੍ਰੋਗਰਾਮ ਦੀ ਕਵਰੇਜ ਕੀਤੀ ਗਈ, ਜਿਸ ਲਈ ਪਰਿਵਾਰ ਨੇ ਉਨ੍ਹਾਂ ਦਾ ਧੰਨਵਾਦ ਕੀਤਾ।

# ਪੰਜਾਬ ਸਰਕਾਰ ਨੇ ਪੜਾਅਵਾਰ ਝੋਨੇ ਦੀ ਲੁਆਈ ਵਾਲਾ ਫਾਰਮੂਲਾ ਅਪਣਾਇਆ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਨਵੀਂ ਪਹਿਲ ਕਰਦਿਆਂ ਪੰਜਾਬ 'ਚ ਇਸ ਵਾਰ ਝੋਨੇ ਦੀ ਲੁਆਈ 18 ਜੂਨ ਤੋਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਇਸ ਵਾਰ ਪੰਜਾਬ ਨੂੰ ਚਾਰ ਜ਼ੋਨਾਂ 'ਚ ਵੰਡ ਕੇ ਪੜਾਵਾਰ ਝੋਨੇ ਦੀ ਲੁਆਈ ਹੋਵੇਗੀ।

ਮਾਲਵਾ ਖਿੱਤੇ ਵਿਚ ਝੋਨੇ ਦੀ ਲੁਆਈ ਸਭ ਤੋਂ ਪਹਿਲਾਂ 18 ਜੂਨ ਤੋਂ ਹੋਵੇਗੀ ਅਤੇ ਅਖੀਰ ਵਿਚ ਮਾਝਾ ਖਿੱਤੇ ਵਿਚ ਝੋਨੇ ਦੀ ਲੁਆਈ 26 ਜੂਨ ਤੋਂ ਸ਼ੁਰੂ ਹੋਵੇਗੀ। ਪੰਜਾਬ ਸਰਕਾਰ ਵੱਲੋਂ 18 ਜੂਨ ਤੋਂ ਖੇਤੀ ਸੈਕਟਰ ਨੂੰ ਬਿਜਲੀ ਸਪਲਾਈ ਦਿੱਤੀ ਜਾਵੇਗੀ। ਖੇਤੀ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਪੰਜਾਬ ਵਿਚ ਝੋਨੇ ਦੀ ਸਿੱਧੀ ਬਿਜਾਈ 20 ਮਈ ਤੋਂ ਸ਼ੁਰੂ ਹੋਵੇਗੀ। ਮਾਲਵਾ ਖਿੱਤੇ ਦੇ ਜਿਲ੍ਹਾ ਸੰਗਰੂਰ, ਬਰਨਾਲਾ, ਮਾਲੇਰਕੋਟਲਾ, ਲੁਧਿਆਣਾ, ਪਟਿਆਲਾ ਅਤੇ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਚ ਝੋਨੇ ਦੀ ਲੁਆਈ 18 ਜੂਨ ਤੋਂ ਸ਼ੁਰੂ ਹੋਣੀ ਹੈ ਜਦਕਿ ਜਿਲ੍ਹਾ ਬਠਿੰਡਾ, ਮਾਨਸਾ, ਮੋਗਾ, ਫ਼ਰੀਦਕੋਟ, ਫ਼ਿਰੋਜ਼ਪੁਰ ਤੇ ਫ਼ਾਜ਼ਿਲਕਾ 'ਚ ਝੋਨੇ ਦੀ ਲੁਆਈ 22 ਜੂਨ ਤੋਂ ਸ਼ੁਰੂ ਹੋਵੇਗੀ। ਇਸੇ ਤਰ੍ਹਾਂ ਜਿਲ੍ਹਾ ਐਸ.ਏ.ਐਸ. ਨਗਰ (ਮੁਹਾਲੀ), ਰੂਪਨਗਰ, ਨਵਾਂ ਸ਼ਹਿਰ, ਜਲੰਧਰ, ਕਪੂਰਥਲਾ, ਸ੍ਰੀ ਮੁਕਤਸਰ ਸਾਹਿਬ 'ਚ ਝੋਨੇ ਦੀ ਲੁਆਈ 24 ਜੂਨ ਤੋਂ ਸ਼ੁਰੂ ਹੋਵੇਗੀ। ਅਖੀਰ ਵਿਚ ਮਾਝਾ ਖਿੱਤੇ ਦੇ ਜਿਲ੍ਹਾ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨ ਤਾਰਨ ਅਤੇ ਹੁਸ਼ਿਆਰਪੁਰ ਦੇ ਕਿਸਾਨ 26 ਜੂਨ ਤੋਂ ਝੋਨੇ ਦੀ ਲੁਆਈ ਸ਼ੁਰੂ ਕਰ ਸਕਣਗੇ।



ਨੋਟੀਫਿਕੇਸ਼ਨ ਅਨੁਸਾਰ ਪਾਵਰਕੌਮ ਵੱਲੋਂ 20 ਤੋਂ 31 ਮਈ ਤੱਕ ਝੋਨੇ ਦੀ ਸਿੱਧੀ ਬਿਜਾਈ ਲਈ ਹਰ ਬਦਲਵੇਂ ਦਿਨ ਅੱਠ ਘੰਟੇ ਬਿਜਲੀ ਸਪਲਾਈ ਦਿੱਤੀ ਜਾਵੇਗੀ ਅਤੇ 31 ਮਈ ਤੋਂ 17 ਜੂਨ ਤੱਕ ਖੇਤੀ ਸੈਕਟਰ ਨੂੰ ਬਿਜਲੀ ਰੋਜ਼ਾਨਾ ਤਿੰਨ ਘੰਟੇ ਮਿਲੇਗੀ। ਪਾਵਰਕੌਮ 18 ਜੂਨ ਤੋਂ ਖੇਤੀ ਸੈਕਟਰ ਨੂੰ ਅੱਠ ਘੰਟੇ ਬਿਜਲੀ ਸਪਲਾਈ ਦੇਵੇਗਾ।

ਪਾਵਰਕੌਮ ਵੱਲੋਂ ਫਸਲ ਪੱਕਣ ਤੱਕ ਬਿਜਲੀ ਸਪਲਾਈ ਦਿੱਤੀ ਜਾਣੀ ਹੈ। ਪੰਜਾਬ ਸਰਕਾਰ ਵੱਲੋਂ ਪਾਣੀ ਤੇ ਬਿਜਲੀ ਦੀ ਬੱਚਤ ਲਈ ਇਹ ਨਵਾਂ ਫਾਰਮੂਲਾ ਲਿਆਂਦਾ ਗਿਆ ਹੈ ਤਾਂ ਜੋ ਪੀਕ ਸੀਜ਼ਨ ਸਮੇਂ ਬਿਜਲੀ ਸੰਕਟ ਤੋਂ ਬਚਿਆ ਜਾ ਸਕਿਆ ਅਤੇ ਧਰਤੀ ਹੇਠਲੇ ਪਾਣੀ ਦਾ ਬਚਾਓ ਵੀ ਕੀਤਾ ਜਾ ਸਕੇ। ਲੰਘੇ ਤਿੰਨ ਸਾਲਾਂ ਤੋਂ ਝੋਨੇ ਦੀ ਲੁਆਈ 13 ਜੂਨ ਤੋਂ ਸ਼ੁਰੂ ਹੁੰਦੀ ਸੀ। ਪੰਜਾਬ ਸਰਕਾਰ ਦਾ ਤਰਕ ਹੈ ਕਿ ਸੂਬੇ ਨੂੰ ਜ਼ੋਨਾਂ 'ਚ ਵੰਡ ਕੇ ਝੋਨੇ ਦੀ ਲੁਆਈ ਨਾਲ ਜਿੱਥੇ ਬਿਜਲੀ ਦਾ ਸੰਕਟ ਨਹੀਂ ਬਣੇਗਾ, ਉੱਥੇ ਲੇਬਰ ਦੀ ਵੀ ਕੋਈ ਮੁਸ਼ਕਲ ਨਹੀਂ ਆਵੇਗੀ। ਪਾਵਰਕੌਮ ਦਾ ਅੰਦਾਜ਼ਾ ਹੈ ਕਿ ਝੋਨੇ ਦੀ ਲੁਆਈ ਮੌਕੇ ਬਿਜਲੀ ਦੀ ਮੰਗ 15 ਹਜ਼ਾਰ ਮੈਗਾਵਾਟ ਨੂੰ ਵੀ ਪਾਰ ਕਰ ਸਕਦੀ ਹੈ। ਇਸ ਵਾਰ ਕਰੀਬ 30 ਲੱਖ ਹੈਕਟੇਅਰ ਰਕਬੇ ਵਿਚ ਝੋਨੇ ਦੀ ਲੁਆਈ ਹੋਣ ਦਾ ਅਨੁਮਾਨ ਹੈ ਜਿਸ 'ਚੋਂ 12 ਲੱਖ ਹੈਕਟੇਅਰ ਰਕਬਾ ਸਿੱਧੀ ਬਿਜਾਈ ਹੇਠ ਲਿਆਉਣ ਦੀ ਯੋਜਨਾ ਹੈ।

### ਝੋਨੇ ਦੀ ਸਿੱਧੀ ਬਿਜਾਈ ਨੂੰ ਮਿਲਣ ਲੱਗਿਆ ਹੁੰਗਾਰਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ 20 ਮਈ ਤੋਂ ਝੋਨੇ ਦੀ ਸਿੱਧੀ ਬਿਜਾਈ ਕਰਨ ਲਈ ਹਰੀ ਝੰਡੀ ਦੇ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਿੱਧੀ ਬਿਜਾਈ ਪ੍ਰਤੀ ਕਾਫੀ ਰੁਚੀ ਦਿਖਾਈ ਜਾ ਰਹੀ ਹੈ। ਉਨ੍ਹਾਂ ਨੇ ਆਪਣੇ ਜੱਦੀ ਪਿੰਡ ਸਤੌਜ ਦੇ ਕਿਸਾਨਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਪੰਜਾਬ ਲਈ ਰਾਹ ਦਸੇਰਾ ਬਣਨ। ਮੁੱਖ ਮੰਤਰੀ ਵੱਲੋਂ ਕੀਤੀ ਅਪੀਲ ਨੂੰ ਬੂਰ ਵੀ ਪੈਣ ਲੱਗਾ ਹੈ ਤੇ ਕਈ ਸੰਸਥਾਵਾਂ ਅਤੇ ਪਿੰਡਾਂ ਦੇ ਕਿਸਾਨਾਂ ਨੇ ਇਸ ਵਾਰ ਝੋਨੇ ਦੀ ਸਿੱਧੀ ਬਿਜਾਈ ਕਰਨ ਲਈ ਹੁੰਗਾਰਾ ਵੀ ਭਰਿਆ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 14 ਮਈ 2022*

## ਪੰਜਾਬ ਦੀਆਂ ਸਿਆਸੀ ਪੈੜਾਂ

ਮੁਹਾਲੀ ਵਿਚ ਪੰਜਾਬ ਪੁਲਿਸ ਦੇ ਇੰਟੈਲੀਜੈਂਸ ਵਿੰਗ ਦੇ ਮੁੱਖ ਦਫਤਰ ਦੀ ਇਮਾਰਤ ਵਿਚ ਰਾਕੇਟ ਲਾਂਚਰ ਹਮਲੇ ਨੇ ਪੰਜਾਬ ਦੀ ਸਿਆਸਤ ਨੂੰ ਸ਼ਾਇਦ ਨਵਾਂ ਮੋੜ ਦੇ ਦਿੱਤਾ ਹੈ। ਪੁਲਿਸ ਨੇ ਭਾਵੇਂ ਦੋ ਸ਼ੱਕੀ ਵਿਅਕਤੀਆਂ ਨੂੰ ਫੜਨ ਦਾ ਦਾਅਵਾ ਕੀਤਾ ਹੈ ਪਰ ਇਸ ਕੇਸ ਦੀ ਜਾਂਚ ਲਈ ਦਿੱਲੀਓਂ ਕੌਮੀ ਜਾਂਚ ਏਜੰਸੀ (ਆਈ.ਐ.ਏ.) ਦੀ ਟੀਮ ਪੁੱਜ ਗਈ ਹੈ। ਚਰਚਾ ਇਹ ਵੀ ਹੈ ਕਿ ਇਹ ਕੇਸ ਕੇਂਦਰ ਦੀ ਕੋਈ ਏਜੰਸੀ ਆਪਣੇ ਹੱਥ ਲੈ ਸਕਦੀ ਹੈ। ਇਸ ਪ੍ਰਸੰਗ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਬਿਆਨ ਧਿਆਨ ਦੀ ਮੰਗ ਕਰਦਾ ਹੈ। ਅਜਿਹੇ ਮਾਮਲਿਆਂ ਨੂੰ ਉਹ ਸਦਾ ਸੂਬੇ ਦੇ ਅਮਨ-ਕਾਨੂੰਨ ਅਤੇ ਇਸ ਤੋਂ ਅਗਾਂਹ ਜਾ ਕੇ ਅਤਿਵਾਦ ਨਾਲ ਜੋੜਦੇ ਰਹੇ ਹਨ। ਇਸੇ ਕਰਕੇ ਉਹ ਪੰਜਾਬ ਦਾ ਮੁੱਖ ਮੰਤਰੀ ਅਤੇ ਕਾਂਗਰਸੀ ਆਗੂ ਹੁੰਦਿਆਂ ਵੀ ਬਹੁਤੀ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਲੇ ਖੇਮੇ ਵਿਚ ਖੜ੍ਹੇ ਨਜ਼ਰ ਆਉਂਦੇ ਰਹੇ ਹਨ। ਮਗਰੋਂ ਤਾਂ ਉਹ ਨੰਗੇ-ਚਿੱਟੇ ਰੂਪ ਵਿਚ ਨਰਿੰਦਰ ਮੋਦੀ ਵਾਲੀ ਧਿਰ ਨਾਲ ਜਾ ਖਲੋਏ ਅਤੇ ਉਨ੍ਹਾਂ ਪੰਜਾਬ ਵਿਧਾਨ ਸਭਾ ਚੋਣਾਂ ਭਾਰਤੀ ਜਨਤਾ ਪਾਰਟੀ ਨਾਲ ਰਲ ਕੇ ਲੜੀਆਂ। ਇਸ ਹਿਸਾਬ ਨਾਲ ਉਹ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੀ ਰਾਸ਼ਟਰਵਾਦ ਵਾਲੀ ਪਰਿਭਾਸ਼ਾ ਵਿਚ ਐਨ ਫਿੱਟ ਬੈਠਦੇ ਹਨ। ਇਸ ਤਾਜ਼ਾ ਘਟਨਾ ਨੇ ਅਜਿਹੀ ਸਿਆਸਤ ਨੂੰ ਇਕ ਵਾਰ ਫਿਰ ਭਖਾਉਣ ਲਈ ਜ਼ਮੀਨ ਤਿਆਰ ਕਰ ਦਿੱਤੀ ਹੈ।

ਉਂਝ, ਇਸ ਘਟਨਾ ਨਾਲ ਜੁੜੇ ਕੁਝ ਹੋਰ ਪਹਿਲੂ ਵੀ ਹਨ। ਇਸ ਸਾਲ ਦੇ ਅਖੀਰ ਵਿਚ ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਅਗਲੇ ਸਾਲ, ਭਾਵ, ਸਾਲ 2023 ਵਿਚ 9 ਹੋਰ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਜਿਨ੍ਹਾਂ ਵਿਚੋਂ ਰਾਜਸਥਾਨ, ਮੱਧ ਪ੍ਰਦੇਸ਼, ਕਰਨਾਟਕ, ਛੱਤੀਸਗੜ੍ਹ, ਤਿਲੰਗਾਨਾ ਅਹਿਮ ਹਨ। ਇਸੇ ਤਰ੍ਹਾਂ, ਅਗਲੀਆਂ ਲੋਕ ਸਭਾ ਚੋਣਾਂ ਵਾਲੇ ਸਾਲ, 2024 ਵਿਚ ਮੁਲਕ ਦੇ ਸੱਤ ਹੋਰ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਲਈ ਵੋਟਾਂ ਪੈਣੀਆਂ ਹਨ। ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਅੰਦਰ ਇਸ ਵਕਤ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਹਨ। ਇਨ੍ਹਾਂ ਦੋਹਾਂ ਹੀ ਸੂਬਿਆਂ ਵਿਚ ਐਤਕੀਂ ਆਮ ਆਦਮੀ ਪਾਰਟੀ ਭਾਰਤੀ ਜਨਤਾ ਪਾਰਟੀ ਲਈ ਵੰਗਾਰ ਬਣ ਕੇ ਉਭਰੀ ਹੈ। ਜਦੋਂ ਤੋਂ ਪੰਜਾਬ ਵਿਚ ਆਮ ਆਦਮੀ ਦੀ ਸਰਕਾਰ ਬਣੀ ਹੈ, ਇਹ ਪਾਰਟੀ ਅਤੇ ਇਸ ਦੇ ਕਰਤਾ-ਧਰਤਾ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਬਹੁਤਾ ਧਿਆਨ ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਦੀ ਸਿਆਸਤ ਵੱਲ ਹੈ। ਆਮ ਆਦਮੀ ਪਾਰਟੀ ਦੀ ਰਣਨੀਤੀ ਹੈ ਕਿ ਦਿੱਲੀ ਅਤੇ ਪੰਜਾਬ ਮਾਡਲ ਨੂੰ ਆਧਾਰ ਬਣਾ ਕੇ ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਵਿਚ ਸੱਤਾ ਹਾਸਲ ਕਰਨ ਲਈ ਜ਼ੋਰ-ਅਜ਼ਮਾਈ ਕੀਤੀ ਜਾਵੇ। ਇਸੇ ਕਰਕੇ ਇਨ੍ਹਾਂ ਦੋਹਾਂ ਸੂਬਿਆਂ ਵਿਚ ਪਾਰਟੀ ਆਗੂਆਂ ਦੇ ਦੌਰੇ ਵਧ ਗਏ ਹਨ। ਇਸ ਪ੍ਰਸੰਗ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਉਚੇਚਾ ਗੁਜਰਾਤ ਦੌਰਾ ਵੀ ਕਰਵਾਇਆ ਗਿਆ ਅਤੇ ਉਥੇ ਅਰਵਿੰਦ ਕੇਜਰੀਵਾਲ ਇਕ ਸਿਆਸੀ ਪਾਰਟੀ ਨਾਲ ਚੋਣ ਸਮਝੌਤਾ ਵੀ ਕਰ ਆਏ ਹਨ।

ਆਮ ਆਦਮੀ ਪਾਰਟੀ ਦਿੱਲੀ ਵਿਚ ਵਧੀਆ ਪ੍ਰਸ਼ਾਸਨ ਦੇਣ ਦਾ ਦਾਅਵਾ ਕਰਦੀ ਆ ਰਹੀ ਹੈ; ਖਾਸਕਰ ਸਿਹਤ ਅਤੇ ਸਿੱਖਿਆ ਦੇ ਖੇਤਰ ਵਿਚ ਇਸ ਦਾ ਦਾਅਵਾ ਹੈ ਕਿ ਇਸ ਨੇ ਇਕ ਤਰ੍ਹਾਂ ਇਨਕਲਾਬ ਹੀ ਲੈ ਆਂਦਾ ਹੈ ਹਾਲਾਂਕਿ ਹਕੀਕਤ ਇਹ ਹੈ ਕਿ ਇਹ ਸਹੂਲਤਾਂ ਗਿਣਵੇਂ-ਚੁਣਵੇਂ ਸਰਕਾਰੀ ਅਦਾਰਿਆਂ ਵਿਚ ਹੀ ਦਿੱਤੀਆਂ ਗਈਆਂ ਹਨ; ਇਨ੍ਹਾਂ ਦੇ ਪ੍ਰਚਾਰ ਰਾਹੀਂ ਹੀ ਦਿੱਲੀ ਵਿਚ ਸਿਹਤ ਅਤੇ ਸਿੱਖਿਆ ਦੇ ਖੇਤਰਾਂ ਵਿਚ ਕਾਇਆ-ਕਲਪ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ। ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ ਅਜੇ ਦੋ ਮਹੀਨੇ ਹੋਏ ਹਨ। ਪੰਜਾਬ ਨੂੰ ਮੁੜ ਲੀਹ 'ਤੇ ਲਿਆਉਣ ਲਈ ਪਾਰਟੀ ਨੇ ਲੋਕਾਂ ਤੋਂ ਤਿੰਨ ਮਹੀਨੇ ਦੀ ਮੁਹਲਤ ਮੰਗੀ ਸੀ। ਪੰਜਾਬ ਸਰਕਾਰ ਨੇ ਕੁਝ ਕੁ ਮਾਮਲਿਆਂ ਵਿਚ ਪਹਿਲਕਦਮੀ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਸੂਬੇ ਦਾ ਤਾਣਾ-ਬਾਣਾ ਇੰਨਾ ਉਲਝਿਆ ਹੋਇਆ ਹੈ ਕਿ ਇਸ ਬਾਰੇ ਪਹਿਲਾਂ ਠੋਸ ਰਣਨੀਤੀ ਘੜੇ ਬਗੈਰ ਨਜਿੱਠਣਾ ਅਸੰਭਵ ਭਾਵੇਂ ਨਹੀਂ ਪਰ ਬੇਹੱਦ ਔਖਾ ਜ਼ਰੂਰ ਹੈ ਅਤੇ ਰਣਨੀਤੀਆਂ ਘੜਨ ਦੇ ਮਾਮਲੇ ਵਿਚ ਪੰਜਾਬ ਸਰਕਾਰ ਪਛੜ ਰਹੀ ਹੈ। ਇਹ ਤਾਂ ਅਸਲ ਵਿਚ ਹੋਰ ਹੀ ਮਸਲਿਆਂ ਵਿਚ ਉਲਝ ਰਹੀ ਹੈ। ਇਸ ਵਿਚ ਸਭ ਤੋਂ ਵੱਡਾ ਮਸਲਾ ਦਿੱਲੀ ਤੋਂ ਪੰਜਾਬ ਸਰਕਾਰ ਚਲਾਉਣ ਦਾ ਹੈ। ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਜਿਸ ਤਰ੍ਹਾਂ ਅਸਿੱਧੇ ਢੰਗ ਨਾਲ ਪੰਜਾਬ ਸਰਕਾਰ ਦੀ ਕਮਾਨ ਸੰਭਾਲੀ ਹੋਈ ਹੈ, ਉਸ ਬਾਰੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੋ ਰਹੇ ਹਨ।

ਜ਼ਾਹਿਰ ਹੈ ਕਿ ਪੰਜਾਬ ਵਿਚ ਹੋਈ ਤਾਜ਼ਾ ਘਟਨਾ ਦਾ ਸਬੰਧ ਸਿੱਧੇ ਜਾਂ ਅਸਿੱਧੇ ਢੰਗ ਨਾਲ ਚੋਣ ਸਿਆਸਤ ਨਾਲ ਜੁੜਿਆ ਹੋਇਆ ਹੈ। ਆਮ ਆਦਮੀ ਪਾਰਟੀ ਦਾ ਸਾਰਾ ਜ਼ੋਰ ਇਸ ਗੱਲ 'ਤੇ ਲੱਗਿਆ ਹੋਇਆ ਹੈ ਕਿ ਇਹ ਪੰਜਾਬ ਲਈ ਬੜਾ ਕੁਝ ਕਰ ਰਹੀ ਹੈ। ਆਪਣੇ ਕੀਤੇ ਕੰਮਾਂ ਦੇ ਪ੍ਰਚਾਰ ਲਈ ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਮੀਡੀਆ ਉਤੇ ਲੱਖਾਂ ਰੁਪਏ ਪਾਣੀ ਵਾਂਗ ਵਹਾਏ ਜਾ ਰਹੇ ਹਨ। ਇਸ ਘਟਨਾ ਦੇ ਬਹਾਨੇ ਹੁਣ ਕੇਂਦਰ ਸਰਕਾਰ ਵੀ ਪੰਜਾਬ ਵਿਚ ਧਿਰ ਬਣ ਬਣਨ ਦਾ ਯਤਨ ਕਰ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਦਾ ਮੁਲਕ ਦੀ ਏਕਤਾ ਅਤੇ ਅਖੰਡਤਾ ਵਾਲਾ ਉਹੀ ਘਸਿਆ-ਪਿਟਿਆ ਬਿਆਨ ਮੀਡੀਆ ਵਿਚ ਆ ਗਿਆ ਹੈ। ਆਮ ਆਦਮੀ ਪਾਰਟੀ ਵੱਲੋਂ ਪੰਜਾਬ ਸਰਕਾਰ ਦਿੱਲੀ ਤੋਂ ਚਲਾਉਣ ਦਾ ਰੌਲਾ ਪਹਿਲਾਂ ਹੀ ਬਥੇਰਾ ਉਚਾ ਹੈ। ਇਸ ਸੂਰਤ ਵਿਚ ਆਉਣ ਵਾਲੇ ਦਿਨਾਂ ਦੌਰਾਨ ਪੰਜਾਬ ਦੀ ਸਿਆਸਤ ਕਿਸ ਪਾਸੇ ਮੋੜ ਕੱਟੇਗੀ, ਇਹ ਸੰਜੀਦਗੀ ਨਾਲ ਵਿਚਾਰਨ ਵਾਲਾ ਮਸਲਾ ਹੈ। ਅਸਲ ਵਿਚ ਜਦੋਂ-ਜਦੋਂ ਵੀ ਕਿਤੇ ਚੋਣਾਂ ਨੇੜੇ ਆਉਂਦੀਆਂ ਹਨ, ਵੱਖ-ਵੱਖ ਸਿਆਸੀ ਧਿਰਾਂ ਆਪਣੀ ਕਾਰਗੁਜ਼ਾਰੀ ਦੀ ਥਾਂ 'ਤੇ ਅਜਿਹੀਆਂ ਤਿਕੜਮਾਂ ਰਾਹੀਂ ਚੋਣ ਮੈਦਾਨ ਜਿੱਤਣ ਦੀ ਦੌੜ ਵਿਚ ਪੈ ਜਾਂਦੀਆਂ ਹਨ। ਜਿੰਨਾ ਚਿਰ ਅਜਿਹੀ ਸਿਆਸਤ ਨੂੰ ਵੰਗਾਰਨ ਵਾਲੀ ਕੋਈ ਧਿਰ ਨਹੀਂ ਉਠਦੀ, ਕੁਹਜੀ ਸਿਆਸਤ ਦਾ ਇਹ ਰਾਗ ਇਸੇ ਤਰ੍ਹਾਂ ਅਲਾਪਿਆ ਜਾਦਾ ਰਹੇਗਾ ਅਤੇ ਬਿਨਾਂ ਸ਼ੱਕ, ਇਸ ਦਾ ਖਮਿਆਜ਼ਾ ਆਮ ਲੋਕ ਭੁਗਤਦੇ ਰਹਿਣਗੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਰਾਜ ਕਿਨ੍ਹਾਂ ਦਾ ਐ?*

'ਤੂਤੀ' ਬੋਲਦੀ ਸੁਣੇ ਸੰਵਿਧਾਨ ਦੀ ਨਾ, ਰੌਲਾ 'ਸਿਆਅਤੀ ਢੋਲ' ਦੇ ਡਗਿਆਂ ਦਾ।
ਮੋਹਰੇ ਕੇਂਦਰ ਦੇ ਰਾਜ ਬੇਬਸ ਹੋ ਕਏ, ਮੂੰਹ ਕਰ ਲੈਂਦੇ ਜਿਸ ਤਰ੍ਹਾਂ ਠੱਗਿਆਂ ਦਾ।
ਸੀ.ਐਮ. ਕਰ ਨਹੀਂ ਸਕਦਾ ਵਾਲ ਵਿੰਗਾ, ਨਾਲ 'ਵੱਡੀ ਸਰਕਾਰ' ਦੇ ਲੱਗਿਆਂ ਦਾ।
ਚਹੁੰ ਕੁ ਦਿਨਾਂ ਲਈ ਹੋਣ ਮਸ਼ਹੂਰ ਚਮਚੇ, ਨਾਮ ਰਹਿੰਦਾ ਏ 'ਦੁੱਲਿਆਂ ਜੱਗਿਆਂ ਦਾ।
ਬਦਲੇ ਅਰਥ ਕਹਾਵਤ ਦੇ ਹੋਣ ਲੱਗਾ, ਕਹੇ ਕਾਵਾਂ ਦੇ ਅੰਤ ਹੁਣ 'ਢੱਗਿਆਂ' ਦਾ।
ਰਾਜ ਲੋਕਾਂ ਦਾ ਕਹਿਣ ਨੂੰ ਦੇਸ ਅੰਦਰ, ਰਾਜ ਅਸਲ ਵਿਚ ਭਗਵਿਆਂ ਬੱਗਿਆਂ ਦਾ।

# ਆਰ.ਐਸ.ਐਸ., ਗੋਲਵਲਕਰ ਅਤੇ ਨਾਗਰਿਕਤਾ ਬਾਰੇ ਯੋਜਨਾ

***ਹਾਲੀਆ ਵਿਧਾਨ ਸਭਾ ਚੋਣਾਂ 'ਚ ਸ਼ਾਨਦਾਰ ਜਿੱਤ ਨੇ ਆਰ.ਐਸ.ਐਸ. ਨੂੰ ਆਪਣੀ ਤਾਕਤ ਬਾਰੇ ਸਵੈ-ਵਿਸ਼ਵਾਸ ਨਾਲ ਭਰ ਦਿੱਤਾ ਹੈ। ਇਸ ਨੇ ਹੁਣ ਇਹ ਮੰਨਣਾ ਸ਼ੁਰੂ ਕਰ ਦਿੱਤਾ ਹੈ ਕਿ ਲੁਕ-ਛਿਪ ਕੇ ਕੰਮ ਕਰਨ ਦੇ ਦਿਨ ਲੱਦ ਗਏ, ਹੁਣ ਸਪਸ਼ਟਤਾ ਦੇ ਦਿਨ ਹਨ। ਹੁਣ ਇਹ ਗੋਲਵਲਕਰ ਦੀ ਉਸ ਯੋਜਨਾ ਦੀ ਗੜਗੱਜ ਪਾ ਰਿਹਾ ਹੈ ਜਿਸ ਵਿਚ ਮੁਸਲਮਾਨਾਂ ਤੋਂ ਨਾਗਰਿਕਤਾ ਦਾ ਹੱਕ ਖੋਹਣ ਦੀ ਗੱਲ ਕੀਤੀ ਗਈ ਸੀ।***

ਜਦੋਂ ਭਾਰਤ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਚਾਰ ਰਾਜਾਂ ਵਿਚ ਭਾਰਤੀ ਜਨਤਾ ਪਾਰਟੀ ਦੀ ਜ਼ਬਰਦਸਤ ਜਿੱਤ ਤੋਂ ਬਾਅਦ ਰੋਡ ਸ਼ੋਅ ਲਈ ਅਹਿਮਦਾਬਾਦ ਪਹੁੰਚਿਆ ਤਾਂ ਉਸ ਵਕਤ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਸ਼ਹਿਰ 'ਚ ਆਪਣੇ ਸਾਲਾਨਾ ਸੰਮੇਲਨ 'ਚ ਐਮ.ਐਸ. ਗੋਲਵਲਕਰ ਦੇ ਵਿਵਾਦਪੂਰਨ ਵਿਚਾਰਾਂ 'ਚੋਂ ਇਕ ਨੂੰ ਚੁਪ-ਚੁਪੀਤੇ ਮੁੜ ਸੁਰਜੀਤ ਕਰਨ ਲਈ ਯਤਨਸ਼ੀਲ ਸੀ। ਗੋਲਵਲਕਰ ਦਾ ਵਿਵਾਦ ਵਾਲਾ ਇਹ ਵਿਚਾਰ ਮੁਸਲਮਾਨਾਂ ਤੋਂ ਨਾਗਰਿਕਤਾ ਖੋਹਣ ਦੀ ਮੰਗ ਕਰਦਾ ਹੈ।

12 ਮਾਰਚ ਨੂੰ ਕਾਨਫਰੰਸ ਵਿਚ ਜਾਰੀ ਸਾਲਾਨਾ ਰਿਪੋਰਟ ਵਿਚ ਆਰ.ਐਸ.ਐਸ. ਨੇ ਕਿਹਾ, "ਸੰਵਿਧਾਨ ਅਤੇ ਧਾਰਮਿਕ ਆਜ਼ਾਦੀ ਦੀ ਆੜ 'ਚ ਫਿਰਕੂ ਜਨੂਨ, ਰੈਲੀਆਂ, ਮੁਜ਼ਾਹਰੇ, ਸਮਾਜੀ ਅਨੁਸ਼ਾਸਨ ਅਤੇ ਪਰੰਪਰਾਵਾਂ ਦੀ ਉਲੰਘਣਾ, ਮਾਮੂਲੀ ਗੱਲਾਂ ਉੱਪਰ ਹਿੰਸਾ ਭੜਕਾਉਣ ਅਤੇ ਗੈਰ-ਕਾਨੂੰਨੀ ਤਰ੍ਹਾਂ ਦੀਆਂ ਬੁਜ਼ਦਿਲ ਕਾਰਵਾਈਆਂ 'ਚ ਵਾਧਾ ਹੋ ਰਿਹਾ ਹੈ। ਜਾਪਦਾ ਹੈ ਕਿ ਸਰਕਾਰੀ ਤੰਤਰ ਵਿਚ ਘੁਸਪੈਠ ਕਰਨ ਲਈ ਇਕ ਖਾਸ ਭਾਈਚਾਰੇ ਵੱਲੋਂ ਯੋਜਨਾਵਾਂ ਬਣਾਈਆਂ



**ਧੀਰੇਂਦਰ ਕੇ ਝਾਅ**

**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**


ਗਈਆਂ ਹਨ। ਲੱਗਦਾ ਹੈ, ਇਸ ਪਿੱਛੇ ਕਿਸੇ ਲੰਮੇ ਟੀਚੇ ਵਾਲੀ ਡੂੰਘੀ ਸਾਜ਼ਿਸ਼ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਏਕਤਾ, ਅਖੰਡਤਾ ਅਤੇ ਸਦਭਾਵਨਾ ਲਈ ਸੰਗਠਿਤ ਤਾਕਤ, ਜਾਗਰੂਕਤਾ ਅਤੇ ਸਰਗਰਮੀ ਨਾਲ ਇਸ ਸਾਜ਼ਿਸ਼ ਨੂੰ ਨਾਕਾਮ ਕਰਨ ਲਈ ਹਰ ਸੰਭਵ ਯਤਨ ਕਰਨ ਦੀ ਲੋੜ ਹੈ।"

ਸਪਸ਼ਟ ਹੈ ਕਿ ਇਹ ਰਿਪੋਰਟ ਭਾਰਤ ਦੇ ਸਭ ਤੋਂ ਵੱਡੇ ਘੱਟਗਿਣਤੀ ਭਾਈਚਾਰੇ, ਮੁਸਲਮਾਨਾਂ ਦੀ ਗੱਲ ਕਰ ਰਹੀ ਹੈ ਅਤੇ ਇਹ ਦਾਅਵਾ ਕਰਕੇ ਕਿ ਇਸ ਦੀ ਆੜ 'ਚ ਸਾਜ਼ਿਸ਼ ਕੀਤੀ ਜਾ ਰਹੀ ਹੈ, 'ਸੰਵਿਧਾਨ ਅਤੇ ਧਾਰਮਿਕ ਆਜ਼ਾਦੀ' 'ਤੇ ਸਵਾਲ ਉਠਾਉਣ ਦਾ ਆਧਾਰ ਤਿਆਰ ਕਰ ਰਹੀ ਹੈ।

ਆਰ.ਐਸ.ਐਸ. ਦੇ ਨਵੇਂ ਸੂਤਰ ਦਾ ਮੂਲ ਇਹ ਹੈ ਕਿ ਜਦੋਂ ਮੁਸਲਮਾਨਾਂ ਦੀ ਗੱਲ ਆਉਂਦੀ ਹੈ ਤਾਂ ਸੰਵਿਧਾਨ, ਭਾਰਤੀ ਨਾਗਰਿਕਾਂ ਦੇ ਅਧਿਕਾਰ ਪਾਸੇ ਰੱਖ ਦਿੱਤੇ ਜਾਂਦੇ ਹਨ। ਗੋਲਵਲਕਰ ਦੇ ਵਿਚਾਰਾਂ ਦਾ ਸਭ ਤੋਂ ਸਪਸ਼ਟ ਪ੍ਰਗਟਾਵਾ ਉਸ ਦੀ ਕਿਤਾਬ 'ਅਸੀਂ ਜਾਂ ਸਾਡੀ ਰਾਸ਼ਟਰੀਅਤਾ ਦੀ ਪਰਿਭਾਸ਼ਾ' ਵਿਚ ਮਿਲਦਾ ਹੈ ਜਿਸ ਵਿਚ ਉਸ ਨੇ ਘੱਟਗਿਣਤੀਆਂ ਲਈ ਪੂਰੀ ਤਰ੍ਹਾਂ ਨਸਲੀ ਅਧੀਨਗੀ ਦੀ ਗੱਲ ਕਰਦੇ ਹੋਏ ਸੰਘ ਦੇ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਦੀ ਤੁਲਨਾ ਹਿਟਲਰ ਦੇ ਯਹੂਦੀਆਂ ਨਾਲ ਵੈਰ ਨਾਲ ਕੀਤੀ ਹੈ।

ਸਰਸੰਘਚਾਲਕ ਗੋਲਵਲਕਰ ਨੇ ਆਪਣੀ 1939 ਦੀ ਕਿਤਾਬ 'ਚ ਲਿਖਿਆ ਸੀ, 'ਜਾਤੀ ਅਤੇ ਇਸ ਦੀ ਸੰਸਕ੍ਰਿਤੀ ਦੀ ਸ਼ੁੱਧਤਾ ਨੂੰ ਬਰਕਰਾਰ ਰੱਖਣ ਲਈ, ਜਰਮਨੀ ਨੇ ਮੁਲਕ ਦੀ ਯਹੂਦੀ ਨਸਲ ਨੂੰ ਸ਼ੁੱਧ ਕਰਕੇ ਦੁਨੀਆ ਨੂੰ ਹੈਰਾਨ ਕਰ ਦਿੱਤਾ। ਜਰਮਨੀ ਨੇ ਇਹ ਵੀ ਦਿਖਾਇਆ ਕਿ ਅਜਿਹੀਆਂ ਨਸਲਾਂ ਅਤੇ ਸੰਸਕ੍ਰਿਤੀਆਂ ਲਈ ਜਿਨ੍ਹਾਂ 'ਚ ਮੱਤਭੇਦ ਜੜ੍ਹ ਤੱਕ ਫੈਲੇ ਹੋਏ ਹਨ, ਸ਼ੁੱਧਤਾ ਕਿੰਨੀ ਅਸੰਭਵ ਹੈ। ਸਾਡੇ ਲਈ ਹਿੰਦੁਸਤਾਨ ਵਿਚ ਇਹ ਸਿੱਖਣ ਵਾਲਾ ਸਬਕ ਹੈ।'

ਗੈਰ-ਹਿੰਦੂਆਂ ਨੂੰ ਵਿਦੇਸ਼ੀ ਨਸਲ ਕਰਾਰ ਦੇਣ ਤੋਂ ਬਾਅਦ ਗੋਲਵਲਕਰ ਨੇ ਭਾਰਤ ਵਿਚ ਘੱਟਗਿਣਤੀਆਂ ਲਈ ਯਹੂਦੀਆਂ ਦਾ ਸਫਾਇਆ ਕਰਨ ਦੇ ਨਾਜ਼ੀ ਪ੍ਰਯੋਗ ਵਰਗਾ ਹੱਲ ਕੱਢਿਆ: 'ਇਸ ਨਜ਼ਰੀਏ ਤੋਂ ਜੋ ਸਿਆਣੀਆਂ ਪੁਰਾਣੀਆਂ ਕੌਮਾਂ ਦੇ ਤਜਰਬੇ ਦੁਆਰਾ ਸਵੀਕਾਰ ਕੀਤਾ ਗਿਆ ਹੈ, ਭਾਰਤ ਵਿਚ ਵਸਦੀਆਂ ਵਿਦੇਸ਼ੀ ਨਸਲਾਂ ਨੂੰ ਜਾਂ ਤਾਂ ਹਿੰਦੂ ਸੰਸਕ੍ਰਿਤੀ ਅਤੇ ਭਾਸ਼ਾ ਨੂੰ ਅਪਣਾ ਲੈਣਾ ਚਾਹੀਦਾ ਹੈ, ਹਿੰਦੂ ਧਰਮ ਦਾ ਸਤਿਕਾਰ ਕਰਨਾ ਸਿੱਖਣਾ ਚਾਹੀਦਾ ਹੈ, ਹਿੰਦੂ ਨਸਲ ਅਤੇ ਸੰਸਕ੍ਰਿਤੀ ਉੱਪਰ ਮਾਣ ਕਰਨ ਵਾਲੇ ਵਿਚਾਰਾਂ ਨੂੰ ਅਪਣਾ ਲੈਣਾ ਚਾਹੀਦਾ ਹੈ ਅਤੇ ਆਪਣੀ ਵੱਖਰੀ ਹੋਂਦ ਨੂੰ ਪੂਰੀ ਤਰ੍ਹਾਂ ਹਿੰਦੂ ਨਸਲ ਨੂੰ ਸੌਂਪ ਦੇਣਾ ਚਾਹੀਦਾ ਹੈ ਜਾਂ ਪੂਰੀ ਤਰ੍ਹਾਂ ਹਿੰਦੂ ਰਾਸ਼ਟਰ ਦੇ ਅਧੀਨ ਰਹਿੰਦੇ ਹੋਏ ਮੁਲਕ 'ਚ ਟਿਕੇ ਰਹਿਣਾ ਚਾਹੀਦਾ ਹੈ ਅਤੇ ਅਜਿਹਾ ਕਰਦੇ ਸਮੇਂ ਉਨ੍ਹਾਂ ਨੂੰ ਕਿਸੇ ਕਿਸਮ ਦਾ ਕੋਈ ਦਾਅਵਾ ਨਹੀਂ ਕਰਨਾ ਹੋਵੇਗਾ, ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਕੋਈ ਵਿਸ਼ੇਸ਼ ਅਧਿਕਾਰ ਨਹੀਂ



ਮਿਲੇਗਾ ਅਤੇ ਕਿਸੇ ਵੀ ਤਰ੍ਹਾਂ ਦੇ ਸਹੂਲਤ ਪ੍ਰਾਪਤ ਵਿਹਾਰ ਤਾਂ ਦੂਰ ਦੀ ਗੱਲ ਹੈ, ਉਨ੍ਹਾਂ ਨੂੰ ਨਾਗਰਿਕ ਦਾ ਵੀ ਹੱਕ ਨਹੀਂ ਮਿਲੇਗਾ।'

1948 'ਚ ਆਰ.ਐਸ.ਐਸ. ਦੇ ਇਕ ਮੈਂਬਰ ਦੁਆਰਾ ਮੋਹਨਦਾਸ ਕਰਮਚੰਦ ਗਾਂਧੀ ਦੀ ਹੱਤਿਆ ਕਾਰਨ ਜਥੇਬੰਦੀ ਦੀ ਭਰੋਸੇਯੋਗਤਾ ਨੂੰ ਭਾਰੀ ਨੁਕਸਾਨ ਪਹੁੰਚਿਆ ਸੀ ਤੇ ਸਰਕਾਰ ਨੇ ਸੰਘ ਵਿਰੁੱਧ ਸਖਤ ਕਾਰਵਾਈ ਕੀਤੀ ਸੀ। ਉਦੋਂ ਤੋਂ ਆਰ.ਐਸ.ਐਸ. ਨੇ ਬਹੁਤ ਹੀ ਸਾਵਧਾਨੀ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਬਾਅਦ ਦੇ ਸਾਲਾਂ 'ਚ ਗੋਲਵਲਕਰ ਅਤੇ ਉਸ ਦੀ ਸੰਸਥਾ ਨੇ ਆਪਣੇ ਆਪ ਨੂੰ ਇਸ ਕਿਤਾਬ ਤੋਂ ਦੂਰ ਕਰ ਲਿਆ।

ਪਰ ਇੰਝ ਜਾਪਦਾ ਹੈ ਕਿ ਇਹ ਦੂਰੀ ਦਿਖਾਵਾ ਸੀ ਅਤੇ ਆਰ.ਐਸ.ਐਸ. ਕਿਤਾਬ ਦੇ ਸਮਾਜੀ-ਰਾਜਨੀਤਕ ਪ੍ਰੋਜੈਕਟ ਉੱਪਰ ਤਹੱਮਲ ਨਾਲ ਕੰਮ ਕਰਦੀ ਰਹੀ ਹੈ। ਆਰ.ਐਸ.ਐਸ. ਦੀ 12 ਮਾਰਚ ਦੀ ਰਿਪੋਰਟ ਇਸ ਤੱਥ ਦੀ ਪੁਸ਼ਟੀ ਹੈ। ਜਿਉਂ-ਜਿਉਂ ਅਸੀਂ ਇਸ ਰਿਪੋਰਟ ਦੀ ਗੂੜ੍ਹ ਭਾਸ਼ਾ ਦੇ ਭੁਲੇਖੇ ਵਿਚੋਂ ਬਾਹਰ ਨਿਕਲ ਕੇ ਇਸ ਵਿਚ ਛੁਪੇ ਰਾਜ਼ ਨੂੰ ਸਮਝਣ ਲੱਗਦੇ ਹਾਂ, ਤਿਉਂ-ਤਿਉਂ ਗੋਲਵਲਕਰ ਦੇ ਮੂਲ ਫਾਰਮੂਲੇ ਅਨੁਸਾਰੀ ਵਿਚਾਰ ਯੋਜਨਾ ਸਪਸ਼ਟ ਹੁੰਦੀ ਜਾਂਦੀ ਹੈ; ਅਜਿਹਾ ਫਾਰਮੂਲਾ ਜਿਸ ਨੂੰ ਉਦੋਂ ਤੱਕ ਖੁੱਲ੍ਹ ਕੇ ਨਹੀਂ ਕਿਹਾ ਜਾ ਸਕਦਾ ਜਦੋਂ ਤੱਕ ਸੰਘ ਮੋਦੀ ਰਾਜ ਦੇ ਤਹਿਤ ਮੁਲਕ ਉੱਪਰ ਆਪਣਾ ਦਬਦਬਾ ਕਾਇਮ ਨਹੀਂ ਕਰ ਲੈਂਦਾ।

ਪਾਬੰਦੀਆਂ ਦੌਰਾਨ ਮਾਯੂਸੀ ਦੀ ਹਾਲਤ 'ਚ ਸੰਘ ਨੇ 'ਅਸੀਂ ਅਤੇ ਸਾਡੀ ਰਾਸ਼ਟਰੀਅਤਾ ਦੀ ਪਰਿਭਾਸ਼ਾ' ਦੀ ਜਗ੍ਹਾ ਗੋਲਵਲਕਰ ਦੇ ਭਾਸ਼ਣਾਂ ਦੇ ਸੰਗ੍ਰਹਿ 'ਬੰਚ ਆਫ ਥਾਟਸ' (ਵਿਚਾਰਾਂ ਦਾ ਸਮੂਹ) ਨੂੰ ਅਧਿਕਾਰਕ ਤੌਰ 'ਤੇ ਜਥੇਬੰਦੀ ਦੀ ਕੇਂਦਰੀ ਵਿਚਾਰਧਾਰਾ ਮੰਨਿਆ। 1966 'ਚ ਛਪੇ ਇਸ ਸੰਗ੍ਰਹਿ 'ਚ ਗੋਲਵਲਕਰ ਦੀ ਪਹਿਲੀ ਕਿਤਾਬ ਦੇ ਵਿਚਾਰਾਂ ਨੂੰ ਲਿਆ ਗਿਆ ਪਰ ਅੰਦਰੂਨੀ ਦੁਸ਼ਮਣ ਕੌਣ ਹੈ, ਬਾਰੇ ਪਹਿਲਾਂ ਵਾਲੀ ਸਪਸ਼ਟਤਾ ਨੂੰ ਧੁੰਦਲਾ ਕਰ ਲਿਆ। 1966 ਵਾਲੀ ਕਿਤਾਬ ਇਸ ਸਿਧਾਂਤ ਉੱਪਰ ਖਾਮੋਸ਼ ਸੀ ਕਿ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਸੰਘ ਨੂੰ ਮੁਸਲਮਾਨਾਂ ਵਿਰੁੱਧ ਕੀ ਕਾਰਵਾਈਆਂ ਕਰਨ ਦੀ ਜ਼ਰੂਰਤ ਹੋਵੇਗੀ। ਨਵੀਂ ਕਿਤਾਬ ਵਿਚ ਗੋਲਵਲਕਰ ਨੇ ਮੁਸਲਮਾਨਾਂ ਨੂੰ ਹਿੰਦੂ ਰਾਸ਼ਟਰ ਦੇ ਗਠਨ ਲਈ ਤਿੰਨ ਮੁੱਖ ਖਤਰਿਆਂ ਵਿਚੋਂ ਇਕ ਵਜੋਂ ਦੇਖਿਆ ਸੀ। ਬਾਕੀ ਦੋ ਸਨ: ਇਸਾਈ ਅਤੇ ਕਮਿਊਨਿਸਟ। ਨਾਲ ਹੀ ਹਿੰਦੂਆਂ ਨੂੰ ਰਾਸ਼ਟਰ ਦੇ ਇੱਕੋ-ਇਕ ਸੱਚੇ ਪ੍ਰੇਮੀ ਵਜੋਂ ਪੇਸ਼ ਕੀਤਾ: 'ਕੀ ਭਾਰਤ ਦੀ ਵੰਡ ਤੋਂ ਬਾਅਦ ਇੱਥੇ ਰਹਿਣ ਵਾਲੇ ਬਦਲ ਗਏ ਹਨ? ਕੀ 1946-47 ਦੇ ਸਮੂਹਿਕ ਦੰਗਿਆਂ, ਲੁੱਟਮਾਰ, ਅੱਗਜ਼ਨੀ, ਬਲਾਤਕਾਰ ਦੇ ਨਤੀਜੇ ਵਜੋਂ ਹੁਣ ਉਨ੍ਹਾਂ ਦੀ ਪੁਰਾਣੀ ਦੁਸ਼ਮਣੀ ਅਤੇ ਕਾਤਲਾਨਾ ਮਨੋਦਸ਼ਾ ਬਦਲ ਗਈ ਹੈ? ਇਹ ਮੰਨਣਾ ਆਤਮਘਾਤੀ ਹੋਵੇਗਾ ਕਿ ਪਾਕਿਸਤਾਨ ਬਣਨ ਤੋਂ ਬਾਅਦ ਉਹ ਰਾਤੋ-ਰਾਤ ਦੇਸ਼ਭਗਤ ਬਣ ਗਏ ਹਨ। ਇਸ ਦੇ ਉਲਟ ਪਾਕਿਸਤਾਨ ਬਣਨ ਨਾਲ ਮੁਸਲਮਾਨਾਂ ਦਾ ਖਤਰਾ ਸੌ ਗੁਣਾ ਵਧ ਗਿਆ ਹੈ ਜੋ ਸਾਡੇ ਮੁਲਕ 'ਤੇ ਉਨ੍ਹਾਂ ਦੇ ਭਵਿੱਖੀ ਹਮਲਾਵਰ ਹਮਲਿਆਂ ਲਈ ਹੁਲਾਰਾ ਬਣ ਗਿਆ ਹੈ... ਸਗੋਂ ਪੂਰੇ ਮੁਲਕ ਵਿਚ ਜਿੱਥੇ ਵੀ ਕੋਈ ਮਸਜਿਦ ਜਾਂ ਮੁਸਲਮਾਨ ਮੁਹੱਲਾ ਹੈ, ਮੁਸਲਮਾਨ ਸਮਝਦੇ ਹਨ ਕਿ ਇਹ ਉਨ੍ਹਾਂ ਦਾ ਆਪਣਾ ਆਜ਼ਾਦ ਇਲਾਕਾ ਹੈ। ਜੇ ਹਿੰਦੂ ਕਦੇ ਗੀਤ-ਸੰਗੀਤ ਦੇ ਨਾਲ ਜਲੂਸ ਕੱਢਦੇ ਹਨ ਤਾਂ ਉਹ ਇਹ ਕਹਿੰਦੇ ਹੋਏ ਗੁੱਸੇ ਵਿਚ ਆ ਜਾਂਦੇ ਹਨ ਕਿ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਗਈ ਹੈ। ਜੇ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਐਨੀਆਂ ਹੀ ਸੰਵੇਦਨਸ਼ੀਲ ਹੋ ਗਈਆਂ ਹਨ ਕਿ ਉਨ੍ਹਾਂ ਨੂੰ ਸੁਰੀਲੇ ਸੰਗੀਤ ਨਾਲ ਠੇਸ ਪਹੁੰਚਦੀ ਹੈ, ਤਾਂ ਉਹ ਆਪਣੀਆਂ ਮਸਜਿਦਾਂ ਨੂੰ ਜੰਗਲਾਂ ਵਿਚ ਕਿਉਂ ਨਹੀਂ ਲੈ ਜਾਂਦੇ ਅਤੇ ਉੱਥੇ ਸ਼ਾਂਤੀ ਨਾਲ ਨਮਾਜ ਕਿਉਂ ਨਹੀਂ ਪੜ੍ਹਦੇ?'

'ਬੰਚ ਆਫ ਥਾਟਸ' ਵਿਚ ਗੋਲਵਲਕਰ ਨੇ ਕਿਤੇ ਵੀ ਇਹ ਨਹੀਂ ਦੱਸਿਆ ਕਿ ਸੱਤਾ ਵਿਚ ਆਉਣ ਤੋਂ ਬਾਅਦ ਸੰਘ ਮੁਸਲਮਾਨਾਂ ਨਾਲ ਨਜਿੱਠਣ ਲਈ ਕਿਹੜੇ ਤਰੀਕੇ ਵਰਤੇਗਾ। ਨਵੇਂ ਵਿਚਾਰਧਾਰਕ ਪਾਠ ਵਿਚੋਂ ਨਾਜ਼ੀਆਂ ਅਤੇ ਉਨ੍ਹਾਂ ਦੇ ਯਹੂਦੀ-ਵੈਰ ਦੇ ਹਵਾਲੇ ਵੀ ਗਾਇਬ ਹੋ ਗਏ। ਕਿਤਾਬ ਖਤਰਿਆਂ ਦੀ ਗੱਲ ਕਰਦੀ ਹੈ ਪਰ ਅੱਗੇ ਵਧਣ ਦਾ ਰਾਹ ਦੱਸਣ ਤੋਂ ਬਚਦੀ ਹੈ।

ਸਤੰਬਰ 2018 'ਚ ਮੌਜੂਦਾ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਗੋਲਵਲਕਰ ਦੇ ਵਿਚਾਰਾਂ ਦੇ ਇਸ ਪੇਤਲੇ ਰੂਪ ਨੂੰ ਨਵਾਂ ਰੂਪ ਦੇਣ ਦੀ ਕੋਸ਼ਿਸ਼ ਕੀਤੀ। ਉਦੋਂ ਉਸ ਨੇ ਐਲਾਨ ਕੀਤਾ ਕਿ 'ਬੰਚ ਆਫ ਥਾਟਸ' ਵਿਚ ਪ੍ਰਗਟਾਏ ਕੁਝ ਵਿਚਾਰ ਸਦੀਵੀ ਨਹੀਂ: "ਚੀਜ਼ਾਂ ਹਾਲਾਤ ਅਤੇ ਕਿਸੇ ਖਾਸ ਪ੍ਰਸੰਗ 'ਚ ਕਹੀਆਂ ਜਾਂਦੀਆਂ ਹਨ। ਉਹ ਸਦੀਵੀ ਨਹੀਂ ਹੁੰਦੀਆਂ।" ਉਹ ਦਿੱਲੀ ਵਿਚ ਸਮਾਰੋਹ ਵਿਚ ਭਾਰਤ ਵਿਚ ਗੈਰ-ਹਿੰਦੂਆਂ ਬਾਰੇ ਆਰ.ਐਸ.ਐਸ. ਦੇ ਵਿਚਾਰਾਂ ਨੂੰ ਲੈ ਕੇ ਘੱਟਗਿਣਤੀਆਂ ਵਿਚ ਪੈਦਾ ਹੋਏ ਖਦਸ਼ਿਆਂ ਬਾਰੇ ਸਵਾਲ ਦਾ ਜਵਾਬ ਦੇ ਰਹੇ ਸਨ: "ਅਸੀਂ 'ਵਿਜ਼ਨ ਐਂਡ ਮਿਸ਼ਨ: ਗੁਰੂ ਜੀ' ਕਿਤਾਬ ਛਾਪੀ ਹੈ ਜਿਸ ਵਿਚ ਉਨ੍ਹਾਂ ਦੇ ਸਦੀਵੀ ਵਿਚਾਰ ਹਨ। ਅਸੀਂ ਉਨ੍ਹਾਂ ਸਾਰੇ ਵਿਚਾਰਾਂ ਨੂੰ ਹਟਾ ਦਿੱਤਾ ਹੈ ਜੋ ਕੁਝ ਖਾਸ ਹਾਲਾਤ ਵਿਚ ਉੱਭਰੇ ਹੋਣਗੇ ਅਤੇ ਸਿਰਫ ਉਨ੍ਹਾਂ ਨੂੰ ਹੀ ਰੱਖਿਆ ਹੈ ਜੋ ਸਦੀਵੀ ਹਨ।" ਉਨ੍ਹਾਂ ਕਿਹਾ, "ਆਰ.ਐਸ.ਐਸ. ਕੋਈ ਜੜ੍ਹ ਜਥੇਬੰਦੀ ਨਹੀਂ ਹੈ, ਸਮੇਂ ਨਾਲ ਸਾਡੀ ਸੋਚ ਅਤੇ ਇਸ ਦਾ ਇਜ਼ਹਾਰ ਵੀ ਬਦਲ ਜਾਂਦਾ ਹੈ।"

ਆਰ.ਐਸ.ਐਸ. ਦੀ ਤਾਜ਼ਾ ਸਾਲਾਨਾ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਇਸ ਨੇ ਕਦੇ ਵੀ ਆਪਣੇ ਆਪ ਨੂੰ 'ਅਸੀਂ ਅਤੇ ਸਾਡੀ ਰਾਸ਼ਟਰੀਅਤਾ ਦੀ ਪਰਿਭਾਸ਼ਾ' ਤੋਂ ਦੂਰ ਨਹੀਂ ਕੀਤਾ। ਜਦੋਂ ਤੋਂ ਮੋਦੀ ਸੱਤਾ ਵਿਚ ਆਇਆ ਹੈ, ਗੋਲਵਲਕਰ ਦੀ ਯੋਜਨਾ ਪੂਰੇ ਭਾਰਤ ਵਿਚ ਫੈਲ ਗਈ ਹੈ। ਮੁਸਲਮਾਨਾਂ ਦੀ ਲਿੰਚਿੰਗ, ਹਿਜਾਬ 'ਤੇ ਹਮਲੇ, ਮੁਸਲਿਮ ਕਾਰਕੁਨਾਂ ਦੀਆਂ ਗ੍ਰਿਫਤਾਰੀਆਂ ਅਤੇ ਨਾਗਰਿਕਤਾ (ਸੋਧ) ਐਕਟ-2019 ਦਾ ਵਿਰੋਧ ਕਰਨ ਵਾਲਿਆਂ ਨੂੰ ਫਸਾਉਣ ਤੋਂ ਇਹ ਸਪਸ਼ਟ ਹੈ। ਲੋਕ ਸਭਾ ਚੋਣਾਂ 'ਚ ਭਾਜਪਾ ਦੀ ਜ਼ਬਰਦਸਤ ਜਿੱਤ ਤੋਂ ਤਕਰੀਬਨ ਤਿੰਨ ਸਾਲ ਬਾਅਦ, ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਇਸ ਦੀ ਸ਼ਾਨਦਾਰ ਜਿੱਤ ਨੇ ਆਰ.ਐਸ.ਐਸ. ਨੂੰ ਆਪਣੀ ਤਾਕਤ ਬਾਰੇ ਸਵੈ-ਵਿਸ਼ਵਾਸ ਨਾਲ ਭਰ ਦਿੱਤਾ ਹੈ। ਸੰਘ ਨੇ ਹੁਣ ਇਹ ਮੰਨਣਾ ਸ਼ੁਰੂ ਕਰ ਦਿੱਤਾ ਹੈ ਕਿ ਲੁਕ-ਛਿਪ ਕੇ ਕੰਮ ਕਰਨ ਦੇ ਦਿਨ ਲੱਦ ਗਏ, ਹੁਣ ਸਪਸ਼ਟਤਾ ਦੇ ਦਿਨ ਹਨ। ਅਜਿਹੇ ਸਮੇਂ 'ਚ ਜਦੋਂ ਆਰ.ਐਸ.ਐਸ. ਅਧਿਕਾਰਕ ਤੌਰ 'ਤੇ ਗੋਲਵਲਕਰ ਦੀ ਯੋਜਨਾ ਦੀ ਗੜਗੱਜ ਪਾ ਰਿਹਾ ਹੈ, ਮੋਦੀ ਦੀ ਅਹਿਮਦਾਬਾਦ ਵਿਚ ਮੌਜੂਦਗੀ ਇਤਫਾਕ ਨਹੀਂ ਹੋ ਸਕਦੀ। ਇਹ ਸਥਿਤੀ ਸਮੁੱਚੇ ਹਾਲਾਤ ਨੂੰ ਹੋਰ ਭਿਆਨਕ ਬਣਾ ਦਿੰਦੀ ਹੈ।

*ਪਿਛਲੇ ਦਿਨੀਂ ਭਾਰਤ ਦੀ ਆਲ ਇੰਡੀਆ ਸਰਵਿਸਿਜ਼ ਦੇ 108 ਸਾਬਕਾ ਅਧਿਕਾਰੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖੁੱਲ੍ਹੀ ਚਿੱਠੀ ਲਿਖ ਕੇ ਘੱਟਗਿਣਤੀ ਭਾਈਚਾਰਿਆਂ, ਖਾਸਕਰ ਮੁਸਲਮਾਨਾਂ ਵਿਰੁੱਧ ਵਧ ਰਹੀ ਹਿੰਸਾ ਬਾਬਤ 'ਰੋਹ ਅਤੇ ਗੁੱਸਾ' ਜ਼ਾਹਿਰ ਕੀਤਾ ਹੈ। 'ਕਾਂਸਟੀਟਿਊਸ਼ਨਲ ਕੰਡਕਟ ਗਰੁੱਪ' ਦੀ ਤਰਫੋਂ ਲਿਖੀ ਇਸ ਚਿੱਠੀ ਉਪਰ 70 ਸਾਬਕਾ ਆਈ.ਏ.ਐਸ., 10 ਸਾਬਕਾ ਆਈ.ਪੀ.ਐਸ. ਅਫਸਰਾਂ ਦੇ ਦਸਤਖਤ ਹਨ। ਦਸ ਅਜਿਹੇ ਅਫਸਰਾਂ ਦੇ ਦਸਤਖਤ ਹਨ ਜੋ ਸਵੀਡਨ, ਇਟਲੀ, ਪੁਰਤਗਾਲ, ਯੂ.ਕੇ., ਮਿਆਂਮਾਰ, ਮੈਕਸੀਕੋ, ਮਿਸਰ, ਨੀਦਰਲੈਂਡ, ਜਾਪਾਨ, ਐਸਟੋਨੀਆ 'ਚ ਭਾਰਤੀ ਰਾਜਦੂਤ ਵਜੋਂ ਸੇਵਾਵਾਂ ਦੇ ਚੁੱਕੇ ਹਨ। ਹਸਤਾਖਰੀਆਂ ਵਿਚ ਭਾਰਤੀ ਜੰਗਲਾਤ ਸੇਵਾ, ਭਾਰਤੀ ਡਾਕ ਸੇਵਾ, ਭਾਰਤੀ ਮਾਲੀਆ ਸੇਵਾ ਵਿਚ ਕੰਮ ਕਰ ਚੁੱਕੇ ਵੀਹ ਸਾਬਕਾ ਅਫਸਰ ਸ਼ਾਮਿਲ ਹਨ। ਇਹ ਸਾਰੇ ਸੇਵਾਮੁਕਤ ਅਫਸਰ ਹਨ। ਇਨ੍ਹਾਂ ਵੱਲੋਂ ਲਿਖੀ ਇਸ ਚਿੱਠੀ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।*

# ਸਾਬਕਾ ਉਚ ਅਫਸਰਾਂ ਨੇ 'ਹਾਅ ਦਾ ਨਾਅਰਾ' ਮਾਰਿਆ

## ਘੱਟ ਗਿਣਤੀਆਂ ਖਿਲਾਫ ਹਿੰਸਾ ਬਾਬਤ ਪ੍ਰਧਾਨ ਮੰਤਰੀ ਦੇ ਨਾਮ ਖੁੱਲ੍ਹੀ ਚਿੱਠੀ

ਪਿਆਰੇ ਪ੍ਰਧਾਨ ਮੰਤਰੀ ਜੀ,

ਅਸੀਂ ਆਪਣੇ ਮੁਲਕ ਵਿਚ ਨਫਰਤ ਨਾਲ ਭਰੀ ਤਬਾਹੀ ਦਾ ਪਾਗਲਪਨ ਦੇਖ ਰਹੇ ਹਾਂ ਜਿੱਥੇ ਬਲੀ ਦੀ ਵੇਦੀ 'ਤੇ ਸਿਰਫ ਮੁਸਲਮਾਨ ਅਤੇ ਹੋਰ ਘੱਟਗਿਣਤੀ ਭਾਈਚਾਰਿਆਂ ਦੇ ਮੈਂਬਰ ਹੀ ਨਹੀਂ ਸਗੋਂ ਸੰਵਿਧਾਨ ਵੀ ਹੈ। ਸਾਬਕਾ ਸਿਵਲ ਅਧਿਕਾਰੀਆਂ ਵਜੋਂ, ਆਮ ਤੌਰ 'ਤੇ ਅਜਿਹੇ ਘੋਰ ਸ਼ਬਦਾਂ ਵਿਚ ਆਪਣੀ ਗੱਲ ਕਹਿਣਾ ਸਾਡੀ ਇੱਛਾ ਨਹੀਂ ਹੁੰਦੀ ਪਰ ਸਾਡੇ ਸੰਸਥਾਪਕ ਬਜ਼ੁਰਗਾਂ ਵੱਲੋਂ ਬਣਾਈ ਸੰਵਿਧਾਨਕ ਇਮਾਰਤ ਨੂੰ ਜਿਸ ਰਫਤਾਰ ਨਾਲ ਤਬਾਹ ਕੀਤਾ ਜਾ ਰਿਹਾ ਹੈ, ਉਹ ਸਾਨੂੰ ਬੋਲਣ ਅਤੇ ਆਪਣੇ ਗੁੱਸੇ ਤੇ ਦੁੱਖ ਦਾ ਇਜ਼ਹਾਰ ਕਰਨ ਲਈ ਮਜਬੂਰ ਕਰ ਰਹੀ ਹੈ।

ਪਿਛਲੇ ਕੁਝ ਸਾਲਾਂ ਤੇ ਮਹੀਨਿਆਂ ਵਿਚ ਬਹੁਤ ਸਾਰੇ ਰਾਜਾਂ- ਅਸਾਮ, ਦਿੱਲੀ, ਗੁਜਰਾਤ, ਹਰਿਆਣਾ, ਕਰਨਾਟਕ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਤੇ ਉੱਤਰਾਖੰਡ, ਜਿੱਥੇ ਭਾਰਤੀ ਜਨਤਾ ਪਾਰਟੀ ਸੱਤਾ ਵਿਚ ਹੈ, ਤੇ ਦਿੱਲੀ ਜਿੱਥੇ ਪੁਲਿਸ ਉੱਪਰ ਕੇਂਦਰ ਸਰਕਾਰ ਦਾ ਕੰਟਰੋਲ ਹੈ, ਵਿਚ ਘੱਟਗਿਣਤੀ ਭਾਈਚਾਰਿਆਂ, ਖਾਸਕਰ ਮੁਸਲਮਾਨਾਂ ਵਿਰੁੱਧ ਨਫਰਤੀ ਹਿੰਸਾ ਵਿਚ ਵਾਧੇ ਨੇ ਡਰਾਉਣਾ ਨਵਾਂ ਪਹਿਲੂ ਗ੍ਰਹਿਣ ਕਰ ਲਿਆ ਹੈ। ਇਹ ਹੁਣ ਸਿਰਫ ਦਾਅਵੇਦਾਰੀ ਦੀ ਹਿੰਦੂਤਵੀ ਪਛਾਣ ਰਾਜਨੀਤੀ ਨਹੀਂ ਰਹੀ, ਨਾ ਹੀ ਇਹ ਹੁਣ ਮਹਿਜ਼ ਫਿਰਕੂ ਕੜਾਹੇ ਨੂੰ ਉਬਲਦਾ ਰੱਖਣ ਦੀ ਕੋਸ਼ਿਸ਼ ਹੈ - ਉਹ ਸਭ ਕੁਝ ਜੋ ਦਹਾਕਿਆਂ ਤੋਂ ਚੱਲ ਰਿਹਾ ਸੀ ਅਤੇ ਪਿਛਲੇ ਕੁਝ ਸਾਲਾਂ ਵਿਚ ਨਵੀਂ ਸਹਿਜ ਹਾਲਤ ਦਾ ਹਿੱਸਾ ਬਣ ਗਿਆ ਸੀ। ਹੁਣ ਜੋ ਚਿੰਤਾਜਨਕ ਹੈ, ਉਹ ਹੈ ਸਾਡੇ ਸੰਵਿਧਾਨ ਦੇ ਬੁਨਿਆਦੀ ਸਿਧਾਂਤਾਂ ਅਤੇ ਕਾਨੂੰਨ ਦੇ ਰਾਜ ਦਾ ਬਹੁਗਿਣਤੀਵਾਦ ਦੀਆਂ ਤਾਕਤਾਂ ਦੇ ਅਧੀਨ ਹੋ ਜਾਣਾ ਜਿਸ ਵਿਚ ਸਟੇਟ ਦੀ ਪੂਰੀ ਮਿਲੀਭੁਗਤ ਪ੍ਰਤੀਤ ਹੁੰਦੀ ਹੈ।

ਮੁਸਲਮਾਨਾਂ ਵਿਰੁੱਧ ਸੇਧਤ ਨਫਰਤ ਉਨ੍ਹਾਂ ਰਾਜਾਂ ਦੇ ਢਾਂਚਿਆਂ, ਸੰਸਥਾਵਾਂ ਅਤੇ ਸ਼ਾਸਨ ਦੇ ਅਮਲਾਂ ਵਿਚ ਡੂੰਘੇ ਰੂਪ ਵਿਚ ਘਰ ਕਰ ਗਈ ਹੈ ਜਿੱਥੇ ਭਾਜਪਾ ਸੱਤਾ ਵਿਚ ਹੈ। ਅਮਨ-ਸ਼ਾਂਤੀ ਅਤੇ ਸਦਭਾਵਨਾ ਕਾਇਮ ਰੱਖਣ ਦਾ ਸਾਧਨ ਬਣਨ ਦੀ ਬਜਾਏ ਕਾਨੂੰਨ ਦਾ ਢਾਂਚਾ ਉਹ ਸਾਧਨ ਬਣ ਗਿਆ ਹੈ ਜਿਸ ਰਾਹੀਂ ਘੱਟਗਿਣਤੀਆਂ ਨੂੰ ਖੌਫਜ਼ਦਾ ਰੱਖਿਆ ਜਾ ਸਕਦਾ ਹੈ। ਉਨ੍ਹਾਂ ਤੋਂ ਆਪਣੇ ਧਰਮ ਨੂੰ ਮੰਨਣ, ਰੀਤੀ-ਰਿਵਾਜਾਂ, ਪਹਿਰਾਵੇ ਦੀ ਮਰਿਯਾਦਾ ਅਤੇ ਆਪਣੀ ਪਸੰਦ ਦਾ ਭੋਜਨ ਖਾਣ ਦਾ ਸੰਵਿਧਾਨਕ ਹੱਕ ਖੋਹਿਆ ਜਾ ਰਿਹਾ ਹੈ। ਇਹ ਸਿਰਫ ਚੌਕਸੀ ਹਜੂਮਾਂ ਨੂੰ ਉਨ੍ਹਾਂ ਉੱਪਰ ਬੇਰੋਕ-ਟੋਕ ਹਿੰਸਕ ਹਮਲੇ ਕਰਨ ਦੀ ਖੁੱਲ੍ਹ ਦੇ ਕੇ ਹੀ ਨਹੀਂ ਸਗੋਂ ਕਾਨੂੰਨ ਨੂੰ ਤੋੜ-ਮਰੋੜ ਕੇ ਉਨ੍ਹਾਂ ਦੀ ਆਪਣੀ ਪਸੰਦ ਦੀ ਆਜ਼ਾਦੀ ਉੱਪਰ ਰੋਕਾਂ ਲਾਉਣ ਅਤੇ ਪੱਖਪਾਤੀ, ਫਿਰਕੂ ਸਰਕਾਰ ਲਈ ਰਾਜ ਸੱਤਾ ਦੀ ਵਰਤੋਂ ਨੂੰ ਸੁਖਾਲਾ ਬਣਾ ਕੇ ਕੀਤਾ ਜਾ ਰਿਹਾ ਹੈ।

ਇਉਂ ਰਾਜ ਸ਼ਕਤੀ ਦੀ ਵਰਤੋਂ ਸਿਰਫ ਇਕ ਭਾਈਚਾਰੇ ਵਿਰੁੱਧ ਸੇਧਤ ਚੌਕਸੀ ਗਰੋਹਾਂ ਦੀ ਹਿੰਸਾ ਨੂੰ ਸੁਖਾਲਾ ਬਣਾਉਣ ਲਈ ਹੀ ਨਹੀਂ ਕੀਤੀ ਜਾਂਦੀ ਸਗੋਂ ਪ੍ਰਸ਼ਾਸਨ ਨੂੰ ਸਪਸ਼ਟ ਤੌਰ 'ਤੇ ਕਾਨੂੰਨੀ ਸਾਧਨ ਮੁਹੱਈਆ ਕਰਾਉਣ ਲਈ ਵੀ ਕੀਤੀ ਜਾ ਰਹੀ ਹੈ (ਮਿਸਾਲ ਵਜੋਂ, ਧਰਮ ਪਰਿਵਰਤਨ ਵਿਰੋਧੀ ਕਾਨੂੰਨ, ਬੀਫ ਦੀ ਖਪਤ ਰੋਕਣ ਵਾਲੇ ਕਾਨੂੰਨ, ਕਬਜ਼ੇ ਹਟਾਉਣ, ਵਿਦਿਅਕ ਸੰਸਥਾਵਾਂ ਵਿਚ ਇਕਸਾਰ ਕੋਡ ਦੀ ਤਜਵੀਜ਼), ਤਾਂ ਜੋ ਉਹ ਭਾਈਚਾਰੇ ਡਰ ਜਾਣ, ਉਨ੍ਹਾਂ ਨੂੰ ਉਨ੍ਹਾਂ ਦੀ ਰੋਜ਼ੀ-ਰੋਟੀ ਤੋਂ ਵਾਂਝੇ ਕਰ ਦਿੱਤਾ ਜਾਵੇ ਅਤੇ ਉਨ੍ਹਾਂ ਨੂੰ ਇਹ ਸਪਸ਼ਟ ਹੋ ਜਾਵੇ ਕਿ ਉਹ ਦੋਇਮ ਦਰਜੇ ਦੇ ਨਾਗਰਿਕ ਹਨ ਅਤੇ ਉਨ੍ਹਾਂ ਨੂੰ ਆਪਣੀ ਇਹ ਸਥਿਤੀ ਸਵੀਕਾਰ ਕਰਨੀ ਪਵੇਗੀ। ਭਾਰਤ ਅਜਿਹਾ ਮੁਲਕ ਬਣਨ ਦਾ ਖਦਸ਼ਾ ਜੋ ਯੋਜਨਾਬੱਧ ਢੰਗ ਨਾਲ ਆਪਣੇ ਹੀ ਨਾਗਰਿਕਾਂ (ਘੱਟਗਿਣਤੀਆਂ, ਦਲਿਤਾਂ, ਗਰੀਬਾਂ ਤੇ ਹਾਸ਼ੀਏ




'ਤੇ ਧੱਕੇ ਹਿਸਿਆਂ) ਨੂੰ ਨਫਰਤ ਦਾ ਸ਼ਿਕਾਰ ਬਣਾਉਂਦਾ ਹੈ ਅਤੇ ਜਾਣ-ਬੁੱਝ ਕੇ ਉਨ੍ਹਾਂ ਦੇ ਬੁਨਿਆਦੀ ਹੱਕ ਖੋਂਹਦਾ ਹੈ, ਹੁਣ ਡਰਾਉਣੀ ਹਕੀਕਤ ਬਣ ਚੁੱਕਾ ਹੈ।

ਹਾਲਾਂਕਿ ਸਾਨੂੰ ਇਹ ਨਹੀਂ ਪਤਾ ਕਿ ਫਿਰਕੂ ਜਨੂਨ ਵਿਚ ਮੌਜੂਦਾ ਵਾਧਾ ਸਿਆਸੀ ਲੀਡਰਸ਼ਿਪ ਵੱਲੋਂ ਤਾਲਮੇਲ ਰਾਹੀਂ ਅਤੇ ਨਿਰਦੇਸ਼ਤ ਹੈ ਪਰ ਇਹ ਸਪਸ਼ਟ ਹੈ ਕਿ ਰਾਜ ਅਤੇ ਸਥਾਨਕ ਪੱਧਰਾਂ 'ਤੇ ਪ੍ਰਸ਼ਾਸਨ ਸ਼ਰਾਰਤੀ ਲੁੰਪਨ ਗਰੁੱਪਾਂ ਨੂੰ ਬਿਨਾਂ ਕਿਸੇ ਡਰ ਦੇ ਇਹ ਕੰਮ ਕਰਦੇ ਰਹਿਣ ਲਈ ਮਾਹੌਲ ਮੁਹੱਈਆ ਕਰਦਾ ਹੈ। ਅਜਿਹੀ ਸਹੂਲਤ ਅਤੇ ਸਹਾਇਤਾ ਸਿਰਫ ਪੁਲਿਸ ਅਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਦੁਆਰਾ ਦਿੱਤੇ ਜਾਣ ਤੱਕ ਸੀਮਤ ਨਹੀਂ; ਜਾਪਦਾ ਹੈ ਕਿ ਇਸ ਨੂੰ ਰਾਜ ਅਤੇ ਕੇਂਦਰ ਸਰਕਾਰਾਂ ਦੇ ਸਿਖਰਲੇ ਰਾਜਨੀਤਕ ਪੱਧਰਾਂ ਦੀ ਦਾਅ-ਪੇਚਕ ਪ੍ਰਵਾਨਗੀ ਹਾਸਲ ਹੈ ਜੋ ਸਥਾਨਕ ਪੱਧਰ 'ਤੇ ਕੀਤੇ ਜਾਂਦੇ ਜ਼ੁਲਮਾਂ ਲਈ ਸਮਰੱਥ ਨੀਤੀ ਅਤੇ ਸੰਸਥਾਈ ਮਾਹੌਲ ਮੁਹੱਈਆ ਕਰਾਉਂਦੇ ਹਨ। ਹਾਲਾਂਕਿ ਹਿੰਸਾ ਨੂੰ ਅੰਜਾਮ ਦੇਣ ਦਾ ਅਸਲ ਕੰਮ ਕਿਨਾਰੇ 'ਤੇ ਰਹਿ ਕੇ ਕੰਮ ਕਰਨ ਵਾਲੇ ਸਮੂਹਾਂ ਦੇ ਹਵਾਲੇ ਕੀਤਾ ਜਾ ਸਕਦਾ ਹੈ, ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਉਨ੍ਹਾਂ ਦੇ ਕਾਰਜਾਂ ਲਈ ਜ਼ਰਖੇਜ਼ ਜ਼ਮੀਨ ਕਿਵੇਂ ਬਣਾਈ ਜਾਂਦੀ ਹੈ, ਉਨ੍ਹਾਂ ਵਿੱਚੋਂ ਹਰ ਵਿਅਕਤੀ ਕਿਵੇਂ ਮਾਸਟਰ ਸਕ੍ਰਿਪਟ ਅਨੁਸਾਰ ਕੰਮ ਕਰਦਾ ਹੈ ਅਤੇ ਉਹ 'ਟੂਲ ਕਿੱਟ' ਸਾਂਝੀ ਕਰਦੇ ਹਨ। ਇਹ ਵੀ ਕਿ ਪਾਰਟੀ ਦੇ ਨਾਲ-ਨਾਲ ਰਾਜ ਦਾ ਪ੍ਰਚਾਰ ਤੰਤਰ ਉਨ੍ਹਾਂ ਦੀਆਂ ਕਾਰਵਾਈਆਂ ਨੂੰ ਜਾਇਜ਼ ਠਹਿਰਾਉਣ ਲਈ ਮੁਹੱਈਆ ਕਿਵੇਂ ਕਰਵਾਇਆ ਜਾਂਦਾ ਹੈ।

ਜਿਹੜੀ ਗੱਲ ਹੁਣ ਵਾਪਰ ਰਹੀਆਂ ਘਟਨਾਵਾਂ ਨੂੰ ਪਹਿਲੀਆਂ ਫਿਰਕੂ ਭੜਕਾਹਟਾਂ ਤੋਂ ਵੱਖ ਕਰਦੀ ਹੈ, ਉਹ ਸਿਰਫ ਹਿੰਦੂ ਰਾਸ਼ਟਰ ਲਈ ਆਧਾਰ ਤਿਆਰ ਕਰਨ ਦੇ ਮਾਸਟਰ ਡਿਜ਼ਾਇਨ ਤੋਂ ਪਰਦਾ ਚੁੱਕਣਾ ਨਹੀਂ ਸਗੋਂ ਇਹ ਹੈ ਕਿ ਅਜਿਹੀ ਕਵਾਇਦ ਨੂੰ ਵਾਪਰਨ ਤੋਂ ਰੋਕਣ ਲਈ ਬਣਾਏ ਸੰਵਿਧਾਨਕ ਅਤੇ ਕਾਨੂੰਨੀ ਢਾਂਚੇ ਨੂੰ ਬਹੁਗਿਣਤੀਵਾਦੀ ਜ਼ੁਲਮਾਂ ਦਾ ਸਾਧਨ ਬਣਾਉਣ ਲਈ ਤੋੜਿਆ-ਮਰੋੜਿਆ ਅਤੇ ਵਿਗਾੜਿਆ ਜਾ ਰਿਹਾ ਹੈ। ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਬੁਲਡੋਜ਼ਰ ਹੁਣ ਸ਼ਾਬਦਿਕ ਅਤੇ ਆਲੰਕਾਰੀ ਨਹੀਂ ਰਿਹਾ, ਇਹ ਸਿਆਸੀ ਅਤੇ ਪ੍ਰਸ਼ਾਸਨਿਕ ਤਾਕਤ ਵਰਤਣ ਦਾ ਨਵਾਂ ਰੂਪਕ ਬਣ ਗਿਆ ਹੈ। 'ਬਣਦੀ ਕਾਨੂੰਨ ਪ੍ਰਕਿਰਿਆ' ਅਤੇ 'ਕਾਨੂੰਨ ਦਾ ਰਾਜ' ਦੇ ਵਿਚਾਰਾਂ ਦੇ ਇਰਦ-ਗਿਰਦ ਬਣਿਆ ਢਾਂਚਾ ਢਹਿ-ਢੇਰੀ ਹੋ ਗਿਆ ਹੈ; ਜਿਵੇਂ ਜਹਾਂਗੀਰਪੁਰੀ ਘਟਨਾ ਦਿਖਾਉਂਦੀ ਹੈ, ਸਰਕਾਰ ਨੂੰ ਸਰਵਉੱਚ ਅਦਾਲਤ ਦੇ ਹੁਕਮਾਂ ਨੂੰ ਵੀ ਬਹੁਤੀ ਪ੍ਰਵਾਹ ਨਹੀਂ।

ਪ੍ਰਧਾਨ ਮੰਤਰੀ ਜੀ, ਅਸੀਂ ਕਾਂਸਟੀਟਿਊਸ਼ਨਲ ਕੰਡਕਟ ਗਰੁੱਪ ਦੇ ਮੈਂਬਰ ਸਾਰੇ ਹੀ ਸਾਬਕਾ ਸਿਵਲ ਨੌਕਰ ਹਾਂ ਜਿਨ੍ਹਾਂ ਨੇ ਦਹਾਕਿਆਂ ਤੱਕ ਸੰਵਿਧਾਨ ਦੀ ਸੇਵਾ ਕੀਤੀ ਹੈ। ਸਾਡਾ ਵਿਸ਼ਵਾਸ ਹੈ ਕਿ ਅੱਜ ਸਾਨੂੰ ਜਿਸ ਖਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਅਜਿਹਾ ਪਹਿਲਾਂ ਕਦੇ ਨਹੀਂ ਦੇਖਿਆ ਗਿਆ। ਸਿਰਫ ਸੰਵਿਧਾਨਕ ਨੈਤਿਕਤਾ ਅਤੇ ਆਚਰਨ ਹੀ ਦਾਅ 'ਤੇ ਨਹੀਂ ਲੱਗਿਆ। ਜੋ ਨਿਆਰਾ ਸਾਂਝਾ ਸਮਾਜੀ ਤਾਣਾ-ਬਾਣਾ ਸਾਡੀ ਸਭ ਤੋਂ ਵੱਡੀ ਸਭਿਅਤਾ ਦੀ ਵਿਰਾਸਤ ਹੈ ਅਤੇ ਜਿਸ ਦੀ ਸੰਭਾਲ ਕਰਨ ਲਈ ਸਾਡਾ ਸੰਵਿਧਾਨ ਐਨੀ ਸਾਵਧਾਨੀ ਨਾਲ ਤਿਆਰ ਕੀਤਾ ਗਿਆ ਹੈ, ਉਸ ਦੇ ਲੀਰੋ-ਲੀਰ ਹੋ ਜਾਣ ਦੀ ਸੰਭਾਵਨਾ ਹੈ। ਇਸ ਬੇਥਾਹ ਸਮਾਜੀ ਖਤਰੇ ਦੇ ਸਨਮੁੱਖ ਤੁਹਾਡੀ ਚੁੱਪ ਕੰਨ-ਪਾੜਵੀਂ ਹੈ।

ਅਸੀਂ ਤੁਹਾਡੇ 'ਸਭ ਕਾ ਸਾਥ, ਸਭ ਕਾ ਵਿਕਾਸ, ਸਭ ਕਾ ਵਿਸ਼ਵਾਸ' ਦੇ ਵਾਅਦੇ ਤੋਂ ਹਿੰਮਤ ਜੁਟਾ ਕੇ ਤੁਹਾਡੀ ਜ਼ਮੀਰ ਨੂੰ ਝੰਜੋੜ ਰਹੇ ਹਾਂ। ਸਾਨੂੰ ਉਮੀਦ ਹੈ ਕਿ 'ਆਜ਼ਾਦੀ ਕਾ ਅੰਮ੍ਰਿਤ ਮਹਾਂਉਤਸਵ' ਦੇ ਇਸ ਵਰ੍ਹੇ 'ਚ ਤੁਸੀਂ ਪੱਖਪਾਤੀ ਵਿਚਾਰਾਂ ਤੋਂ ਉੱਪਰ ਉੱਠ ਕੇ ਨਫਰਤ ਦੀ ਉਸ ਸਿਆਸਤ ਨੂੰ ਖਤਮ ਕਰਨ ਦਾ ਸੱਦਾ ਦਿਓਗੇ ਜਿਸ ਨੂੰ ਤੁਹਾਡੀ ਪਾਰਟੀ ਦੇ ਕੰਟਰੋਲ ਹੇਠਲੀਆਂ ਸਰਕਾਰਾਂ ਐਨੀ ਲਗਨ ਨਾਲ ਅਮਲ 'ਚ ਲਿਆ ਰਹੀਆਂ ਹਨ। ਭਾਰਤ ਦੇ ਜਿਸ ਵਿਚਾਰ ਦੀ ਕਲਪਨਾ ਸਾਡੇ ਬਾਨੀ ਬਜ਼ੁਰਗਾਂ ਨੇ ਕੀਤੀ ਸੀ ਅਤੇ ਜਿਸ ਖਾਤਰ ਉਨ੍ਹਾਂ ਨੇ ਲੜਾਈ ਲੜੀ, ਉਸ ਦੇ ਵਧਣ-ਫੁੱਲਣ ਲਈ ਭਾਈਚਾਰਕ ਸਾਂਝ ਅਤੇ ਫਿਰਕੂ ਸਦਭਾਵਨਾ ਦਾ ਮਾਹੌਲ ਦਰਕਾਰ ਹੈ। ਨਫਰਤ ਨਫਰਤ ਨੂੰ ਜਨਮ ਦੇਵੇਗੀ, ਇਹ ਮਾਹੌਲ ਨੂੰ ਐਨਾ ਖਤਰਨਾਕ ਬਣਾ ਦੇਵੇਗੀ ਕਿ ਉਹ ਵਿਚਾਰ ਹੀ ਜ਼ਿੰਦਾ ਨਹੀਂ ਰਹਿ ਸਕੇਗਾ।

ਸਤਯਮੇਵ ਜਯਤੇ

ਤੁਹਾਡੇ, ਕਾਂਸਟੀਟਿਊਸ਼ਨਲ ਕੰਡਕਟ ਗਰੁੱਪ (108 ਹਸਤਾਖਰੀ)

# ਪੰਜਾਬ ਪੁਲਿਸ ਵੱਲੋਂ ਦਿੱਲੀ ਵਾਲਿਆਂ ਖਿਲਾਫ ਕੇਸ ਦੇ ਮਾਇਨੇ

ਨਵਕਿਰਨ ਸਿੰਘ ਪੱਤੀ

ਪੰਜਾਬ ਪੁਲਿਸ ਵੱਲੋਂ ਆਮ ਆਦਮੀ ਪਾਰਟੀ (ਆਪ) ਦੇ ਸਾਬਕਾ ਆਗੂ ਤੇ ਉਘੇ ਕਵੀ ਕੁਮਾਰ ਵਿਸ਼ਵਾਸ ਅਤੇ 'ਆਪ' ਦੀ ਸਾਬਕਾ ਵਿਧਾਇਕਾ ਤੇ ਮੌਜੂਦਾ ਕਾਂਗਰਸ ਆਗੂ ਅਲਕਾ ਲਾਂਬਾ ਨੂੰ ਰੋਪੜ ਥਾਣੇ ਪੇਸ਼ ਹੋਣ ਦੇ ਨੋਟਿਸਾਂ ਦੀ ਚਰਚਾ ਅਜੇ ਰੁਕੀ ਨਹੀਂ ਸੀ ਕਿ ਪੰਜਾਬ ਪੁਲਿਸ ਦੀ ਟੀਮ ਨੇ ਦਿੱਲੀ ਵਿਖੇ ਰੇਡ ਕਰਕੇ ਭਾਰਤੀ ਜਨਤਾ ਪਾਰਟੀ, ਦਿੱਲੀ ਦੇ ਬੁਲਾਰੇ ਤੇਜਿੰਦਰਪਾਲ ਸਿੰਘ ਬੱਗਾ ਨੂੰ ਗ੍ਰਿਫਤਾਰ ਕਰ ਲਿਆ ਹਾਲਾਂਕਿ ਦਿੱਲੀ ਤੇ ਹਰਿਆਣਾ ਪੁਲਿਸ ਦੀ ਸਾਂਝੀ ਕਾਰਵਾਈ ਅੱਗੇ ਪੰਜਾਬ ਪੁਲਿਸ ਦੀ ਇੱਕ ਨਹੀਂ ਚੱਲੀ ਅਤੇ ਦਿੱਲੀ ਪੁਲਿਸ ਇਨ੍ਹਾਂ ਤੋਂ 'ਬੱਗਾ' ਖੋਹ ਕੇ ਲੈ ਗਈ।

ਕੁਮਾਰ ਵਿਸ਼ਵਾਸ, ਅਲਕਾ ਲਾਂਬਾ ਅਤੇ ਤੇਜਿੰਦਰਪਾਲ ਸਿੰਘ ਬੱਗਾ ਦੇ ਮਾਮਲਿਆਂ ਵਿਚ ਕੇਸ ਦਰਜ ਕਰਨ ਦਾ ਕਾਰਨ ਇੱਕੋ ਹੈ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਖਿਲਾਫ ਬਿਆਨਬਾਜ਼ੀ ਕਰਨਾ ਪਰ ਇਹ ਸਵਾਲ ਜ਼ਰੂਰ ਉਠਦਾ ਹੈ ਕਿ ਜਿਸ ਖਿਲਾਫ ਬਿਆਨਬਾਜ਼ੀ ਕੀਤੀ ਗਈ, ਉਹ ਦਿੱਲੀ ਦਾ ਮੁੱਖ ਮੰਤਰੀ ਹੈ ਤੇ ਦਿੱਲੀ ਵਿਚ ਰਹਿੰਦਾ ਹੈ, ਬਿਆਨਬਾਜ਼ੀ ਕਰਨ ਵਾਲੇ ਜਾਂ ਸੋਸ਼ਲ ਮੀਡੀਆ ਪੋਸਟ ਪਾਉਣ ਵਾਲਾ ਵੀ ਦਿੱਲੀ ਵਿਚ ਰਹਿੰਦਾ ਹੈ, ਫਿਰ ਇਨ੍ਹਾਂ ਮਾਲਿਆਂ ਵਿਚ ਪੰਜਾਬ ਪੁਲਿਸ ਦਾ ਕੀ ਕੰਮ ਹੈ। ਜੇ ਪੁਲਿਸ ਕਾਰਵਾਈ ਹੀ ਕਰਵਾਉਣੀ ਸੀ ਤਾਂ ਕੇਜਰੀਵਾਲ ਦਿੱਲੀ ਪੁਲਿਸ ਨੂੰ ਕੇਸ ਦਰਜ ਕਰਨ ਬਾਰੇ ਲਿਖਤੀ ਅਰਜ਼ੀ ਦੇ ਸਕਦੇ ਸਨ ਜਾਂ ਅਦਾਲਤ ਦਾ ਰੁਖ ਕੀਤਾ ਜਾ ਸਕਦਾ ਸੀ ਪਰ ਮਸਲਾ ਇਸ ਤੋਂ ਅੱਗੇ 'ਸੱਤਾ' ਦਾ ਜ਼ੋਰ ਦਿਖਾਉਣ ਦਾ ਵੱਧ ਜਾਪਦਾ ਹੈ।

ਕੇਜਰੀਵਾਲ ਵੀ ਪੰਜਾਬ ਪੁਲਿਸ ਨੂੰ ਵਾਰ-ਵਾਰ ਦਿੱਲੀ ਭੇਜ ਕੇ ਸੱਤਾ ਦੀ ਦੁਰਵਰਤੋਂ ਕਰਦਾ ਨਜ਼ਰ ਆ ਰਿਹਾ ਹੈ, ਦੂਜੇ ਪਾਸੇ ਕੇਜਰੀਵਾਲ ਦਾ ਪੰਗਾ ਉਸ ਧਿਰ ਨਾਲ ਪਿਆ ਹੈ ਜੋ ਸੱਤਾ ਦੀ ਦੁਰਵਰਤੋਂ ਕਰਨ ਦੇ ਮਾਮਲੇ ਵਿਚ 'ਚੈਂਪੀਅਨ' ਦਾ ਖਿਤਾਬ ਹਾਸਲ ਕਰ ਚੁੱਕੀ ਹੈ। ਰਾਜਾਂ ਦੇ ਅਧਿਕਾਰਾਂ ਨੂੰ ਤਿਲਾਂਜਲੀ ਦਿੰਦਿਆਂ ਸੰਘੀ (ਫੈਡਰਲ) ਢਾਂਚੇ ਦਾ ਗਲਾ ਘੁੱਟਣ ਵਾਲੀ ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਹਕੂਮਤ ਤੋਂ ਕਿਸੇ ਸੂਬੇ ਵੱਲੋਂ ਕੋਈ ਆਸ ਕਰਨਾ ਬੇਮਾਇਨੀ ਹੈ।

ਦਰਅਸਲ, ਭਾਰਤ ਵਿਚ ਸਿਆਸਤ ਦਾ ਪੱਧਰ ਦਿਨੋ-ਦਿਨ ਗਰਕ ਰਿਹਾ ਹੈ। ਮੁੱਦਿਆਂ 'ਤੇ ਚਰਚਾ ਕਰਨ ਦੀ ਬਜਾਇ ਸਿਆਸੀ ਲੀਡਰ ਇੱਕ-ਦੂਜੇ ਖਿਲਾਫ ਹੱਦ ਦਰਜੇ ਦੀ ਨੀਵੀਂ ਸ਼ਬਦਾਵਲੀ ਦਾ ਇਸਤੇਮਾਲ ਕਰਦੇ ਹਨ ਤੇ ਬਾਅਦ ਵਿਚ ਮਾਨਹਾਨੀ ਦੇ ਕੇਸਾਂ ਤੋਂ ਬਚਣ ਲਈ ਇੱਕ-ਦੂਜੇ ਤੋਂ 'ਮੁਆਫੀ' ਤੱਕ ਮੰਗ ਲੈਂਦੇ ਹਨ। ਵੈਸੇ ਤਾਂ ਇੱਕ-ਦੂਜੇ ਖਿਲਾਫ ਨਿੱਜੀ ਚਿੱਕੜ ਉਛਾਲੀ ਦੀ ਬਜਾਇ ਸਿਆਸਤ ਵਿਚ ਮੁੱਦਿਆਂ 'ਤੇ ਚਰਚਾ ਹੋਣੀ ਚਾਹੀਦੀ ਹੈ ਪਰ ਜੇ ਕਿਸੇ ਸਿਆਸਤਦਾਨ ਨੇ ਕੋਈ ਬਿਆਨ ਦੇ ਵੀ ਦਿੱਤਾ ਤਾਂ ਅਜਿਹਾ ਨਹੀਂ ਹੋਣਾ ਚਾਹੀਦਾ ਹੈ ਕਿ ਸੱਤਾ ਹਾਸਲ ਕਰਦਿਆਂ ਹੀ ਉਸ ਖਿਲਾਫ ਸੱਤਾ ਦੀ ਪੂਰੀ ਤਾਕਤ ਝੋਕ ਦਿੱਤੀ ਜਾਵੇ।

ਪਿਛਲੇ ਕੁਝ ਸਾਲਾਂ ਤੋਂ ਭਾਰਤੀ ਜਨਤਾ ਪਾਰਟੀ ਇਹ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਪ੍ਰਧਾਨ ਮੰਤਰੀ ਜਾਂ ਮੁੱਖ ਮੰਤਰੀ ਕੋਈ ਆਮ ਵਿਅਕਤੀ ਨਹੀਂ ਹੁੰਦਾ ਬਲਕਿ ਵਿਸ਼ੇਸ਼ ਆਦਮੀ ਹੁੰਦਾ ਹੈ ਜਿਸ ਦੀ ਦੇਵਤੇ ਵਾਂਗ ਇੱਜ਼ਤ ਹੋਣੀ ਚਾਹੀਦੀ ਹੈ ਤੇ ਉਸ ਖਿਲਾਫ ਆਮ ਆਦਮੀ ਬੋਲ ਨਹੀਂ ਸਕਦਾ। ਭਾਜਪਾ ਹਕੂਮਤ ਨੇ ਸਿਆਸੀ ਬਦਲਾਖੋਰੀ ਤਹਿਤ ਅਜਿਹੇ ਅਨੇਕਾਂ ਆਮ ਲੋਕਾਂ ਖਿਲਾਫ ਕੇਸ ਦਰਜ ਕੀਤੇ ਹਨ ਜਿਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਂ ਯੋਗੀ ਅਦਿੱਤਿਆਨਾਥ ਵਰਗੇ ਮੁੱਖ ਮੰਤਰੀਆਂ 'ਤੇ ਸਵਾਲ ਉਠਾਏ ਹਨ।

ਹੁਣ ਉਸੇ ਰਾਹ 'ਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਤੁਰ ਰਹੇ ਹਨ। ਇਸ ਤੋਂ ਪਹਿਲਾਂ ਉਸ ਨੇ ਉਹ ਸਾਰੇ ਲੀਡਰ ਪਾਰਟੀ ਵਿਚੋਂ ਬਾਹਰ ਕਰ ਦਿੱਤੇ ਜਿਨ੍ਹਾਂ ਨੇ ਉਸ (ਕੇਜਰੀਵਾਲ) ਦੀ ਕਾਰਜਸ਼ੈਲੀ 'ਤੇ ਸਵਾਲ ਉਠਾਏ ਸਨ। ਹੁਣ ਪਾਰਟੀ ਤੋਂ ਬਾਹਰਲੇ ਉਨ੍ਹਾਂ ਸਾਰੇ ਵਿਅਕਤੀਆਂ ਖਿਲਾਫ ਪੰਜਾਬ ਵਿਚ ਕੇਸ ਦਰਜ ਕਰਵਾਏ ਜਾ ਰਹੇ ਹਨ ਜਿਨ੍ਹਾਂ ਨੇ ਅਰਵਿੰਦ ਕੇਜਰੀਵਾਲ 'ਤੇ ਤੁਹਮਤਾਂ ਲਾਈਆਂ ਹਨ।

ਮੋਦੀ, ਯੋਗੀ, ਕੇਜਰੀਵਾਲ ਸਮੇਤ ਭਾਰਤ ਦੇ ਸਿਆਸੀ ਲੀਡਰਾਂ ਵੱਲੋਂ ਅਪਣਾਇਆ ਜਾ ਰਿਹਾ ਇਹ ਗੈਰ-ਜਮਹੂਰੀ ਢੰਗ ਜਮਹੂਰੀਅਤ ਨੂੰ ਤਬਾਹ ਕਰਦਿਆਂ ਤਾਨਾਸ਼ਾਹੀ ਵੱਲ ਪੁੱਟਿਆ ਜਾ ਰਿਹਾ ਕਦਮ ਹੈ।

ਇਕ ਸਵਾਲ ਹੈ ਕਿ ਤੇਜਿੰਦਰਪਾਲ ਸਿੰਘ ਬੱਗਾ ਭਾਜਪਾ ਦਾ ਐਨਾ ਚਹੇਤਾ ਕਿਉਂ ਹੈ? ਭਾਜਪਾ ਜਿਸ ਤਰ੍ਹਾਂ ਬੱਗਾ ਦੀ ਗ੍ਰਿਫਤਾਰੀ ਬਾਅਦ ਉਸ ਦੀ ਪਿੱਠ 'ਤੇ ਖੜ੍ਹੀ ਦਿਖਾਈ ਦਿੱਤੀ ਹੈ, ਉਸ ਤੋਂ ਇਸ ਗੱਲ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਬੱਗਾ ਭਾਜਪਾ ਦਾ ਕਿੰਨਾ ਚਹੇਤਾ ਹੈ। ਪੰਜਾਬ ਪੁਲਿਸ ਨੇ ਜਿਉਂ ਹੀ ਉਸ ਨੂੰ ਗ੍ਰਿਫਤਾਰ ਕੀਤਾ, ਕੁਝ ਹੀ ਸਮੇਂ ਬਾਅਦ ਨੇੜਲੇ ਥਾਣੇ ਵਿਚ ਉਸ ਨੂੰ 'ਅਗਵਾ' ਕਰਨ ਦਾ ਕੇਸ ਦਰਜ ਕਰਕੇ ਪੰਜਾਬ ਪੁਲਿਸ ਨੂੰ ਹਰਿਆਣਾ ਨਹੀਂ ਟੱਪਣ ਦਿੱਤਾ ਤੇ ਪਿਪਲੀ ਤੋਂ ਹੀ ਵਾਪਸ ਲੈ ਗਏ। ਮੁਹਾਲੀ ਅਦਾਲਤ ਨੇ ਬੱਗਾ ਦੇ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਤਾਂ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਜਿਸ ਤਰ੍ਹਾਂ ਸੁਣਵਾਈ ਹੋਈ, ਉਹ ਇਸ ਗੱਲ ਨੂੰ ਵੀ ਉਜਾਗਰ ਕਰਦੀ ਹੈ ਕਿ ਭਾਰਤੀ ਨਿਆਂ ਪ੍ਰਣਾਲੀ ਦਾ ਟੀਰ ਵੀ ਬੱਗੇ ਵਰਗਿਆਂ ਨੂੰ ਹੀ ਦੇਖਦਾ ਹੈ। ਵਰਵਰਾ ਰਾਓ, ਗੌਤਮ ਨਵਲੱਖਾ, ਜੀ.ਐਨ. ਸਾਈਬਾਬਾ ਵਰਗੇ ਅਨੇਕਾਂ ਬੁੱਧੀਜੀਵੀਆਂ ਦੀ ਮਨੁੱਖੀ ਹੱਕਾਂ ਦੇ ਆਧਾਰ 'ਤੇ ਸੁਣਵਾਈ ਵੀ ਨਹੀਂ ਕੀਤੀ ਜਾ ਰਹੀ।

ਤੇਜਿੰਦਰਪਾਲ ਸਿੰਘ ਬੱਗਾ ਅਤਿ ਦਰਜੇ ਦੀ ਘਟੀਆ ਬਿਆਨਬਾਜ਼ੀ ਕਰਨ ਵਾਲਾ ਸਿਆਸਤਦਾਨ ਹੈ ਅਤੇ ਭਾਜਪਾ ਨੂੰ ਅਜਿਹੇ ਬੰਦਿਆਂ ਦੀ ਲੋੜ ਰਹਿੰਦੀ ਹੈ। 2015 ਵਿਚ ਜਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਾਰਟੀ ਦੇ ਸੋਸ਼ਲ ਮੀਡੀਆ 'ਤੇ ਸਰਗਰਮ ਰਹਿਣ ਵਾਲੇ ਲੀਡਰਾਂ ਨਾਲ ਮੀਟਿੰਗ ਕੀਤੀ ਤਾਂ ਉਸ ਮੀਟਿੰਗ ਵਿਚ ਬੱਗਾ ਸ਼ਾਮਲ ਸੀ।

ਸੁਪਰੀਮ ਕੋਰਟ ਦੇ ਉਘੇ ਵਕੀਲ ਤੇ ਮਨੁੱਖੀ ਅਧਿਕਾਰਾਂ ਦੇ ਝੰਡਾਬਰਦਾਰ ਪ੍ਰਸ਼ਾਂਤ ਭੂਸ਼ਣ ਨਾਲ 2011 ਵਿਚ ਜਿਸ ਟੋਲੇ ਨੇ ਬਦਸਲੂਕੀ ਕਰਦਿਆਂ ਮਾਰ-ਕੁੱਟ ਕੀਤੀ ਸੀ, ਉਸ ਟੋਲੇ ਦਾ ਕਰਤਾ-ਧਰਤਾ ਇਹ ਬੱਗਾ ਹੀ ਸੀ। 2019 ਦੌਰਾਨ ਅਮਿਤ ਸ਼ਾਹ ਦੀ ਪੱਛਮੀ ਬੰਗਾਲ ਰੈਲੀ ਸਮੇਂ ਵੀ ਤ੍ਰਿਣਮੂਲ ਕਾਂਗਰਸ ਵਰਕਰਾਂ ਨਾਲ ਝੜਪ ਬਾਅਦ ਬੱਗਾ ਨੂੰ ਪੁਲਿਸ ਹਿਰਾਸਤ ਵਿਚ ਲਿਆ ਸੀ। ਕੁਝ ਸਿਆਸੀ ਮਾਹਿਰ ਤਾਂ ਇਹ ਵੀ ਕਹਿੰਦੇ ਹਨ ਕਿ ਬੱਗਾ ਕੋਈ ਬਹੁਤਾ ਵੱਡਾ ਲੀਡਰ ਨਹੀਂ ਸੀ ਪਰ ਕੇਜਰੀਵਾਲ ਦੇ ਇਸ਼ਾਰੇ ਤਹਿਤ ਪੰਜਾਬ ਪੁਲਿਸ ਦੀ ਕਾਰਵਾਈ ਨੂੰ ਭਾਜਪਾ ਨੇ ਆਪਣੇ ਸਿਆਸੀ ਹਿੱਤ ਵਿਚ ਖੂਬ ਵਰਤਿਆ ਅਤੇ ਬੱਗਾ ਨੂੰ 'ਵੱਡਾ ਲੀਡਰ' ਬਣਾ ਦਿੱਤਾ।

ਪੰਜਾਬ ਦੀ ਸੱਤਾ 'ਤੇ ਬਿਰਾਜਮਾਨ ਭਗਵੰਤ ਮਾਨ ਅਤੇ ਪੰਜਾਬ ਪੁਲਿਸ ਲਈ ਹੁਣ ਅਹਿਮ ਸਵਾਲ ਇਹ ਹੈ ਕਿ ਉਨ੍ਹਾਂ ਲਈ ਪੰਜਾਬ ਵਿਚ ਦਨਦਨਾਉਂਦੇ ਫਿਰਦੇ ਨਸ਼ਾ ਤਸਕਰ ਫੜਨੇ ਜ਼ਰੂਰੀ ਹਨ ਜਾਂ ਕੇਜਰੀਵਾਲ ਦੇ ਕਹਿਣ 'ਤੇ ਦਿੱਲੀ ਵਿਚ ਛਾਪੇ ਮਾਰਨੇ ਹਨ।

### ਫਿਰਕੂ ਦੰਗੇ ਅਤੇ ਭਾਰਤੀ ਪੁਲਿਸ-2

# ਹਾਕਮਾਂ ਦੀ ਸੰਵੇਦਨਹੀਣ ਪਹੁੰਚ

***ਵਿਭੂਤੀ ਨਰਾਇਣ ਰਾਏ ਪੁਲਿਸ ਅਫਸਰ ਰਹੇ ਹਨ। ਇਸ ਦੇ ਨਾਲ-ਨਾਲ ਉਹ ਲਿਖਾਰੀ ਵੀ ਹਨ। ਉਨ੍ਹਾਂ 5 ਨਾਵਲਾਂ ਤੋਂ ਇਲਾਵਾ ਭਾਰਤ ਵਿਚ ਫਿਰਕੂ ਸਿਆਸਤ ਨਾਲ ਸਬੰਧਤ ਦੋ ਪੁਸਤਕਾਂ ਲਿਖੀਆਂ ਹਨ। 'ਫਿਰਕੂ ਦੰਗੇ ਅਤੇ ਭਾਰਤੀ ਪੁਲਿਸ' ਨਾਂ ਦੀ ਪੁਸਤਕ ਵਿਚ ਉਨ੍ਹਾਂ ਫਿਰਕੂ ਦੰਗਿਆਂ ਦੇ ਵੱਖ-ਵੱਖ ਪਹਿਲੂਆਂ ਬਾਰੇ ਛਾਣ-ਬੀਣ ਕੀਤੀ ਹੈ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਭਾਰਤ ਵਰਗੇ ਮੁਲਕ ਨੂੰ ਧਰਮ ਨਿਰਪੱਖ ਅਤੇ ਤਰੱਕੀ ਦੇ ਰਸਤੇ 'ਤੇ ਅੱਗੇ ਵਧਾਉਣ ਲਈ ਧਾਰਮਿਕ ਕੱਟੜਤਾ, ਗੈਰ-ਵਿਗਿਆਨਕ ਸੋਚ, ਰੂੜ੍ਹੀਵਾਦੀ ਮਾਨਸਿਕਤਾ ਤੋਂ ਬਾਹਰ ਆਉਣਾ ਪਵੇਗਾ। ਇਸ ਲਿਖਤ ਦੀ ਦੀਜੀ ਕਿਸ਼ਤ ਹਾਜ਼ਰ ਹੈ। ਇਸ ਦਾ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਤਰਸੇਮ ਲਾਲ ਨੇ ਕੀਤਾ ਹੈ।***

## ਵੱਡੀ ਵੰਗਾਰ

ਪੁਲਿਸ ਅਫਸਰ ਵਜੋਂ ਮੈਂ ਮਹਿਸੂਸ ਕੀਤਾ ਹੈ ਕਿ ਭਾਰਤੀ ਪੁਲਿਸ ਪਹਿਲਾਂ ਹੀ ਮਨ ਬਣਾ ਕੇ ਘੱਟ-ਗਿਣਤੀ ਵਿਰੋਧੀ ਮਾਨਸਿਕਤਾ ਦੀ ਸ਼ਿਕਾਰ ਹੁੰਦੀ ਹੈ। ਉਨ੍ਹਾਂ ਦੀ ਯੋਗ ਸਿਖਲਾਈ ਅਤੇ ਘੱਟ-ਗਿਣਤੀਆਂ ਦੀ ਪੁਲਿਸ ਬਲਾਂ ਅੰਦਰ ਭਰਤੀ ਦਾ ਅਨੁਪਾਤ ਮੁੱਖ ਤੌਰ 'ਤੇ ਦੋਸ਼ੀ ਹੈ। ਤੁਹਾਡੇ ਕੋਲ ਵਧੇਰੇ ਪੁਲਿਸ ਬਲ, ਵੱਡੀ ਗਿਣਤੀ ਹਥਿਆਰ, ਵਧੇਰੇ ਗੱਡੀਆਂ, ਬਹੁਤ ਵਧੀਆ ਸੂਚਨਾ ਤੰਤਰ ਕੋਈ ਮਾਇਨੇ ਨਹੀਂ ਰੱਖਦਾ, ਜੇ ਉਨ੍ਹਾਂ ਦੀ ਸੋਚ ਪਹਿਲਾਂ ਹੀ ਵਿਸ਼ੇਸ਼ ਵਿਚਾਰ ਨਾਲ ਲੈਸ ਹੈ।

ਬਹੁਤ ਸਾਰੀਆਂ ਥਾਵਾਂ 'ਤੇ ਫਿਰਕੂ ਦੰਗਿਆਂ ਦਾ ਅਧਿਐਨ ਕਰਨ ਤੋਂ ਬਾਅਦ, ਦੰਗਾ ਪੀੜਤਾਂ ਨਾਲ ਗੱਲ ਕਰਕੇ, ਬਹੁਤ ਸਾਰੇ ਦਸਤਾਵੇਜ਼ਾਂ ਦਾ ਅਧਿਐਨ ਕਰਕੇ ਅਤੇ ਪੁਲਿਸ ਮੁਲਾਜ਼ਮਾਂ ਤੇ ਅਫਸਰਾਂ ਨਾਲ ਗੱਲ ਕਰਕੇ ਮੇਰਾ ਵਿਸ਼ਵਾਸ ਹੋਰ ਪੱਕਾ ਹੋਇਆ ਹੈ ਕਿ ਭਾਰਤੀ ਸਮਾਜ ਨੂੰ ਗਤੀਸ਼ੀਲ, ਧਰਮ ਨਿਰਪੱਖ ਅਤੇ ਤਰੱਕੀ ਦੇ ਰਸਤੇ 'ਤੇ ਅੱਗੇ ਵਧਾਉਣ ਲਈ ਉਸ ਨੂੰ ਧਾਰਮਿਕ ਕੱਟੜਤਾ, ਗੈਰ-ਵਿਗਿਆਨਕ ਸੋਚ, ਰੂੜੀਵਾਦੀ ਮਾਨਸਿਕਤਾ ਤੋਂ ਬਾਹਰ ਆਉਣਾ ਪਵੇਗਾ। ਇਸ ਵਿਚ ਭਾਰਤੀ ਪੁਲਿਸ ਦੀ ਮਹੱਤਵਪੂਰਨ ਭੂਮਿਕਾ ਹੈ। ਇਹ ਤਾਂ ਹੀ ਸੰਭਵ ਹੈ, ਜੇ ਉਹ ਆਪਣੀ ਬਣਤਰ ਨੂੰ ਵਿਗਿਆਨਕ ਅਤੇ ਸਾਰਿਆਂ ਦੀ ਸ਼ਮੂਲੀਅਤ ਵਾਲੀ ਤੇ ਧਰਮ ਨਿਰਪੱਖ ਦਿੱਖ ਦੇਵੇ ਅਤੇ ਸਭ ਦਾ ਵਿਸ਼ਵਾਸ ਹਾਸਲ ਕਰੇ। ***-ਵਿਭੂਤੀ ਨਰਾਇਣ ਰਾਏ***

ਸਾਡਾ ਇਹ ਤਰਕ ਹੈ ਕਿ ਫਿਰਕਾਪ੍ਰਸਤੀ ਅਤੇ ਫਿਰਕੂ ਦੰਗੇ ਕੇਵਲ ਅੰਗਰੇਜ਼ ਸਾਮਰਾਜ ਦੀ ਉਪਜ ਹਨ, ਕਹਿਣਾ ਇਸ ਵਰਤਾਰੇ ਦਾ ਖਤਰਨਾਕ ਸਰਲੀਕਰਨ ਹੋਵੇਗਾ। ਭਾਰਤ ਵਰਗੇ ਬਹੁ-ਧਰਮੀ ਸਮਾਜ ਅੰਦਰ, ਕੀ ਧਾਰਮਿਕ ਆਧਾਰ 'ਤੇ ਭਿੰਨ-ਭੇਦ ਦੇ ਮੁੱਦੇ ਕੇਵਲ ਅੰਗਰੇਜ਼ ਸਾਮਰਾਜ ਨੇ ਪੈਦਾ ਕੀਤੇ? ਮੱਧ ਯੁੱਧ ਵਿਚਲੇ ਇਤਿਹਾਸ ਦੀ ਇਸ ਵਿਚ ਕੀ ਭੂਮਿਕਾ ਹੈ? ਮੁਸਲਮਾਨਾਂ ਦੇ ਭਾਰਤ ਵਿਚ ਆਉਣ ਤੋਂ ਪਹਿਲਾਂ, ਕੀ ਬ੍ਰਾਹਮਣ-ਬੋਧ, ਸ਼ੈਵ, ਵੈਸ਼ਨਵ ਵਿਚਕਾਰ ਮੱਤਭੇਦ ਨਹੀਂ ਸਨ ਰਹੇ? ਸਾਨੂੰ ਇਨ੍ਹਾਂ ਸਾਰੇ ਪ੍ਰਸ਼ਨਾਂ 'ਤੇ ਵਿਚਾਰ ਕਰਨ ਦੀ ਲੋੜ ਹੈ।



**ਵਿਭੂਤੀ ਨਰਾਇਣਿ ਰਾਏ**
**ਅਨੁਵਾਦ: ਤਰਸੇਮ ਲਾਲ**

ਜੇ ਅਸੀਂ ਫਿਰਕੂ ਦੰਗਿਆਂ ਨੂੰ ਅੰਗਰੇਜ਼ ਸਾਮਰਾਜ ਦੀ ਉਪਜ ਸਮਝਦੇ ਹਾਂ ਤਾਂ ਕੀ ਅੰਗਰੇਜ਼ਾਂ ਦੇ ਸੱਤਾ ਸੰਭਾਲਣ ਤੋਂ ਪਹਿਲਾਂ ਭਾਰਤੀ ਸਮਾਜ ਵਿਚ ਫਿਰਕਾਪ੍ਰਸਤੀ ਦੀ ਭਾਵਨਾ ਨਹੀਂ ਸੀ? ਉਹ ਪਹਿਲਾਂ ਵੀ ਦੰਗਿਆਂ ਬਾਰੇ ਜਾਣਦੇ ਸਨ ਅਤੇ ਇਤਿਹਾਸ ਵਿਚ ਪਹਿਲਾਂ ਵੀ ਉਨ੍ਹਾਂ ਦੇ ਪੂਰਵਜ਼ਾਂ ਨੇ ਇਨ੍ਹਾਂ ਨੂੰ ਹੰਢਾਇਆ ਸੀ। ਦੂਜਾ, ਜੇ ਇਹ ਅੰਗਰੇਜ਼ਾਂ ਦੀ ਹੀ ਉਪਜ ਸਨ ਤਾਂ ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਉਨ੍ਹਾਂ ਨੂੰ ਸਮਾਪਤ ਹੋ ਜਾਣਾ ਚਾਹੀਦਾ ਸੀ। ਉਸ ਤੋਂ ਬਾਅਦ ਉਹ ਹੋਰ ਵੀ ਗੰਭੀਰ ਰੂਪ ਵਿਚ ਜਾਰੀ ਰਹੇ ਅਤੇ ਅੱਜ ਵੀ ਜਾਰੀ ਹਨ।

ਅੰਗਰੇਜ਼ ਕਾਲ ਦੇ ਸਰਕਾਰੀ ਦਸਤਾਵੇਜ਼ਾਂ ਅਤੇ ਇਤਿਹਾਸਕਾਰ ਕ੍ਰਿਸਟੋਫਰ ਬੇਲੀ ਅਨੁਸਾਰ ਬਨਾਰਸ ਵਿਚ 1809 ਵਿਚ ਹਿੰਦੂ ਅਤੇ ਮੁਸਲਮਾਨਾਂ ਵਿਚਕਾਰ ਪਹਿਲਾਂ ਤੋਂ ਚੱਲ ਰਹੇ ਵਿਰੋਧ ਕਾਰਨ ਫਿਰਕੂ ਦੰਗੇ ਹੋਏ। ਉਹ ਇਸ ਸਬੰਧੀ ਜ਼ਿਆਦਾ ਵਿਸਥਾਰ ਨਹੀਂ ਦਿੰਦੇ। ਉਹ 18ਵੀਂ ਸ਼ਤਾਬਦੀ ਵਿਚ ਮੁਸਲਿਮ ਜ਼ਿਮੀਦਾਰਾਂ ਖਿਲਾਫ ਹਿੰਦੂ ਸਿੱਖ ਕਿਸਾਨੀ ਵਿਦਰੋਹ ਨੂੰ ਵੀ ਫਿਰਕੂ ਦੰਗਿਆਂ ਦੇ ਰੂਪ ਵਿਚ ਪੇਸ਼ ਕਰਦੇ ਹਨ। ਇਹ, ਖਿੱਚ ਧੂਹ ਕਰਕੇ ਕਿਸੇ ਵੀ ਸਮਾਜ ਵਿਚ ਹੋਣ ਵਾਲੇ ਆਮ ਸੰਘਰਸ਼ ਨੂੰ ਫਿਰਕੂ ਦੰਗਿਆਂ ਦੀ ਸਮਾਨਤਾ ਦੇ ਕੇ ਉਨ੍ਹਾਂ ਨੂੰ ਫਿਰਕੂ ਸਿੱਧ ਕਰਨ ਦੀ ਕੋਸ਼ਿਸ਼ ਜਾਪਦੀ ਹੈ।

1713 ਵਿਚ ਅਹਿਮਦਾਬਾਦ ਵਿਚ ਹੋਇਆ ਦੰਗਾ ਬਿਨਾਂ ਸ਼ੱਕ ਫਿਰਕੂ ਸੀ। ਅੱਖੀਂ ਦੇਖੀ ਘਟਨਾ ਦੀ ਵਿਆਖਿਆ ਕਰਦੇ ਹੋਏ ਖਾਫੀ ਖਾਨ ਅਨੁਸਾਰ ਇਕ ਹਿੰਦੂ ਨੇ ਆਪਣੇ ਗੁਆਂਢੀ ਮੁਸਲਮਾਨ ਅਤੇ ਆਪਣੇ ਘਰ ਦੇ ਸਾਹਮਣੇ ਸਾਂਝੇ ਵਿਹੜੇ ਵਿਚ ਹੋਲੀ ਜਲਾਉਣ ਦੀ ਤਿਆਰੀ ਕਰ ਲਈ। ਝਗੜੇ ਤੋਂ ਬਾਅਦ ਮਾਮਲਾ ਮੁਸਲਮਾਨ ਅਫਸਰ ਕੋਲ ਗਿਆ ਜਿਸ ਨੇ ਹਿੰਦੂ ਨੂੰ ਹੋਲੀ ਜਲਾਉਣ ਦੀ ਆਗਿਆ ਦੇ ਦਿੱਤੀ। ਉਸ ਨੇ ਹੋਲੀ ਜਲਾ ਦਿੱਤੀ। ਦੂਜੇ ਦਿਨ ਮੁਸਲਮਾਨ ਪਰਿਵਾਰ ਨੇ ਪੈਗੰਬਰ ਸਾਹਿਬ ਦੇ ਸਨਮਾਨ ਵਿਚ ਆਪਣੇ ਘਰ ਦੇ ਸਾਹਮਣੇ ਗਊ ਦੀ ਕੁਰਬਾਨੀ ਦੇ ਦਿੱਤੀ। ਭੜਕੇ ਹੋਏ ਹਿੰਦੂ ਇਕੱਠੇ ਹੋ ਗਏ ਅਤੇ ਉਨ੍ਹਾਂ ਮੁਸਲਮਾਨਾਂ 'ਤੇ ਹਮਲਾ ਬੋਲ ਦਿੱਤਾ। ਹਮਲੇ ਵਿਚ ਕੁਰਬਾਨੀ ਦੇਣ ਵਾਲਾ ਮੁਸਲਮਾਨਾਂ ਦਾ 14 ਸਾਲਾਂ ਦਾ ਪੁੱਤਰ ਮਾਰਿਆ ਗਿਆ। ਦੋਹਾਂ ਪੱਖਾਂ ਨੇ ਬਾਦਸ਼ਾਹ ਨੂੰ ਸ਼ਾਂਤੀ ਸਥਾਪਤ ਕਰਨ ਦੀ ਅਪੀਲ ਕੀਤੀ।

ਇਸ ਬਾਰੇ ਅਧਿਐਨ ਕਰਨ ਲਈ ਸਾਨੂੰ ਮੱਧ ਯੁੱਗ ਦੇ ਨਾਗਰਿਕ ਰਿਸ਼ਤਿਆਂ ਅਤੇ ਰਾਜ ਦੇ ਬੁਨਿਆਦੀ ਚਰਿੱਤਰ 'ਤੇ ਧਿਆਨ ਦੇਣ ਦੀ ਲੋੜ ਹੈ। ਇਤਿਹਾਸਕਾਰਾਂ ਦੀਆਂ ਵੀ ਦੋ ਸ਼੍ਰੇਣੀਆਂ ਹਨ। ਇਕ ਸ਼੍ਰੇਣੀ ਮੁਹੰਮਦ ਯਾਸੀਨ ਵਰਗੇ ਇਤਿਹਾਸਕਾਰ ਹਨ ਜੋ ਮੁਗਲ ਕਾਲ ਨੂੰ ਹਿੰਦੂ ਮੁਸਲਿਮ ਸਦਭਾਵ, ਆਪਸੀ ਪ੍ਰੇਮ ਅਤੇ ਸਹਿਣਸ਼ੀਲਤਾ ਦੀ ਮਿਸਾਲ ਸਮਝਦੇ ਹਨ। ਦੂਜੇ ਵਰਗ ਦੇ ਇਤਿਹਾਸਕਾਰ ਮੁਗਲ ਕਾਲ ਨੂੰ ਜ਼ਿਆਦਤੀਆਂ, ਮੂਰਤੀਆਂ ਤੋੜਨ, ਧਰਮ ਬਦਲੀ, ਜ਼ਜੀਆ, ਜ਼ੁਲਮ, ਲੁੱਟਮਾਰ ਕਤਲੇਆਮ ਅਤੇ ਅਸਹਿਣਸ਼ੀਲਤਾ ਦਾ ਭਿਅੰਕਰ ਦੌਰ ਸਮਝਦੇ ਹਨ। ਸਾਨੂੰ ਇਸ ਬਾਰੇ ਫਿਰਕਾਪ੍ਰਸਤੀ ਨੂੰ ਸਮਝਣ ਲਈ ਅਧਿਐਨ ਦੀ ਲੋੜ ਹੈ।



***ਅਹਿਮਦਾਬਾਦ ਦੀ 1866 ਦੀ ਇਕ ਝਾਕੀ ਜਿਥੇ 1713 ਵਿਚ ਫਿਰਕੂ ਦੰਗਾ ਹੋਇਆ ਸੀ।***

ਇਸ ਵਿਚ ਕੋਈ ਸ਼ੱਕ ਨਹੀਂ ਕਿ ਮੁਸਲਿਮ ਰਾਜਿਆਂ ਨੇ ਹਿੰਦੂ ਮੰਦਿਰ ਤੋੜੇ ਪਰ ਇਸ ਪਿੱਛੇ ਧਾਰਮਿਕ ਕੱਟੜਤਾ ਜਾਂ ਅਸਹਿਣਸ਼ੀਲਤਾ ਇਕੋ-ਇਕ ਕਾਰਨ ਨਹੀਂ ਸੀ। ਹਿੰਦੂ ਮੰਦਿਰਾਂ ਵਿਚ ਬਹੁਤ ਸਾਰਾ ਸੋਨਾ, ਚਾਂਦੀ, ਜ਼ੇਵਰ, ਅਤੇ ਹੋਰ ਕੀਮਤੀ ਧਨ-ਦੌਲਤ ਮੌਜੂਦ ਸੀ। ਇਹ ਮੰਦਿਰਾਂ ਨੂੰ ਤੋੜਨ ਪਿੱਛੇ ਵੱਡਾ ਕਾਰਨ ਸੀ। ਮਹਿਮੂਦ ਗਜ਼ਨਵੀ ਭਾਰਤ ਵਿਚ ਦਾਖਲ ਹੋਣ ਤੋਂ ਬਾਅਦ ਹਜ਼ਾਰਾਂ ਮੰਦਿਰ ਛੱਡ ਕੇ ਸੈਂਕੜੇ ਮੀਲਾਂ ਦਾ ਸਫਰ ਕਰਕੇ ਸੋਮਨਾਥ ਮੰਦਿਰ ਲੁੱਟਣ ਲਈ ਪਹੁੰਚਿਆ ਕਿਉਂਕਿ ਉਸ ਵਿਚ ਕੀਮਤੀ ਦੌਲਤ ਮੌਜੂਦ ਸੀ। ਬਹੁਤ ਸਾਰੇ ਹਿੰਦੂ ਰਾਜਿਆਂ ਨੇ ਵੀ ਇਸ ਲਾਲਚ ਵਿਚ ਮੰਦਿਰ ਤੋੜੇ। ਕਸ਼ਮੀਰ ਦੇ ਰਾਜੇ ਹਰਸ਼ ਨੇ ਮੰਦਿਰਾਂ ਦੇ ਸੋਨਾ ਚਾਂਦੀ ਲੁੱਟਣ ਲਈ ਬਕਾਇਦਾ ਵਿਭਾਗ ਬਣਾਇਆ ਹੋਇਆ ਸੀ। ਧਾਰਮਿਕ ਅਤੇ ਆਰਥਕ ਤੋਂ ਬਿਨਾਂ ਸਿਆਸੀ ਕਾਰਨ ਵੀ ਇਸ ਪਿੱਛੇ ਕੰਮ ਕਰਦਾ ਸੀ- 'ਹਾਰੀ ਹੋਈ ਜਨਤਾ ਤੋਂ ਆਪਣੀ ਅਧੀਨਤਾ ਸਵੀਕਾਰ ਕਰਵਾਉਣ ਦਾ ਯਤਨ।' ਭਾਰਤ ਵਿਚ ਬ੍ਰਾਹਮਣ ਰਾਜਿਆਂ ਨੇ ਜਿੰਨੇ ਵੀ ਬੁੱਧ ਮੱਤ ਅਤੇ ਜੈਨੀਆਂ ਦੇ ਮੰਦਿਰ ਤੋੜੇ, ਉਹ ਸ਼ਾਇਦ ਹੀ ਮੁਸਲਮਾਨਾਂ ਨਾਲੋਂ ਤੋੜੇ ਮੰਦਿਰਾਂ ਨਾਲੋਂ ਘੱਟ ਹੋਣ। ਇਕ ਵਾਰ ਪੂਰੀ ਤਰ੍ਹਾਂ ਪੈਰ ਜਮਾਉਣ ਤੋਂ ਬਾਅਦ ਮੁਸਲਿਮ ਰਾਜਿਆਂ ਦੀ ਮੰਦਿਰ ਤੋੜਨ ਦੀ ਰਫਤਾਰ ਹੌਲੀ-ਹੌਲੀ ਘਟਦੀ ਗਈ; ਭਾਵ, ਜਦ ਅਧੀਨਗੀ ਪੂਰੀ ਤਰ੍ਹਾਂ ਸਵੀਕਾਰ ਕਰ ਲਈ ਤਾਂ ਮੰਦਿਰ ਤੋੜਨ ਦੀ ਜ਼ਰੂਰਤ ਨਾ ਰਹੀ।

ਮੁਸਲਮਾਨ ਸ਼ਾਸਕਾਂ ਦਾ ਵਰਤਾਓ ਆਪਣੀ ਪਰਜਾ ਨਾਲ ਉਹੋ ਜਿਹਾ ਸੀ ਜਿਹੋ-ਜਿਹਾ ਕਿਸੇ ਰਾਜੇ ਦਾ ਹੁੰਦਾ ਹੈ। ਉਨ੍ਹਾਂ ਦੀ ਚਿੰਤਾ ਧਰਮ ਪ੍ਰਚਾਰ ਨਾਲੋਂ ਆਪਣੇ ਰਾਜ ਦੀ ਸੁਰੱਖਿਆ ਵਧੇਰੇ ਸੀ। ਇਸ ਲਈ ਜ਼ਿਆਦਾਤਰ ਟੈਕਸ ਵਸੂਲੀ ਅਤੇ ਸੈਨਾ ਪ੍ਰਬੰਧ ਲਈ ਉਚੇ ਅਹੁਦਿਆਂ 'ਤੇ ਹਿੰਦੂਆਂ ਨੂੰ ਲਗਾਇਆ ਗਿਆ ਸੀ। ਮੁਗਲ ਕਾਲ ਆਉਂਦੇ-ਆਉਂਦੇ ਇਹ ਘਟਦਾ ਗਿਆ। ਉਸ ਵੇਲੇ ਤੱਕ ਉਨ੍ਹਾਂ ਨੂੰ ਮਿਲਣ ਵਾਲੀ ਚੁਣੌਤੀ ਲਗਭਗ ਖਤਮ ਹੋ ਚੁੱਕੀ ਸੀ। ਇਹ ਕੇਵਲ ਸੰਜੋਗ ਨਹੀਂ ਸੀ ਕਿ ਮੁਸਲਿਮ ਸੱਤਾ ਲਈ ਚੁਣੌਤੀ ਵਜੋਂ ਪੇਸ਼ ਦੋ ਪ੍ਰਤੀਕ- ਰਾਣਾ ਪ੍ਰਤਾਪ ਅਤੇ ਸ਼ਿਵਾਜੀ, ਵਿਰੁੱਧ ਲੜਨ ਵਾਲੀ ਮੁਗਲ ਸੈਨਾ ਦੀ ਅਗਵਾਈ ਰਾਜਪੂਤਾਂ ਦੇ ਹੱਥ ਸੀ।

ਮੱਧ ਕਾਲ ਵਿਚ ਸ਼ਾਸਕ ਮੁਸਲਿਮ ਸਨ ਪਰ ਪਰਜਾ ਮੁੱਖ ਤੌਰ 'ਤੇ ਹਿੰਦੂ ਸੀ। ਭਾਰਤ ਦੀ ਰਾਸ਼ਟਰ ਵਜੋਂ ਕਲਪਨਾ 1850 ਤੋਂ ਬਾਅਦ ਸ਼ੁਰੂ ਹੋਈ। ਉਸ ਵੇਲੇ ਤੱਕ ਹਰ ਸ਼ਕਤੀਸ਼ਾਲੀ ਸੱਤਾ ਕੇਂਦਰ ਆਪਣਾ ਭੂਗੋਲਿਕ ਖੇਤਰ ਵਧਾਉਣ ਲਈ ਯਤਨ ਕਰਦਾ ਰਹਿੰਦਾ ਸੀ। ਅਜਿਹਾ ਕਰਦੇ ਸਮੇਂ ਉਸ ਦਾ ਵੱਖ-ਵੱਖ ਸ਼ਕਤੀਆਂ ਨਾਲ ਮੁਕਾਬਲਾ ਹੁੰਦਾ। ਇਹ ਮੁਕਾਬਲਾ ਦੋ ਰਾਜਾਂ ਵਿਚਕਾਰ ਹੁੰਦਾ। ਇਨ੍ਹਾਂ ਵਿਚੋਂ ਇਕ ਮੁਸਲਿਮ ਅਤੇ ਦੂਜਾ ਹਿੰਦੂ ਹੁੰਦਾ ਜਾਂ ਦੋਨੋਂ ਮੁਸਲਿਮ ਰਾਜ ਹੁੰਦੇ। ਇਹ ਸੰਘਰਸ਼ ਮੁੱਖ ਰੂਪ ਵਿਚ ਉਨ੍ਹਾਂ ਸੱਤਾ ਕੇਂਦਰਾਂ ਤੱਕ ਹੀ ਸੀਮਤ ਰਹਿੰਦਾ। ਜਨਤਾ ਦੀ ਉਸ ਵਿਚ ਬਹੁਤੀ ਭਾਗੀਦਾਰੀ ਨਹੀਂ ਸੀ ਹੁੰਦੀ। ਇਸ ਲਈ ਉਸ ਖੇਤਰ ਵਿਚ ਰਹਿਣ ਵਾਲੀ ਹਿੰਦੂ ਮੁਸਲਿਮ ਜਨਤਾ ਦੇ ਆਪਸੀ ਸਬੰਧਾਂ 'ਤੇ ਬਹੁਤਾ ਅਸਰ ਨਹੀਂ ਸੀ ਪੈਂਦਾ।

ਮੁਗਲ ਕਾਲ ਸਮੇਂ ਅਤੇ ਅੰਗਰੇਜ਼ ਕਾਲ ਸਮੇਂ ਦੇ ਰਾਜ ਪ੍ਰਬੰਧ ਵਿਚ ਵੱਡੇ ਅੰਤਰ ਸਨ। ਮੁਗਲ ਕਾਲ ਸਮੇਂ ਦੇ ਰਾਜ ਤੰਤਰ ਵਿਚ ਸ਼ਾਸਕਾਂ ਦਾ ਮਨੋਰਥ ਭੂਗੋਲਿਕ ਤੌਰ 'ਤੇ ਵੱਡੇ ਰਾਜਾਂ ਵਿਚ ਦੂਰ ਦੇ ਹਿੱਸਿਆਂ ਤੋਂ ਕੇਵਲ ਲਗਾਨ/ਟੈਕਸ ਵਸੂਲੀ ਅਤੇ ਅਧੀਨਤਾ ਸਵੀਕਾਰ ਕਰਵਾਉਣਾ ਹੁੰਦਾ ਸੀ। ਯੁੱਧ ਸਮੇਂ ਉਹ ਸ਼ਾਸਕਾਂ ਦੀ ਮਦਦ ਕਰਨ ਤੋਂ ਕੰਨੀਂ ਨਹੀਂ ਸੀ ਕਤਰਾਉਂਦੇ ਤਾਂ ਉਨ੍ਹਾਂ ਵਿਚਕਾਰ ਚੰਗੇ ਸਬੰਧ ਬਣੇ ਰਹਿੰਦੇ ਸਨ ਪਰ ਅੰਗਰੇਜ਼ ਸਾਮਰਾਜ, ਸ਼ਕਤੀਸ਼ਾਲੀ, ਆਧੁਨਿਕ, ਕੇਂਦਰੀਕ੍ਰਿਤ ਅਤੇ ਲੋਕਾਂ ਦੀ ਜ਼ਿੰਦਗੀ ਦੇ ਹਰ ਮਸਲੇ ਵਿਚ ਦਖਲ-ਅੰਦਾਜ਼ੀ ਕਰਨ ਰਾਜ ਵਾਲਾ ਸੀ। ਉਹ ਬਾਰੀਕੀ ਨਾਲ ਲੋਕਾਂ ਦੀ ਸਮਾਜਕ, ਸਿਆਸੀ ਅਤੇ ਆਰਥਕ ਬਣਤਰ ਵਿਚ ਪੂਰੀ ਦਖਲ-ਅੰਦਾਜ਼ੀ ਕਰਨ ਵਾਲਾ ਰਾਜ ਸੀ।



***ਕਲਕੱਤਾ ਵਿਚ 1946 ਨੂੰ ਹੋਏ ਦੰਗਿਆਂ ਤੋਂ ਬਾਅਦ ਦਾ ਮੰਜ਼ਰ।***

1757 ਵਿਚ ਪਲਾਸੀ ਦੀ ਲੜਾਈ ਤੋਂ ਬਾਅਦ ਭਾਰਤ ਵਿਚ ਅੰਗਰੇਜ਼ਾਂ ਦੀ ਹਾਜ਼ਰੀ ਨਜ਼ਰ ਆਉਣ ਲੱਗ ਪਈ ਸੀ। 1857 ਤੱਕ ਤਾਂ ਉਹ ਲੋਕਾਂ ਦੀ ਜ਼ਿੰਦਗੀ ਦੇ ਹਰ ਕਾਰਜ ਵਿਚ ਦਖਲ-ਅੰਦਾਜ਼ੀ ਕਰਨ ਲੱਗ ਪਏ ਸਨ। ਬੰਗਾਲ, ਮਦਰਾਸ ਅਤੇ ਬੰਬਈ ਪ੍ਰੈਜੀਡੈਂਸੀ ਦੀਆਂ ਪਲਟਣਾਂ ਦੀਆਂ ਛਾਉਣੀਆਂ ਪੂਰੇ ਦੇਸ਼ ਵਿਚ ਅਲੱਗ-ਅਲੱਗ ਕਾਇਮ ਹੋਈਆਂ। ਈਸਟ ਇੰਡੀਆ ਕੰਪਨੀ ਨੇ ਰੇਲਵੇ ਕੰਪਨੀ ਦੇ ਤੌਰ 'ਤੇ ਰਜਿਸਟ੍ਰੇਸ਼ਨ ਕਰਵਾਈ ਅਤੇ ਰੇਲ ਪਟੜੀਆਂ ਦਾ ਪੱਕਾ ਜਾਲ ਵਿਛਾਇਆ। ਇਹ ਕਪਾਹ ਭਾਰਤ ਤੋਂ ਇੰਗਲੈਂਡ ਭੇਜਣ ਅਤੇ ਕੱਪੜਾ ਇੰਗਲੈਂਡ ਤੋਂ ਭਾਰਤ ਲਿਆਉਣ ਲਈ ਮੁੱਖ ਤੌਰ 'ਤੇ ਕੀਤਾ ਗਿਆ। ਫੌਜੀ ਪਲਟਣਾਂ ਨੂੰ ਵੀ ਇਕ ਥਾਂ ਤੋਂ ਦੂਜੇ ਥਾਂ ਪਹੁੰਚਾਉਣ ਲਈ ਇਸ ਦੀ ਜ਼ਰੂਰਤ ਸੀ। 1857 ਦੇ ਵਿਦਰੋਹ ਸਮੇਂ ਜੇ ਕਲਕੱਤਾ ਤੋਂ ਰਾਣੀਗੰਜ ਤੱਕ (120 ਕਿਲੋਮੀਟਰ) ਰੇਲ ਪਟੜੀ ਨਾ ਬਣੀ ਹੁੰਦੀ ਤਾਂ ਕਰਨਲ ਨੀਲ ਆਪਣੀ ਪਲਟਣ ਨਾਲ ਰਾਣੀ ਗੰਜ ਸਮੇਂ ਸਿਰ ਨਾ ਪਹੁੰਚਦਾ, ਤਾਂ ਬਨਾਰਸ, ਅਲਾਹਾਬਾਦ ਅਤੇ ਕਾਨਪੁਰ ਦੀਆਂ ਛਾਉਣੀਆਂ ਵਿਚ ਅੰਗਰੇਜ਼ਾਂ ਨੂੰ ਵੱਡਾ ਨੁਕਸਾਨ ਪਹੁੰਚਦਾ।

ਪੂਰੇ ਅੰਗਰੇਜ਼ ਸਾਮਰਾਜ ਸ਼ਾਸਤ ਭਾਰਤ ਵਿਚ ਇਕੋ ਜਿਹੀ ਪੁਲਿਸ, ਕਾਨੂੰਨ, ਦੰਡ ਪ੍ਰਕਿਰਿਆ ਬਣਾਉਣ ਲਈ 1861 ਵਿਚ ਪੁਲਿਸ ਐਕਟ, ਇੰਡੀਅਨ ਪੀਨਲ ਕੋਡ, ਕਰਿਮੀਨਲ ਪ੍ਰੋਸੀਜ਼ਰ ਕੋਡ ਅਤੇ ਇੰਡੀਅਨ ਐਵੀਡੈਂਸ ਐਕਟ ਲਿਆ ਕੇ ਰਾਸ਼ਟਰ ਦੇ ਨਿਰਮਾਣ ਦਾ ਨੀਂਹ ਪੱਥਰ ਰੱਖਿਆ। ਰਾਜ ਨੂੰ ਨਾਗਰਿਕ ਦੇ ਦਰਵਾਜ਼ੇ 'ਤੇ ਭੇਜ ਦਿੱਤਾ। ਟੈਕਸ ਵਸੂਲੀ ਲਈ ਖਾਸ ਅਫਸਰ ਨਿਯੁਕਤ ਕੀਤੇ ਗਏ ਜੋ ਹਰ ਪਿੰਡ/ਸ਼ਹਿਰ ਵਿਚ ਰਾਜ ਦੇ ਪ੍ਰਤੀਨਿਧੀ ਸਨ।

ਇਹ ਰਾਜ ਪ੍ਰਬੰਧ ਮੁਗਲ ਪ੍ਰਬੰਧ ਦੇ ਮੁਕਾਬਲੇ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਵਧੇਰੇ ਦਖਲ-ਅੰਦਾਜ਼ੀ ਕਰਨ ਵਾਲਾ ਹੀ ਨਹੀਂ ਬਲਕਿ ਸੰਵੇਦਨਹੀਣ ਵੀ ਸੀ। ਮੁਸਲਮਾਨ ਸ਼ਾਸਕਾਂ ਨੇ (ਕੁਝ ਮੁਢਲੇ ਸਮੇਂ ਨੂੰ ਛੱਡ ਦਿਓ) ਭਾਰਤ ਨੂੰ ਆਪਣਾ ਘਰ ਬਣਾ ਲਿਆ ਸੀ। ਉਹ ਨਾਂ ਤਾਂ ਭਾਰਤ ਦਾ ਧਨ ਮਾਲ ਲੁੱਟ ਕੇ ਬਾਹਰ ਹਜ਼ਾਰਾਂ ਮੀਲ ਦੂਰ ਲੈ ਕੇ ਜਾਂਦੇ ਸਨ ਅਤੇ ਨਾ ਹੀ ਦੂਰ ਬੈਠੇ ਹਾਕਮਾਂ ਦੇ ਇਸ਼ਾਰਿਆਂ 'ਤੇ ਹਕੂਮਤ ਚਲਾਉਂਦੇ ਸਨ। ਇਸੇ ਦੇਸ਼ ਵਿਚ ਰਹਿੰਦੇ ਹੋਏ ਇਥੇ ਹੀ ਜਨਮ ਮਰਨ ਅਤੇ ਜਨਤਾ ਨਾਲ ਮਿਲ ਕੇ ਚੱਲਣ ਦੀ ਭਾਵਨਾ ਕਾਰਨ ਨਾ ਤਾਂ ਇਥੋਂ ਦੀ ਦਸਤਕਾਰ ਜਾਂ ਉਦਯੋਗਿਕ ਧੰਦਿਆਂ ਨੂੰ ਨਸ਼ਟ ਕਰਨ ਦੀ ਉਨ੍ਹਾਂ ਦੀ ਕੋਈ ਮਨਸ਼ਾ ਸੀ, ਨਾ ਹੀ ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਬੇਲੋੜੀ ਦਖਲ-ਅੰਦਾਜ਼ੀ ਕਰਕੇ ਉਨ੍ਹਾਂ ਦੀ ਗੁਲਾਮ ਮਾਨਸਿਕਤਾ ਬਣਾਉਣ ਦਾ ਟੀਚਾ ਸੀ। ਦੋਵਾਂ ਰਾਜ ਪ੍ਰਬੰਧਾਂ ਦਾ ਜ਼ਿਕਰ ਕਰਦੇ ਹੋਏ ਐਡਮੰਡ ਬਰਕ ਲਿਖਦੇ ਹਨ, "ਤੁਰਕ ਹਮਲਾ ਦੁਸ਼ਟਤਾ ਪੂਰਨ ਸੀ ਪਰ ਸਾਡੀ ਸੰਭਾਲ ਭਾਰਤ ਦਾ ਸਰਬਨਾਸ਼ ਕਰ ਰਹੀ ਹੈ। ਉਹ

***ਇਸ ਲੜੀ ਦੀ ਪਹਿਲੀ ਕਿਸ਼ਤ ਅੰਕ 18 ਵਿਚ ਛਪੀ ਸੀ ਪਰ ਕੁਝ ਤਕਨੀਕੀ ਕਾਰਨ ਕਰਕੇ ਪਿਛਲੇ ਅੰਕ (19) ਵਿਚ ਇਹ ਲੜੀ ਛਪ ਨਹੀਂ ਸਕੀ।***

ਉਨ੍ਹਾਂ ਦੇ ਦੁਸ਼ਮਣ ਸਨ। ਅਸੀਂ ਦੋਸਤ ਹਾਂ। ਸਾਡੀ ਜਿੱਤ ਤੋਂ 20 ਸਾਲ ਬਾਅਦ ਕੋਈ ਤਬਦੀਲੀ ਨਹੀਂ ਆਈ। ਨੌਜਵਾਨ ਅੰਗਰੇਜ਼ ਹਕੂਮਤ ਕਰਦੇ ਹਨ, ਉਨ੍ਹਾਂ ਨੂੰ ਭਾਰਤ, ਭਾਰਤੀ ਲੋਕਾਂ ਨਾਲ ਭੋਰਾ ਵੀ ਹਮਦਰਦੀ ਨਹੀਂ। ਭਾਰਤੀ ਲੋਕਾਂ ਨਾਲ ਉਨ੍ਹਾਂ ਦਾ ਇੰਨਾ ਹੀ ਸਬੰਧ ਹੈ, ਜਿੰਨਾ ਧਨ-ਦੌਲਤ ਬਟੋਰਨ ਲਈ ਜ਼ਰੂਰੀ ਹੈ। ਜ਼ਮਾਨੇ ਦੀ ਹਵਸ ਅਤੇ ਜਵਾਨੀ ਦਾ ਜੋਸ਼। ਉਨ੍ਹਾਂ ਦੀ ਭੁੱਖ ਕਦੇ ਸ਼ਾਂਤ ਨਹੀਂ ਹੁੰਦੀ। ਮੁਨਾਫੇ ਦਾ ਇਕ ਰੁਪਇਆ ਜੋ ਅੰਗਰੇਜ਼ ਲੈਂਦਾ ਹੈ, ਉਹ ਭਾਰਤੀਆਂ ਦੇ ਹੱਥੋਂ ਹਮੇਸ਼ਾ ਲਈ ਨਿਕਲ ਜਾਂਦਾ ਹੈ। ਦੂਜੇ ਜੇਤੂ ਆਪਣੇ ਪਿਛੇ ਕਈ ਐਸੀਆਂ ਯਾਦਾਂ ਛੱਡ ਗਏ ਹਨ ਜਿਨ੍ਹਾਂ ਨਾਲ ਜਨਤਾ ਨੂੰ ਲਾਭ ਹੋਵੇ ਅਤੇ ਉਨ੍ਹਾਂ ਦਾ ਗੌਰਵ ਵਧੇ।"

ਮੁਸਲਿਮ ਅਤੇ ਅੰਗਰੇਜ਼ ਸ਼ਾਸਨ ਵਿਚ ਇਹੀ ਅੰਤਰ ਸੀ ਕਿ ਅੰਗਰੇਜ਼ ਪੁਰਾਣੇ ਰੋਮਨ ਅਖਾਣ 'ਫੁੱਟ ਪਾਓ ਅਤੇ ਰਾਜ ਕਰੋ' ਤੋਂ ਸੰਦੇਸ਼ ਲੈਂਦੇ ਰਹੇ ਅਤੇ ਮੁਸਲਮਾਨ ਸ਼ਾਸਕਾਂ ਨੂੰ ਫੁੱਟ ਪਾਉਣ ਦੀ ਲੋੜ ਨਹੀਂ ਸੀ। ਉਸ ਸਮੇਂ ਹਿੰਦੂ ਰਾਜਾ ਅਤੇ ਮੁਸਲਮਾਨ ਰਾਜਾ ਆਪਸ ਵਿਚ ਟਕਰਾਉਂਦੇ ਸਨ ਪਰ ਦੋਨਾਂ ਦੀਆਂ ਫੌਜਾਂ ਵਿਚ ਹਿੰਦੂ ਅਤੇ ਮੁਸਲਮਾਨ, ਮਿਲੇ ਜੁਲੇ ਸੈਨਿਕ ਅਤੇ ਸੈਨਾਪਤੀ ਹੁੰਦੇ ਸਨ। ਹਿੰਦੂ ਅਤੇ ਮੁਸਲਮਾਨ ਆਮ ਆਬਾਦੀ 'ਤੇ ਕੋਈ ਅਸਰ ਨਹੀਂ ਪੈਂਦਾ ਸੀ ਪਰ ਹੁਣ ਰਾਜ ਸੱਤਾ ਵਪਾਰੀ ਬਣ ਗਈ ਸੀ। ਉਨ੍ਹਾਂ ਦੀਆਂ ਨੀਤੀਆਂ ਕਾਰਨ ਹਿੰਦੂ ਮੁਸਲਿਮ ਜਨਤਾ ਆਪਸ ਵਿਚ ਲੜਨ ਲੱਗੀ।

ਅੰਗਰੇਜ਼ ਸਾਮਰਾਜ ਨੇ ਸੋਚੀ ਸਮਝੀ ਨੀਤੀ ਤਹਿਤ ਫਿਰਕੂ ਦੰਗਿਆਂ ਨੂੰ ਭੜਕਾਉਣ ਵਿਚ ਸਹਿਯੋਗ ਦਿੱਤਾ ਪਰ ਸਾਨੂੰ ਇਹ ਵੀ ਵਿਚਾਰਨ ਦੀ ਲੋੜ ਹੈ ਕਿ ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ ਇਹ ਕਿਉਂ ਜਾਰੀ ਹਨ?

ਸਾਨੂੰ ਇਹ ਯਾਦ ਰੱਖਣ ਦੀ ਲੋੜ ਹੈ ਕਿ ਭਾਰਤ ਦੀ ਆਜ਼ਾਦੀ ਦੁਖਦਾਈ ਫਿਰਕੂ ਪ੍ਰਕਿਰਿਆ ਦੇ ਰੂਪ ਵਿਚ ਪ੍ਰਾਪਤ ਹੋਈ ਹੈ। ਰਾਸ਼ਟਰੀ ਅੰਦੋਲਨ ਨੂੰ 'ਹਿੰਦੂ ਅੰਦੋਲਨ' ਬਣਾਉਣ ਦੀ ਭੁੱਲ, ਅਲੱਗ-ਅਲੱਗ ਚੋਣ ਸਮੂਹ ਬਣਾਉਣਾ, 'ਮੁਸਲਿਮ ਲੀਗ' ਅਤੇ 'ਹਿੰਦੂ ਮਹਾਂ ਸਭਾ' ਵਰਗੇ ਫਿਰਕੂ ਸੰਗਠਨ, ਭਾਰਤੀ ਸਮਾਜ ਵਿਚ ਤਾਕਤਵਰ ਹੁੰਦੇ ਗਏ ਅਤੇ ਇਸ ਕਾਰਨ ਭਿਆਨਕ ਫਿਰਕੂ ਦੰਗਿਆਂ ਦਾ ਜ਼ਹਿਰ ਪੂਰੇ ਦੇਸ਼ ਵਿਚ ਫੈਲ ਗਿਆ ਜਿਸ ਦਾ ਨਤੀਜਾ ਮੁਲਕ ਦੀ ਵੰਡ ਸਾਬਤ ਹੋਇਆ। ਵੰਡ ਸਮੇਂ ਹੋਏ ਫਿਰਕੂ ਦੰਗਿਆਂ ਵਿਚ ਲੱਖਾਂ ਲੋਕ ਮਾਰੇ ਗਏ, ਕਰੋੜਾਂ ਬੇਘਰ ਹੋਏ ਅਤੇ ਉੱਜੜ ਗਏ। ਇਨ੍ਹਾਂ ਹਾਲਾਤ ਵਿਚ ਫਿਰਕਾਪ੍ਰਸਤੀ ਲੋਕਾਂ ਦੇ ਮਨਾਂ ਅੰਦਰ ਡੂੰਘਾ ਘਰ ਕਰ ਗਈ। ਇਸ ਤੋਂ ਛੁਟਕਾਰਾ ਪਾਉਣ ਲਈ ਵੱਡੇ ਪੈਮਾਨੇ ਤੇ ਯਤਨ ਕਰਨ ਦੀ ਲੋੜ ਸੀ। ਸੰਵਿਧਾਨ ਵਿਚ ਮੁਲਕ ਨੂੰ ਧਰਮ ਨਿਰਪੱਖ ਐਲਾਨ ਕੇ ਰਾਜ ਦੀ ਭੂਮਿਕਾ ਖਤਮ ਨਹੀਂ ਹੋ ਜਾਂਦੀ। ਵਿਦਿਅਕ, ਸਮਾਜਕ ਅਤੇ ਆਰਥਕ ਪੱਧਰ 'ਤੇ ਇਹੋ ਜਿਹੇ ਯਤਨ ਕਰਨੇ ਜ਼ਰੂਰੀ ਸਨ ਤਾਂ ਜੋ ਜਨਤਾ ਨੂੰ ਫਿਰਕੂ ਅਤੇ ਫਾਸ਼ੀਵਾਦੀ ਸ਼ਕਤੀਆਂ ਦੇ ਪ੍ਰਚਾਰ ਤੋਂ ਬਚਾਉਂਦੇ ਹੋਏ, ਵਿਗਿਆਨਕ ਅਤੇ ਵਿਕਾਸ ਪੱਖੀ ਸੋਚ ਮੁਹੱਈਆ ਕੀਤੀ ਜਾਵੇ ਪਰ ਅਜਿਹਾ ਨਹੀਂ ਕੀਤਾ ਗਿਆ। ਅੱਜ ਵੀ ਧਰਮ ਨਿਰਪੱਖ ਸ਼ਕਤੀਆਂ ਦੇ ਯਤਨ ਫਿਰਕੂ ਸ਼ਕਤੀਆਂ ਅੱਗੇ ਬੌਣੇ ਪੈ ਜਾਂਦੇ ਹਨ। ਮੁਲਕ ਫਿਰਕਾਪ੍ਰਸਤੀ ਦੇ ਜਾਲ ਵਿਚ ਫਸ ਰਿਹਾ ਹੈ। ਸਾਨੂੰ ਫਿਰਕਾਪ੍ਰਸਤੀ ਦੇ ਇਸ ਜ਼ਹਿਰ ਨੂੰ ਜੜ੍ਹੋਂ ਉਖਾੜਨਾ ਹੋਵੇਗਾ। ***(ਚੱਲਦਾ)***

ੴ ਸਤਿਗੁਰ ਪ੍ਰਸਾਦਿ॥

ਜਿਨਾ ਸਾਸਿ ਗਿਰਾਸਿ ਨਾ ਵਿਸਰੈ ਹਰਿ ਨਾਮਾ ਮਨਿ ਮੰਤੁ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥




ਗੁਰਦੁਆਰਾ ਸਿੱਖ ਟੈਂਪਲ, ਓਕ ਕਰੀਕ



ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ

ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਅਦੁੱਤੀ ਸ਼ਖ਼ਸੀਅਤ ਹੋਏ ਹਨ, ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ। ਉਹ 1926 ਤੋਂ 1950 ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ ਅਤੇ 1937 ਤੇ 1945 ਵਿਚ ਦੋ ਵਾਰ ਪੰਜਾਬ ਅਸੰਬਲੀ ਦੇ ਮੈਂਬਰ ਬਣੇ। ਵਿਦਿਆ ਦਾ ਚਾਨਣ ਵੰਡਣ ਲਈ ਉਨ੍ਹਾਂ ਕਈ ਸਕੂਲ ਬਣਵਾਏ। ਪੰਜਾਬ ਦੀ ਲੁਬਾਣਾ ਬਰਾਦਰੀ ਉਨ੍ਹਾਂ ਦੀ ਬਖਸ਼ਿਸ਼ ਸਦਕਾ ਹੀ ਅੱਜ ਦੁਨੀਆਂ ਵਿਚ ਉਜਵਲ ਇਤਿਹਾਸ ਸਿਰਜ ਰਹੀ ਹੈ।

# ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ 72ਵੀਂ ਸਾਲਾਨਾ ਬਰਸੀ ਸਬੰਧੀ

# ਵਿਸ਼ੇਸ਼ ਸਮਾਗਮ

**ਪ੍ਰੋਗਰਾਮ ਦਾ ਵੇਰਵਾ**

**3 ਜੂਨ 2022 (ਸ਼ੁੱਕਰਵਾਰ)** ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ

**5 ਜੂਨ 2022 (ਐਤਵਾਰ)** ਭੋਗ ਸ੍ਰੀ ਅਖੰਡ ਪਾਠ ਸਵੇਰੇ 10:30 ਵਜੇ

## ਪਹੁੰਚ ਰਹੇ ਜਥੇ:

*ਭਾਈ ਗੁਰਮੀਤ ਸਿੰਘ ਜੋਸ਼
*ਭਾਈ ਗੁਰਮੇਲ ਸਿੰਘ
ਭਾਈ ਸੁਰਜੀਤ ਸਿੰਘ ਬੰਬੇ ਵਾਲੇ ਅਤੇ ਸਾਥੀ



ਗੁਰਮੀਤ ਸਿੰਘ ਜੋਸ਼



ਜਥਾ ਭਾਈ ਗੁਰਮੇਲ ਸਿੰਘ (ਹੈਡ ਗ੍ਰੰਥੀ, ਗੁਰਦੁਆਰਾ ਓਕ ਕਰੀਕ) ਤੇ ਸਾਥੀ;



ਭਾਈ ਸੁਰਜੀਤ ਸਿੰਘ ਬੰਬੇ ਵਾਲੇ ਤੇ ਸਾਥੀ

ਗੁਰੂ ਲਾਧੋ ਰੇ ਸੇਵਾ ਸੁਸਾਇਟੀ ਦੇ ਮੈਂਬਰਾਂ ਵਲੋਂ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਬਰਸੀ ਦੇ ਸਮਾਗਮ 5 ਜੂਨ ਨੂੰ ਗੁਰਦੁਆਰਾ ਸਾਹਿਬ ਦੇ ਬਾਹਰ ਗਰਾਊਂਡ ਵਿਚ ਕਰਵਾਏ ਜਾ ਰਹੇ ਹਨ। ਸੰਗਤ ਨੂੰ ਹੁੰਮ-ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ। ਇਸ ਮੌਕੇ ਵੱਖ ਵੱਖ ਤਰ੍ਹਾਂ ਦੇ ਪਕਵਾਨ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।



**ਵਲੋਂ: ਪਰਮਿੰਦਰ ਸਿੰਘ ਗੋਲਡੀ ਫੋਨ: 414-736-6580**

**ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ ਅਤੇ ਸਿੱਖ ਟੈਂਪਲ ਆਫ ਵਿਸਕਾਨਸਿਨ ਦੀ ਸਮੂਹ ਸਾਧ ਸੰਗਤ**

7512 South Howell Ave. Oak Creek, WI 53154 Ph: 414-764-7454

TO CELEBRATE

# VAISAKHI

## PUNJABI CULTURAL SOCIETY OF CHICAGO

*PROUDLY PRESENTS*

# RANGLA PUNJAB 2022

## A Vaisakhi Cultural Celebration

**SATURDAY, May 21, 2022** *(5:00 P.M-10:00 P.M. SHARP)*

**Yellow Box Theater, 1635 Emerson Lane, Naperville, IL-60540**

**Enjoy a colorful family style evening full of excitement featuring Bhangra, Gidha, Children's items, Bolian, Dances, Punjabi skits & much more.**



### Admission Donations:

$25 General seating, $50 (reserved seats), $100 VIP (front section seats + delicious dinner)
Children under 10 years free
No Separate seat.

SPONSORS ENCOURAGED

Free parking



*SARABJIT CHEEMA*

*DOLISHA*

**For more information, please contact: (847) 359-5PCS**

P.O. Box 1244, Palatine, IL, 60078 info@PCSChicago.org www.PCSChicago.org

PCS is a non profit organization promoting Punjabi culture, sports, language & performing arts.

### PCS Board:

Honorary Chairman : Kevindeep Singh
President: Parvinder Singh Nanua, Ph: (260) 312-1485
Sr.Vice President: Bhupinder Singh Dhaliwal, Ph: (224) 715-0177
Executive Secretary: Navtej Singh Sohi, Ph: (847) 917-7716
Asstt. Executive Secretary: Gurpreet SIngh Sidhu
Finance Director: Bikram Singh Sohi, Ph: (847) 809-1110
Asstt. Finance Director: Gurlal Singh Bhattal, Ph: (630) 340-7608
Youth Affairs Director: Jigardeep Singh Dhillon
Sports Director: Parmjot Singh Parmar, Ph: (847) 652-9930
Immediate Past President: Balwinder S. Girn (847) 452-9897
Finance Secretary: Manjeet Singh Bhalla, Ph: (224) 392-6129

### PCS Officials:

Rajinder S. Mago (630) 440-7730
Manjit S. Gill (630) 893-5156
Sukhmel S. Atwal (847) 564-4735
Mohinderjit S. Saini (847) 705-0434
Jasbir S. Palia (219) 256-9428
Bhinder S. Pamma (847) 361-3579
Amarjit K. Atwal (847) 564-4735
Gurmit S. Dhillon (847) 912-6659
Yadwinder S. Grewal (773) 627-9113

# ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ), ਸ਼ਿਕਾਗੋ

## PCS Board 2022



- Kevindeep Singh (Honorary Chairman)
- Parvinder Singh Nanua President
- Bhupinder Singh Dhaliwal (Sr.Vice President)
- Navtej Singh Sohi (Executive Secretary)
- Gurpreet SIngh Sidhu Asstt. Exective Secretary
- Jigardeep Singh Dhillon Youth Director
- Bikram Singh Sohi (Finance Director)
- Gurlal Singh Bhattal (Asstt. Finance Director)
- Parmjot Singh Parmar (Sports Director)
- Manjeet Singh Bhalla (Finance Secretary)

## PCS Officials



- Rajinder S. Mago
- Manjit S. Gill
- Sukhmel S. Atwal
- Mohinderjit S. Saini
- Jasbir S. Palia
- Bhinder S. Pamma
- Amarjit K. Atwal
- Balwinder S. Girn
- Gurmit S. Dhillon
- Vick Singh
- Yadwinder S. Grewal


## ਰੰਗਲਾ ਪੰਜਾਬ 2022 ਦੇ ਸਪਾਂਸਰ



- Dr. Param Singh (Chief Guest)
- Darshan Singh Dhaliwal
- Dr. Bhupinder Singh Saini
- Paritam Singh Nanua
- Lakhvir Singh Sahota
- Harinder Singh Rana
- Harkewal Singh Lally
- Avtar S. Bhaura (Bhaura Transport Indianapolis)
- Jaswinder Singh Sandhu (US Oil)
- Major Gurcharan Singh Jhaj
- Jaidev Singh Bhattal



- Rajpreet Kaur Dhaliwal
- Dr. Narinder Singh Grewal
- Santokh Singh DC
- Amrikpal Singh (Solution Financial)
- Dr. Mandeep S. Sandhu
- Dr. Amrik Singh Sohi
- Parminder Banga
- Dr.Vikramjit Gill
- Iqbal Singh Saini
- Balwinder Singh Sandhu
- Balwinder (Nick) Singh



- Lakhbir Singh Sandhu
- Amolak Singh Gidda
- Gulzar Singh Multani
- Parminder Banga
- Amrik Singh (Amar Carpet)
- Dr. Amrit Kaur Virk DDS
- Harbhajan Singh Kalyanpur
- Amritpal Mangat
- Jagjit Singh Dhindsa
- Gurpreet K. Singh (Futurity First)
- Harkishan Singh Bhatti



Amrit Singh & Venessa Singh

**ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਵਲੋਂ 21 ਮਈ ਨੂੰ ਰੰਗਲਾ ਪੰਜਾਬ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਉਘੇ ਪੰਜਾਬੀ ਗਾਇਕ ਸਰਬਜੀਤ ਸਿੰਘ ਚੀਮਾ ਤੇ ਗਾਇਕਾ ਡੋਲੀਸ਼ਾ ਆਪਣੀ ਗਾਇਕੀ ਨਾਲ ਰੌਣਕਾਂ ਲਾਉਣਗੇ। ਇਸ ਮੌਕੇ ਗਿੱਧਾ,ਭੰਗੜਾ, ਬੱਚਿਆਂ ਦੇ ਡਾਂਸ, ਸਕਿੱਟਾਂ ਤੇ ਹੋਰ ਬਹੁਤ ਕੁਝ ਦੇਖਣ ਨੂੰ ਮਿਲੇਗਾ। ਦਰਸ਼ਕਾਂ ਨੂੰ ਅਪੀਲ ਹੈ ਕਿ ਉਹ ਹੁੰਮ-ਹੁਮਾ ਕੇ ਪਰਿਵਾਰਾਂ ਸਣੇ ਪੁੱਜਣ ਤੇ ਪ੍ਰੋਗਰਾਮ ਨੂੰ ਚਾਰ ਚੰਨ ਲਾਉਣ।**

# ਪੰਜਾਬ ਅਤੇ ਪੰਜਾਬੀਆਂ ਦੀ ਮਰਨ-ਮਿੱਟੀ

***ਬੋਲਚਾਲ ਦੀ ਭਾਸ਼ਾ ਵਿਚ ਮਰਨ-ਮਾਰਨ ਦੀ ਸ਼ਬਦਾਵਲੀ ਦੀ ਵਰਤੋਂ ਚੱਤੋ-ਪਹਿਰ ਹੁੰਦੀ ਰਹਿੰਦੀ ਹੈ। ਅੱਕ ਕੇ, ਥੱਕ ਕੇ ਕਹਿ ਦੇਈਦਾ ਹੈ- ਹੁਣ ਮੈਨੂੰ ਈ ਮਰਨਾ ਪੈਣੈ! ਛੋਟਿਆਂ ਨੂੰ ਪਿਆਰ ਤੇ ਫਟਕਾਰ ਦੋਵੇਂ, ਮਰ ਜਾਣੀਏਂ! ਮਰ ਜਾਨਿਆ! ਕਹਿ ਕੇ ਦਿੰਦੇ ਹਾਂ। ਅਜਿਹੇ ਸ਼ਬਦ ਜਿਵੇਂ ਕਿ ਮਰੋ! ਮਰ ਜਾਓ! ਸਾਡੇ ਤਕੀਆ ਕਲਾਮ ਹੀ ਬਣ ਗਏ ਹਨ। ਅੰਤਾਂ ਦੇ ਮੋਹ, ਤੇਹ, ਤਿਆਗ ਦਾ ਇਜ਼ਹਾਰ ਅਸੀਂ ਅਕਸਰ ਹੀ 'ਹਾਇ ਮੈਂ ਮਰ ਜਾਂ!' ਕਹਿ ਕੇ ਕਰਦੇ ਹਾਂ। ਅਜਿਹੀ ਸ਼ਬਦਾਵਲੀ ਪੰਜਾਬ ਦੀ ਮਰਨ ਮਿੱਟੀ ਦੀ ਹੀ ਦੇਣ ਹੈ।...***


**ਕਮਲੇਸ਼ ਉੱਪਲ**
ਫੋਨ: +91-98149-02564

**ਕਲਾ ਪਰਿਕਰਮਾ**

ਹਰਵਿੰਦਰ ਭੰਡਾਲ ਬਹੁ-ਵਿਧਾਵੀ ਪ੍ਰਬੁੱਧ ਲੇਖਕ ਹੈ ਜਿਸ ਦੀ ਕੁਲ ਰਚਨਾ ਦੋ ਦਰਜਨ ਦੇ ਲਗਭਗ ਪੁਸਤਕਾਂ ਵਿਚ ਸਮਾਈ ਹੋਈ ਹੈ। ਹਰਵਿੰਦਰ ਭੰਡਾਲ ਨੇ ਕਵਿਤਾਵਾਂ, ਆਲੋਚਨਾ, ਇਤਿਹਾਸ, ਨਾਵਲ, ਸਫਰਨਾਮਾ, ਜੀਵਨੀ, ਅਨੁਵਾਦ, ਸਿੱਖਿਆ, ਸੰਪਾਦਨ, ਸਹਿ-ਸੰਪਾਦਨ ਆਦਿ ਸਾਹਿਤ ਰਚਿਆ ਹੈ ਜਿਸ ਵਿਚ ਚਾਰ ਪੁਸਤਕਾਂ ਨਿਰੋਲ ਇਤਿਹਾਸ ਬਾਰੇ ਹਨ।


ਭੰਡਾਲ ਦੀ ਪੁਸਤਕ 'ਪੰਜਾਬੀਆਂ ਦੀ ਮਰਨ ਮਿੱਟੀ' ਵਾਰਤਕ ਦੀ ਪੁਸਤਕ ਹੈ। ਇਸ ਵਿਚਲੇ ਵੱਖ-ਵੱਖ 14 ਲੇਖਾਂ ਵਿਚ ਮੁੱਖ ਤੌਰ 'ਤੇ ਪੰਜਾਬੀਆਂ ਦੀਆਂ ਖਸਲਤਾਂ ਦਾ ਇਤਿਹਾਸਕ ਵਿਸ਼ਲੇਸ਼ਣ ਹੈ ਜੋ ਮਰਨ ਤੋਂ ਨਾ ਡਰਨਾ, ਨਾਬਰੀ ਅਤੇ ਕਿਸੇ ਹੇਤ ਲਈ ਵਾਰ-ਵਾਰ ਮਰਦੇ ਰਹਿਣਾ ਵਰਗੀਆਂ ਰਵਾਇਤਾਂ ਦੀ ਉਪਜ ਹੈ। ਕੁਝ ਲੇਖਾਂ ਵਿਚ ਵਿਸ਼ੇਸ਼ ਅਤੇ ਜਾਣੀਆਂ-ਪਛਾਣੀਆਂ ਪੰਜਾਬੀ ਸ਼ਖਸੀਅਤਾਂ ਦੀਆਂ ਖੂਬੀਆਂ, ਖਾਮੀਆਂ, ਪ੍ਰਾਪਤੀਆਂ ਆਦਿ ਦਾ ਬਿਰਤਾਂਤ ਹੈ। ਪੁਸਤਕ ਦੇ ਸਿਰਲੇਖ ਵਾਲੇ ਲੇਖ ਅਤੇ ਤਿੰਨ ਹੋਰ ਲੇਖਾਂ ਵਿਚ ਪੰਜਾਬੀਆਂ ਦੀ ਵੱਖਰੀ ਪਛਾਣ ਤੇ ਵੱਖਰੀ ਸੋਚ ਨੂੰ ਆਧਾਰ ਬਣਾ ਕੇ ਪੰਜਾਬ ਬਾਰੇ ਮੌਲਿਕ ਇਤਿਹਾਸਕ ਪ੍ਰਸੰਗ ਸਿਰਜਣ ਦਾ ਯਤਨ ਕੀਤਾ ਗਿਆ ਹੈ। ਇਸ ਪੁਸਤਕ ਨੂੰ ਲਿਖਣ ਦਾ ਉਦੇਸ਼ ਪੰਜਾਬੀਆਂ ਦੀ ਮਰਨ-ਮਿੱਟੀ ਦੀਆਂ ਇਤਿਹਾਸਕ ਵਿਸ਼ੇਸ਼ਤਾਵਾਂ ਨੂੰ ਡੂੰਘੀ ਅਤੇ ਬਹੁ-ਪਾਸਾਰੀ ਖੋਜ ਕਰ ਕੇ ਲੱਭਣਾ ਅਤੇ ਸਮਝਾਉਣਾ ਹੈ। ਲੇਖਕ ਦਾ ਵਿਚਾਰ ਹੈ ਕਿ ਅਜਿਹਾ ਕਰ ਕੇ ਹੀ ਭਗਤ ਸਿੰਘ ਅਤੇ ਸਾਥੀਆਂ ਦੀ ਭੁਲਾਈ ਜਾ ਚੁੱਕੀ ਵਿਰਾਸਤ ਨੂੰ ਮੁੜ ਉਭਾਰਿਆ ਜਾ ਸਕਦਾ ਹੈ। ਇਸ ਵਿਰਾਸਤ ਨਾਲ ਜੁੜ ਕੇ ਹੀ ਇਹ ਮਰਨ ਮਿੱਟੀ ਸਿਰਜਣਾਤਮਕ ਅਮਲ ਪ੍ਰਕਿਰਿਆ ਦੇ ਰਾਹ ਮੁੜ ਸਕਦੀ ਹੈ।

ਹਰਵਿੰਦਰ ਭੰਡਾਲ ਨੇ ਇਹ ਲੇਖ ਲਿਖਣ ਲਈ ਪੰਜਾਬ ਦੇ ਇਤਿਹਾਸ ਦੀਆਂ ਦੂਰ ਤਕ ਤਹਿਆਂ ਹੀ ਨਹੀਂ ਫਰੋਲੀਆਂ, ਉਸ ਵਿਚੋਂ ਲੱਭੇ ਦੀ ਤੰਦ ਨੂੰ ਪੰਜਾਬ ਦੇ ਭਵਿੱਖ ਨਾਲ ਜੋੜਨ ਦੀ ਲੋੜ ਬਾਰੇ ਵੀ ਚੇਤਾਇਆ ਹੈ। ਪੰਜਾਬ ਦੀ ਖਸਲਤ ਭਾਰਤ ਰਾਸ਼ਟਰ ਦਾ ਸਰਹੱਦੀ ਸੂਬਾ ਹੋਣਾ ਨਹੀਂ ਹੈ ਸਗੋਂ ਇਹ ਇਸ ਦੀਆਂ ਵੱਖਰੀਆਂ ਵਿਚਾਰਕ/ਦਾਰਸ਼ਨਿਕ ਪਰੰਪਰਾਵਾਂ ਵਿਚੋਂ ਬਣੀ ਹੈ। ਬੋਧ ਵਿਚਾਰਾਂ ਵਿਚੋਂ ਪਨਪੀ ਤੇ ਨਾਥਾਂ ਜੋਗੀਆਂ ਤੱਕ ਪਹੁੰਚੀ ਪਰੰਪਰਾ, ਇਸਲਾਮ ਦਾ ਅਸਰ ਅਤੇ ਹੋਰ ਕਈ ਕਬੀਲਿਆਂ, ਜਾਤੀਆਂ ਦੇ ਪ੍ਰਭਾਵਾਂ ਨੂੰ ਕਬੂਲਦੀ ਹੋਈ ਇਹ ਖਸਲਤ ਬਾਬਾ ਨਾਨਕ ਦੀ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਵੀ ਬਣੀ। ਇਸ ਅਨੋਖੇ ਇਤਿਹਾਸਕ ਵਰਤਾਰੇ ਦੇ ਬਾਵਜੂਦ ਪੰਜਾਬ ਮੁੱਢੋਂ ਹੀ ਕਾਰਨਾਂ ਵੱਸ ਹੋ ਕੇ ਹਿੰਸਕ ਉੱਥਲ-ਪੁੱਥਲ ਦਾ ਸ਼ਿਕਾਰ ਹੁੰਦਾ ਰਿਹਾ ਹੈ। ਇਸ ਹਿੰਸਾ ਕਾਰਨ ਪੰਜਾਬ ਦੀ ਧਰਤੀ 'ਤੇ ਲਹੂ ਡੁੱਲ੍ਹਦਾ ਰਿਹਾ ਹੈ। ਪੰਜਾਬ ਦੀਆਂ ਵੱਖਰੀਆਂ ਦਾਰਸ਼ਨਿਕ ਤੇ ਸਭਿਆਚਾਰਕ ਖਸਲਤਾਂ ਲੱਭਣ ਲਈ ਭੰਡਾਲ ਨੇ ਦੁਰਲੱਭ ਇਤਿਹਾਸਕ ਸਰੋਤਾਂ ਨੂੰ ਦਸਤਾਵੇਜ਼ ਵਾਂਗ ਵਰਤਿਆ ਹੈ। 'ਆਲਮ ਬੇਗ ਦੀ ਖੋਪੜੀ' ਸਿਰਲੇਖ ਵਾਲਾ ਲੇਖ ਅਤੇ 'ਡਬਵਾਲੀ ਢਾਬ ਦਾ ਕਵੀ ਲਾਲੂ' ਦੀ ਕਵਿਤਾ ਦੇ ਹਵਾਲੇ ਵਾਲਾ ਲੇਖ, ਦੋਵੇਂ ਇਸ ਦੀਆਂ ਅਹਿਮ ਮਿਸਾਲਾਂ ਹਨ। ਅੰਗਰੇਜ਼ ਹਕੂਮਤ ਦੀਆਂ ਬਸਤੀਵਾਦੀ ਚਾਲਾਂ ਅਤੇ ਉਨ੍ਹਾਂ ਦੀ ਜਬਰ ਨਾਲ ਰਾਜ ਕਰਨ ਦੀ ਮਨਸ਼ਾ ਦੀ ਜਾਣਕਾਰੀ ਅਜਿਹੇ ਅਪਵਾਦਕ ਤੇ ਗੈਰ-ਮਾਮੂਲੀ ਸੋਮਿਆਂ ਤੋਂ ਪ੍ਰਾਪਤ ਕਰਨਾ ਲੇਖਕ ਦੀ ਅਕਾਦਮਿਕ ਮੁਸ਼ੱਕਤ ਅਤੇ ਸੂਝ ਦਾ ਪ੍ਰਮਾਣ ਹੈ। ਇਸ ਤੋਂ ਅਗਲੇ ਲੇਖਾਂ ਵਿਚ ਪੰਜਾਬ ਦੇ ਅਹਿਮ ਅੰਦੋਲਨਾਂ/ਲਹਿਰਾਂ ਦਾ ਬਿਰਤਾਂਤ ਹੈ। ਇਨ੍ਹਾਂ ਲਹਿਰਾਂ ਅਤੇ ਅੰਦੋਲਨਾਂ ਨੂੰ ਵੱਖ-ਵੱਖ ਪ੍ਰਸੰਗਾਂ ਨਾਲ ਜੋੜ ਕੇ ਸਮਝਾਉਣ ਦਾ ਯਤਨ ਕੀਤਾ ਗਿਆ ਹੈ।



ਕਿਤਾਬ ਦਾ ਮੁਖੜਾ।


ਹਰਵਿੰਦਰ ਭੰਡਾਲ



ਹਰਵਿੰਦਰ ਭੰਡਾਲ ਦੇ ਨਾਵਲ 'ਮੈਲੀ ਮਿੱਟੀ' ਦਾ ਮੁਖੜਾ।

ਪੁਸਤਕ ਦੇ ਮਗਰਲੇ ਅੱਧ ਵਿਚ ਛੇ ਸਿਰਕੱਢ ਸ਼ਖਸੀਅਤਾਂ ਬਾਰੇ ਜਾਣਕਾਰੀ ਦਿੱਤੀ ਹੈ। ਇਹ ਰੇਖਾ-ਚਿਤਰ ਜਾਂ ਲਫਜ਼-ਤਸਵੀਰਾਂ ਨਹੀਂ ਹਨ; ਸ਼ਖਸੀਅਤਾਂ ਹਨ: ਬਲਰਾਜ ਸਾਹਨੀ, ਮਨਿੰਦਰ ਸਿੰਘ ਕਾਂਗ, ਕਾਮਰੇਡ ਨੌਨਿਹਾਲ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਬਲਵੰਤ ਗਾਰਗੀ ਤੇ ਮਨਮੋਹਨ ਬਾਵਾ। ਅਪਵਾਦਕ ਪਰ ਦ੍ਰਿਸ਼ਟਮਾਨ ਵਿਲੱਖਣਤਾ ਵਰਤ ਕੇ ਇਨ੍ਹਾਂ ਵਿਅਕਤੀਆਂ ਦੇ ਨਾਂਹ-ਪੱਖੀ ਜਾਂ ਹਾਂ-ਪੱਖੀ ਸੁਭਾਅ, ਵਿਅਕਤੀਗਤ ਸ਼ੈਲੀ, ਸਾਹਿਤਕ ਯੋਗਦਾਨ ਆਦਿ ਬਾਰੇ ਛੋਟੇ ਆਕਾਰ ਦੇ ਜੀਵਨੀ ਲੇਖ ਲਿਖੇ ਹਨ। ਕਾਮਰੇਡ ਨੌਨਿਹਾਲ ਸਿੰਘ ਬਾਰੇ ਲੇਖ ਲੇਖਕ ਦੀ ਆਪਣੇ ਮੁਰਸ਼ਦ ਤੇ ਸਲਾਹਕਾਰ ਨੂੰ ਸ਼ਰਧਾਂਜਲੀ ਹੈ।

ਭੰਡਾਲ ਦੀ ਵਾਰਤਕ ਪੜ੍ਹ ਕੇ ਅੰਗਰੇਜ਼ਾਂ (ਜਿਨ੍ਹਾਂ ਨੂੰ ਉਹ 'ਬਰਤਾਨਵੀ ਬਸਤੀਵਾਦੀ' ਨਾਂ ਦਿੰਦਾ ਹੈ) ਦੇ ਅਧੀਨ ਹੋਏ ਪੰਜਾਬ ਦੇ ਸਿੱਖਾਂ, 1857 ਦੇ ਗਦਰ ਵਿਚ ਪੰਜਾਬੀ ਬਾਗੀਆਂ ਦੀ ਭੂਮਿਕਾ ਅਤੇ ਅੰਗਰੇਜ਼ਾਂ ਦੀ ਹਿੰਸਾ-ਪ੍ਰਤੀ ਹਿੰਸਾ ਬਾਰੇ ਨਵੇਂ ਇੰਕਸ਼ਾਫ ਹੁੰਦੇ ਹਨ। ਪੁਸਤਕ ਦੀ ਜਿਲਦ ਉੱਤੇ ਟਾਈਟਲ ਪੰਨੇ ਵਜੋਂ ਪਹਿਲੀ ਆਲਮੀ ਜੰਗ ਦੀ ਤਸਵੀਰ ਹੈ ਜਿਸ ਵਿਚ ਸਿਪਾਹੀ (ਬਹੁਤੇ ਸਿੱਖ) ਅੰਗਰੇਜ਼ ਅਫਸਰ ਦੀ ਕਮਾਂਡ ਹੇਠ ਪਰੇਡ ਕਰ ਰਹੇ ਹਨ। ਇਹ ਤਸਵੀਰ ਦਿਖਾਉਣ ਤੋਂ ਸਾਫ ਜ਼ਾਹਿਰ ਹੈ ਕਿ ਉਨ੍ਹਾਂ ਨੂੰ ਜੰਗ ਵਿਚ ਮਰਨ ਲਈ ਤਿਆਰ ਕੀਤਾ ਜਾ ਰਿਹਾ ਹੈ।

ਬੋਲਚਾਲ ਦੀ ਪੰਜਾਬੀ ਭਾਸ਼ਾ ਵਿਚ ਮਰਨ-ਮਾਰਨ ਦੀ ਸ਼ਬਦਾਵਲੀ ਦੀ ਵਰਤੋਂ ਚੱਤੋ-ਪਹਿਰ ਹੁੰਦੀ ਰਹਿੰਦੀ ਹੈ। ਅੱਕ ਕੇ, ਥੱਕ ਕੇ ਕਹਿ ਦੇਈਦਾ ਹੈ- ਹੁਣ ਮੈਨੂੰ ਈ ਮਰਨਾ ਪੈਣੈ! ਛੋਟਿਆਂ ਨੂੰ ਪਿਆਰ ਤੇ ਫਟਕਾਰ ਦੋਵੇਂ, ਮਰ ਜਾਣੀਏਂ! ਮਰ ਜਾਨਿਆ! ਕਹਿ ਕੇ ਦਿੰਦੇ ਹਾਂ। ਅਜਿਹੇ ਸ਼ਬਦ ਜਿਵੇਂ ਕਿ ਮਰੋ! ਮਰ ਜਾਓ! ਸਾਡੇ ਤਕੀਆ ਕਲਾਮ ਹੀ ਬਣ ਗਏ ਹਨ। ਅੰਤਾਂ ਦੇ ਮੋਹ, ਤੇਹ, ਤਿਆਗ ਦਾ ਇਜ਼ਹਾਰ ਅਸੀਂ ਅਕਸਰ ਹੀ 'ਹਾਇ ਮੈਂ ਮਰ ਜਾਂ!' ਕਹਿ ਕੇ ਕਰਦੇ ਹਾਂ। ਅਜਿਹੀ ਸ਼ਬਦਾਵਲੀ ਪੰਜਾਬ ਦੀ ਮਰਨ ਮਿੱਟੀ ਦੀ ਹੀ ਦੇਣ ਹੈ।

ਲੇਖਕ ਨੂੰ ਭਾਸਦਾ ਹੈ ਕਿ ਪੰਜਾਬੀ ਬੰਦੇ ਦੀ ਪ੍ਰਫੁੱਲਤਾ ਲਈ ਸਥਿਤੀਆਂ ਦੀ ਅਣਹੋਂਦ ਦੇ ਬਾਵਜੂਦ ਨਵੀਂ ਨਸਲ ਦਾ ਇਕ ਵਰਗ ਆਪਣੀ ਹੋਂਦ ਤੇ ਮਸਲਿਆਂ ਪ੍ਰਤੀ ਸੁਚੇਤ ਹੋ ਰਿਹਾ ਹੈ ਜਿਸ ਵਿਚੋਂ ਪੰਜਾਬੀਆਂ ਦੇ ਨਵੇਂ ਨਾਇਕ ਪੈਦਾ ਹੋ ਸਕਦੇ ਹਨ। ਦੂਸਰਾ ਲੇਖ ਨਾਰੀ ਸਾਹਿਤ ਦੇ ਸਰੋਕਾਰਾਂ ਅਤੇ ਸਿਰਜਣਾਤਮਕ ਅਮਲ-ਪ੍ਰਕਿਰਿਆ ਦੀਆਂ ਖਾਮੀਆਂ ਅਤੇ ਸੰਭਾਵਨਾਵਾਂ ਬਾਰੇ ਹੈ।

ਹਰਵਿੰਦਰ ਭੰਡਾਲ ਦੀ ਵਾਰਤਕ ਵਿਚਲੀ ਸਮੱਗਰੀ ਜਾਂ ਵਸਤੂ ਸਚਮੁੱਚ ਵਜ਼ਨਦਾਰ ਹੈ ਪਰ ਇਹ ਉਹ ਵਾਰਤਕ ਨਹੀਂ ਕਹੀ ਜਾ ਸਕਦੀ ਜਿਸ ਵਿਚੋਂ ਕਦੇ-ਕਦੇ ਕਾਵਿਕਤਾ ਦਾ ਝਲਕਾਰਾ ਪੈ ਜਾਂਦਾ ਹੋਵੇ। ਪੰਜਾਬ ਦੇ ਇਸ ਸੰਕਟ ਸਮੇਂ ਅਜਿਹੀ ਵਾਰਤਕ ਦੀ ਹੀ ਲੋੜ ਹੈ ਜੋ ਮੌਲਿਕ ਚਿੰਤਨ, ਮੌਲਿਕ ਸਿੱਟੇ ਅਤੇ ਮੌਲਿਕ ਸੰਕਲਪ ਦਿੰਦੀ ਹੋਵੇ।

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਮਈ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-534



**ਤਸਵੀਰ ਵਾਲ਼ੇ ਨੇ ਕਮਾਲ ਹੈ ਕੀਤੀ, ਬੜਾ ਕੁਝ ਕਹਿ ਗਈ ਚੁੱਪ-ਚੁਪੀਤੀ।**
**ਕਹਿੰਦੇ ਪਵਨ ਗੁਰੂ ਪਾਣੀ ਹੈ ਪਿਤਾ, ਸ੍ਰਿਸ਼ਟੀ ਰਚ ਜਿਸ ਜੀਵਨ ਹੈ ਦਿੱਤਾ।**

### ਕੈਪਸ਼ਨ ਮੁਕਾਬਲਾ-532



ਦੇਹ ਤੋੜ ਕੇ ਕਰੀ ਕਮਾਈ
ਜਦ ਸਿਖ਼ਰਾਂ 'ਤੇ ਆਵੇ,
ਪੱਕੀ ਫ਼ਸਲ ਦਾ ਚਾਅ ਵੀ ਚੜ੍ਹਦਾ
ਉਤੋਂ ਮੌਸਮ ਪਿਆ ਡਰਾਵੇ।
ਪਾਣੀ ਪੀਣ ਦੀ ਵੀ ਵਿਹਲ ਨਹੀਂ ਹੈ
ਤੇਹ ਨਾਲ ਕਾਮਾ ਮਰਦਾ ਜਾਵੇ।
ਲੋਟੂ ਲਾਣਾ ਬੈਠ ਏ.ਸੀ ਵਿਚ
ਕਮਾਈ ਉਹਦੀ ਦਾ ਦਾਮ ਲਗਾਵੇ।
***-ਜਗਮੀਤ ਸਿੰਘ ਪੰਧੇਰ***
***ਫੋਨ: +1 2042963179***

---

ਪੱਕ ਕੇ ਹੋਈਆਂ ਜਵਾਨ ਕਣਕਾਂ 'ਤੇ,
ਪੈ ਨਾ ਜਾਏ ਮੌਸਮ ਦੀ ਮਾਰ।
ਕਾਹਲੀ ਦੇ ਨਾਲ ਫਸਲ ਸਾਂਭੀਏ,
ਹਰ ਮਨ ਦੇ ਵਿਚ ਇਹੀ ਵਿਚਾਰ।
ਵਿਚ ਤਪਸ਼ ਦੇ ਕਰਦੇ ਵਾਢੀ,
ਕਾਮਿਆਂ ਦੇ ਪਸੀਨੇ ਛੁੱਟ ਗਏ।
ਪਿਆਸ ਬੁਝਣ ਦਾ ਨਾਂ ਨ੍ਹੀ ਲੈਂਦੀ,
ਗਰਮੀ ਦੇ ਰਿਕਾਰਡ ਟੁੱਟ ਗਏ।
***- ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦੁਰ ਨਗਰ, ਬਠਿੰਡਾ***
***ਫੋਨ: 94176-49275***

---

ਸੋਨੇ ਵਾਂਗ ਲਿਸ਼ਕੇ
ਮੋਤੀਆਂ ਵਾਂਗ ਖਿੜੇ ਹੋਏ ਦਾਣੇ
ਹੱਥ ਦਾਤੀ, ਕੱਟਣਾ ਸੱਥਰ, ਵਧਣਾ ਅੱਗੇ
ਖੁੱਚਾਂ ਗਰਮੀ ਪਸੀਨੇ ਨਾਲ
ਬਿੱਤਲ ਜਾਂਦੀਆਂ
ਮਸ਼ਕ ਵਾਲਾ ਜੇ ਮਾਰ ਗਿਆ ਗੇੜਾ
ਨਹੀਂ ਤਾਂ ਗਰਮ ਪਿਆ ਕੋਲ
ਹੀ ਪੀਣਾ ਪੈਂਦਾ।
ਵਗਦੀਓਂ ਲੂਹਾਂ 'ਚ
ਰਿਜਕ ਪੈਦਾ ਕਰਨ ਲਈ
ਜਦ ਤਕ ਮਰੂੰਡਾਂ ਨਹੀਂ
ਛੱਡ ਦਿੱਤਾ ਜਾਂਦਾ
ਜਾਰੀ ਰਹਿੰਦਾ ਵਾਢੀ ਦਾ ਕੰਮ।
ਖੂੰਘਿਆਂ ਨਾਲ ਜ਼ਖਮੀ ਹੋਏ ਪੈਰ ਵੀ
ਕਿਸਾਨ ਭੁੱਕ ਜਾਂਦਾ,
ਜਦ ਦਾਣਾ ਫੱਕਾ
ਘਰ ਪਹੁੰਚ ਜਾਂਦਾ।
***-ਦਰਸ਼ਨ ਪਾਲ ਦੋਸਾਂਝ।***

---

ਵਾਢੀ ਕਣਕਾਂ ਦੀ ਸ਼ੁਰੂ ਹੋਈ,
ਉਤੋਂ ਕੜਕਵੀਂ ਜੇਠ ਦੀ ਧੁੱਪ।
ਤਪਦੇ ਸੀਨੇ ਦੀ ਪਿਆਸ ਬੁਝਾਉਣ ਲਈ
ਪੀਤਾ ਓਕ ਨਾਲ ਪਾਣੀ ਦਾ ਘੁੱਟ।
ਕਣਕ ਦੇ ਨਾਲ ਉਗੀ ਜੜ੍ਹੀ ਬੂਟੀ
ਖਿੜੇ ਕਾਸ਼ਨੀ ਚਿੱਟੇ ਗੁਲਾਬੀ ਫੁੱਲ।
ਸਖਤ ਮਿਹਨਤ ਕਰਨ ਦੇ ਬਾਵਜੂਦ
ਗਰੀਬਾਂ ਦੀ ਕਮਾਈ ਦਾ ਨਾ ਪੈਂਦਾ ਮੁੱਲ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਪਾਣੀ ਪੀ ਕੇ ਬੁਝਾਈ ਪਿਆਸ
ਰੱਬ ਜੀ ਨੂੰ ਕਰਦਾ ਅਰਦਾਸ
ਸੁਖੀ ਸਾਂਦੀ ਘਰ ਆਉਣ ਦਾਣੇ
ਸੂਰੂ ਹੋਣ ਮਰੂੰਡੇ ਵਾਲੇ ਆਉਣੇ
ਤਾਂ ਖੁਸ਼ ਹੋਣਗੇ ਨਿਆਣੇ।
***-ਬੱਲਾ ਲਬਾਣਾ***

# ਸਾਕਾ ਜਲ੍ਹਿਆਂਵਾਲਾ ਬਾਗ ਦਾ ਕਾਵਿਕ ਚਿਤਰਨ

**ਨਿੱਕ ਸੁੱਕ**



**ਗੁਲਜ਼ਾਰ ਸਿੰਘ ਸੰਧੂ**
ਫੋਨ: 91-98157-78469
Sandhugulzar@yahoo.com


ਅਖੰਡ ਹਿੰਦੁਸਤਾਨ ਦੇ ਸਾਰੇ ਵਸਨੀਕ ਇਸ ਤੱਥ ਤੋਂ ਜਾਣੂ ਹਨ ਕਿ ਮਹਾਤਮਾ ਗਾਂਧੀ ਦੇ ਸੁਤੰਤਰਤਾ ਸੰਗਰਾਮ ਵਿਚ ਜਾਨ ਪਾਉਣ ਵਾਲੇ ਬਰਤਾਨਵੀ ਹਾਕਮਾਂ ਵਲੋਂ ਪਾਸ ਕੀਤੇ ਡਿਫੈਂਸ ਆਫ ਇੰਡੀਆ ਐਕਟ ਤੇ ਰੌਲਟ ਐਕਟ ਸਨ, ਜਿਹੜੇ ਹਿੰਦ ਵਾਸੀਆਂ ਨੂੰ ਉੱਕਾ ਹੀ ਪਰਵਾਨ ਨਹੀਂ ਸਨ। ਏਸ ਲਈ ਕਿ ਇਸ ਤੋਂ ਪਹਿਲਾਂ ਹਿੰਦੁਸਤਾਨ ਦੀ ਆਮ ਜਨਤਾ ਨੇ ਬਰਤਾਨੀਆ ਸਰਕਾਰ ਦੀ ਸੰਸਾਰ ਯੁੱਧ ਵਿਚ ਦਿਲ ਖੋਲ੍ਹ ਕੇ ਜਾਨੀ ਤੇ ਮਾਲੀ ਸਹਾਇਤਾ ਕੀਤੀ ਸੀ, ਜਿਸ ਬਦਲੇ ਉਹ ਗੋਰੇ ਹਾਕਮਾਂ ਤੋਂ ਵਡਮੁੱਲੇ ਤੋਹਫੇ ਦੀ ਆਸ ਲਾਈ ਬੈਠੇ ਸਨ। ਇਸਦਾ ਨੋਟਿਸ ਲੈਣ ਵਾਲੇ ਡਾਕਟਰ ਸੈਫੁਦੀਨ ਕਿਚਲੂ ਤੇ ਡਾ. ਸੱਤਿਆਪਾਲ ਸਨ ਜਿਨ੍ਹਾਂ ਨੂੰ 10 ਅਪਰੈਲ 1919 ਦੀ ਸਵੇਰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਇਰਵਿੰਗ ਨੇ ਜਲਾਵਤਨ ਕਰ ਕੇ ਧਰਮਸ਼ਾਲਾ ਪਹੁੰਚਾ ਦਿੱਤਾ ਸੀ। ਇਸ ਕਾਰਵਾਈ ਦਾ ਪਤਾ ਲਗਦੇ ਸਾਰ ਲੋਕਾਂ ਨੇ ਬੈਂਕਾਂ ਤੇ ਡਾਕਖਾਨਿਆਂ ਦੀ ਲੁੱਟਮਾਰ ਕਰਦਿਆਂ ਜਾਨਾਂ ਤਾਂ ਗਵਾਈਆਂ ਪਰ ਇਕ ਮਿਸ਼ਨਰੀ ਮਹਿਲਾ ਮਿਸ ਸ਼ੇਰਵੁੱਡ ਸਮੇਤ ਅੱਧੀ ਦਰਜਨ ਨੂੰ ਵੀ ਨਹੀਂ ਬਖਸ਼ਿਆ। ਨਤੀਜੇ ਵਜੋਂ ਵਿਸਾਖੀ ਵਾਲੇ ਦਿਨ ਜਲ੍ਹਿਆਂਵਾਲਾ ਬਾਗ ਦੇ ਸੱਤ ਏਕੜ ਦੇ ਮੈਦਾਨ ਦੀ ਚਾਰਦੀਵਾਰੀ ਦੇ ਇਕ ਤੋਂ ਬਿਨਾ ਸਾਰੇ ਲਾਂਘੇ ਬੰਦ ਕਰਵਾ ਕੇ ਜਨਰਲ ਡਾਇਰ ਨੇ ਜਿਹੜਾ ਨਿਹੱਥੇ ਲੋਕਾਂ ਦਾ ਕਤਲ-ਏ-ਆਮ ਕੀਤਾ ਉਹ ਕਿਸੇ ਨੂੰ ਭੁੱਲਿਆ ਹੋਇਆ ਨਹੀਂ ਤੇ ਨਾ ਹੀ ਪੰਜਾਬੀ ਸੂਰਮੇ ਊਧਮ ਸਿੰਘ ਵਲੋਂ ਦੋ ਦਹਾਕੇ ਪਿਛੋਂ ਵਲਾਇਤ ਜਾ ਕੇ ਇਸ ਕਤਲ-ਏ-ਆਮ ਦਾ ਹੁਕਮ ਦੇਣ ਵਾਲੇ ਮਾਈਕਲ ਓ'ਡਵਾਇਰ ਦੀ ਹੱਤਿਆ ਕਰ ਕੇ ਇਸਦਾ ਬਦਲਾ ਲੈਣਾ ਭੁੱਲਿਆ ਹੈ। ਪਰ ਜਿਹੜੀ ਗੱਲ ਦਾ ਬਝਵੇਂ ਰੂਪ ਵਿਚ ਕਿਸੇ ਨੂੰ ਪੂਰਾ ਇਲਮ ਨਹੀਂ ਉਹ ਇਸ ਸਾਕੇ ਦੇ ਪ੍ਰਤੀਕਰਮ ਵਜੋਂ ਕਵੀਆਂ ਦੇ ਬੋਲ ਹਨ, ਜਿਹੜੇ ਅੰਮ੍ਰਿਤਸਰ ਵਿਖੇ 23-24 ਅਪਰੈਲ 2022 ਨੂੰ ਰਚਾਈ ਗਈ 'ਜਲ੍ਹਿਆਂਵਾਲਾ ਬਾਗ-ਅਤੀਤ ਤੇ ਵਰਤਮਾਨ' ਨਾਮੀ ਕਾਨਫਰੰਸ ਵਿਚ ਉਜਾਗਰ ਹੋਏ। ਇਹ ਕਾਨਫਰੰਸ ਆਲ ਇੰਡੀਆ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ ਵਲੋਂ ਪੰਜਾਬ ਸਾਹਿਤ ਅਕਾਡਮੀ ਦੇ ਸਹਿਯੋਗ ਨਾਲ ਕਰਵਾਈ ਗਈ ਸੀ ਜਿਸਦੇ ਪ੍ਰਮੁੱਖ ਪ੍ਰਬੰਧਕ ਸੁਖਦੇਵ ਸਿੰਘ ਸਿਰਸਾ ਤੇ ਸਰਬਜੀਤ ਸਿੰਘ ਸਨ। ਸੋ ਪੇਸ਼ ਹਨ ਕਵੀਆਂ ਦੀਆਂ ਰਚਨਾਵਾਂ:

ਨੌਕਰਸ਼ਾਹੀ ਬਖਸ਼ਿਆ ਰੌਲਟ ਬਿੱਲ ਭਾਰਾ
ਨਾਲੇ ਹੁਕਮ ਸੁਣਾਇਆ ਕਰਕੇ ਹੰਕਾਰਾ
ਬੋਲੇਗਾ/ਸੋ ਬਚੇ ਨਾ,
ਹੋ ਮਰੇ ਖੁਆਰਾ
ਪਏ ਮੰਨਣਾ ਸਾਰਿਆਂ
ਇਹ ਗੈਬੀ ਤਾਰਾ
ਜਿਉਂ ਜਿਉਂ ਖਬਰਾਂ ਪਹੁੰਚੀਆਂ
ਮੱਚ ਹਾਹਾ ਕਾਰਾ
ਹਿੰਦੁਸਤਾਨ ਵਿਚ ਪੈ ਗਿਆ ਧੁੰਦ ਗੁਬਾਰਾ
-ਸੂਰਜ ਸਿੰਘ

ਕਲਗੀ ਵਾਲਿਆ ਦੇਸ਼ ਪੰਜਾਬ ਤਾਈਂ
ਜ਼ਾਲਮ ਮਾਰ ਕੇ ਵੇਖ ਮੁਕਾਣ ਲੱਗੇ
ਵਿਚ ਜਲ੍ਹਿਆਂ ਬਾਗ ਦੇ ਆਣ ਕਰਕੇ
ਵੇਖ ਜ਼ੁਲਮ ਦੇ ਤੀਰ ਚਲਾਣ ਲੱਗੇ।
-ਵਿਧਾਤਾ ਸਿੰਘ ਤੀਰ

ਗੁੰਚੇ ਮੁੱਖ ਵਾਲੇ
ਨੌਨਿਹਾਲ ਕਿਧਰੇ
ਵਾਂਗ ਦਾਣਿਆਂ ਦੇ
ਧੁੱਪੇ ਸੁੱਕਦੇ ਸਨ
ਬੇੜੀ ਵਾਂਗ ਪਿਆ
ਅੰਬਰ ਡੋਲਦਾ ਸੀ
ਆਇਆ ਜ਼ੁਲਮ ਦਾ
ਜੇਹਾ ਤੂਫ਼ਾਨ ਏਥੇ
ਜ਼ਖਮੀ, ਪਾਣੀ ਬਿਨ
ਮੱਛੀ ਵਾਂਗ ਤੜਪੇ
ਨਾਲ ਖ਼ੂਨ ਦੇ
ਹੋਏ ਰਵਾਨ ਏਥੇ
ਇਕੋ ਰੂਪ ਅੰਦਰ
ਡਿੱਠਾ ਸਾਰਿਆਂ ਨੇ
ਉਹ ਰਹੀਮ, ਕਰਤਾਰ,
ਭਗਵਾਨ ਏਥੇ
ਹੋਏ ਜ਼ਮਜ਼ਮ ਤੇ ਗੰਗਾ
ਇਕ ਥਾਂ 'ਕੱਠ'
ਰਲਿਆ ਖ਼ੂਨ ਹਿੰਦੂ ਮੁਸਲਮਾਨ ਏਥੇ।
-ਫੀਰੋਜ਼ਦੀਨ ਸ਼ਰਫ

ਸਾਰੇ ਹਿੰਦ ਨੇ ਕਿਹਾ
ਇਕ ਜਾਨ ਹੋ ਕੇ
ਰੌਲਟ ਬਿੱਲ ਨਾ
ਮਨਜ਼ੂਰ ਕਰਨਾ
ਅਸਾਂ ਵਾਰਿਆ ਸਭ ਕੁਝ
ਤੁਸਾਂ ਉਤੋਂ
ਸਾਡਾ ਪਿਆਰ ਨਾ
ਦਿਲਾਂ ਥੀਂ ਦੂਰ ਕਰਨਾ
-ਨਾਨਕ ਸਿੰਘ



**ਬੀਬੀਆਂ ਨੂੰ ਸੈਨਿਕ ਭਰਤੀ ਲਈ ਤਿਆਰ ਕਰਦੀ ਮਾਈ ਭਾਗੋ ਸੰਸਥਾ**

ਪਿਛਲੇ ਮਹੀਨੇ ਮੈਨੂੰ ਮੋਹਾਲੀ ਸਥਿਤ 'ਮਾਈ ਭਾਗੋ ਆਰਮਡ ਫੋਰਸਜ਼ ਪ੍ਰੈਪਰੇਟਰੀ ਇੰਸਟੀਚਿਊਟ ਆਫ ਗਰਲਜ਼' ਜਾਣ ਦਾ ਮੌਕਾ ਮਿਲਿਆ। ਨੌਜਵਾਨ ਮੁਟਿਆਰਾਂ ਨੂੰ ਫ਼ੌਜੀ ਭਰਤੀ ਲਈ ਤਿਆਰ ਕਰਨ ਵਾਲੀ ਇਸ ਸੰਸਥਾ ਨੂੰ ਸੰਸਾਰ ਦੀ ਸਭ ਤੋਂ ਪਹਿਲੀ ਸੰਸਥਾ ਹੋਣ ਦਾ ਮਾਣ ਹੈ। ਪੰਜਾਬ ਸਰਕਾਰ ਵਲੋਂ 25 ਜੁਲਾਈ, 2015 ਤੋਂ ਹੋਂਦ ਵਿਚ ਲਿਆਂਦੀ ਇਹ ਸੰਸਥਾ ਹਰ ਸਾਲ 10 ਤੋਂ 25 ਬੀਬੀਆਂ ਨੂੰ ਸਿਖਲਾਈ ਦਿੰਦੀ ਹੈ। ਦਾਖਲਾ ਲੈਣ ਵਾਲੀਆਂ ਬੀਬੀਆਂ ਕਿਸੇ ਵੀ ਧਰਮ ਦੀਆਂ ਹੋ ਸਕਦੀਆਂ ਹਨ, ਜੇ ਉਹ ਪੰਜਾਬ ਦੀਆਂ ਵਸਨੀਕ ਹੋਣ। ਵਸ਼ਿਸ਼ਟ ਸੇਵਾ ਮੈਡਲ ਪ੍ਰਾਪਤ ਮੇਜਰ ਜਨਰਲ ਆਈ ਪੀ ਸਿੰਘ (ਸੇਵਾ ਮੁਕਤ) ਇਸਦੇ ਡਾਇਰਕੈਟਰ ਹਨ। ਉਨ੍ਹਾਂ ਬੜੇ ਮਾਣ ਨਾਲ ਦੱਸਿਆ ਕਿ ਅੱਜ ਦੇ ਦਿਨ ਭਾਰਤੀ ਸੈਨਾ ਵਿਚ ਸੇਵਾ ਨਿਭਾ ਰਹੀਆਂ ਲੈਫਟੀਨੈਂਟ ਨਿਹਾਰਿਕਾ ਸ਼ਰਮਾ, ਸਬ ਲੈਫਟੀਨੈਂਟ ਅਮਨਪ੍ਰੀਤ ਕੌਰ ਤੇ ਫਲਾਈਂਗ ਅਫਸਰ ਤਬਸੁੱਮ ਖਾਨ ਉਨ੍ਹਾਂ 18 ਅਫ਼ਸਰਾਂ ਵਿਚੋਂ ਹਨ ਜਿਹੜੀਆਂ ਏਥੋਂ ਦੀਆਂ ਸਿਖਲਾਈ ਸ਼ੁਦਾ ਹਨ।

ਹਰ ਸਾਲ ਅਪਰੈਲ ਮਹੀਨੇ ਇਸ਼ਤਿਹਾਰ ਦੇ ਕੇ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ ਤੇ ਉਨ੍ਹਾਂ ਦੀ ਅੰਗਰੇਜ਼ੀ ਭਾਸ਼ਾ ਤੇ ਆਮ ਜਾਣਕਾਰੀ ਵਿਚ ਪ੍ਰਵੀਨਤਾ ਵੇਖ ਕੇ ਮਨੋਵਿਗਿਆਨਕ ਤੇ ਸਰੀਰਕ ਯੋਗਤਾ ਟੈਸਟ ਲੈਣ ਪਿਛੋਂ ਉਨ੍ਹਾਂ ਨੂੰ ਮੈਡੀਕਲੀ ਯੋਗ ਪਾਉਣ ਉਪਰੰਤ ਦਾਖਲਾ ਦੇ ਦਿੱਤਾ ਜਾਂਦਾ ਹੈ। ਇਸ ਤਿੰਨ ਸਾਲਾ ਕੋਰਸ ਦੀ ਪੜ੍ਹਾਈ, ਲਿਖਾਈ ਤੇ ਰਹਿਣ-ਸਹਿਣ ਦਾ ਖਰਚਾ ਪੰਜਾਬ ਸਰਕਾਰ ਕਰਦੀ ਹੈ।

ਏਥੇ ਦਿੱਤੀ ਜਾ ਰਹੀ ਟਰੇਨਿੰਗ ਵਿਚ ਐਨ ਸੀ ਸੀ, ਖੇਡਾਂ, ਯੋਗਾਸਨ, ਜਿਮਨੇਜੀਅਮ, ਘੋੜ ਸਵਾਰੀ, ਤੈਰਾਕੀ ਤੇ ਪੀ ਟੀ ਆਦਿ ਬਹੁਤ ਕੁਝ ਸ਼ਾਮਲ ਹੈ। ਸਿਖਲਾਈ ਦਾ ਮਾਧਿਅਮ ਅੰਗਰੇਜ਼ੀ ਭਾਸ਼ਾ ਹੁੰਦਾ ਹੈ। ਖੂਬੀ ਇਹ ਕਿ ਏਥੇ ਰਿਹਾਇਸ਼, ਖਾਣ-ਪੀਣ ਤੇ ਖੇਡਣ-ਮਲਣ ਲਈ ਖੇਡ ਦੇ ਮੈਦਾਨ ਅਤੇ ਬਾਸਕਟਬਾਲ ਜਾਂ ਵਾਲੀਬਾਲ ਦੇ ਪੂਰਨ ਵਸੀਲੇ ਪ੍ਰਾਪਤ ਹਨ। ਇਹ ਵੀ ਕਿ ਏਥੇ ਤਿੰਨ ਸਾਲਾ ਸਿਖਲਾਈ ਤੋਂ ਬਿਨਾਂ ਥੋੜ੍ਹ ਚਿਰੇ ਕੈਪਸੂਲ ਕੋਰਸ ਵੀ ਹਨ ਜਿਨ੍ਹਾਂ ਦਾ ਦਾਖਲਾ ਮਾਰਚ-ਅਪਰੈਲ ਤੇ ਸਤੰਬਰ-ਅਕਤੂਬਰ ਵਿਚ ਹੁੰਦਾ ਹੈ।

ਪ੍ਰਬੰਧਕਾਂ ਵਲੋਂ ਹਰ ਸਾਲ ਸ਼ਾਮ-ਏ-ਪੰਜਾਬ ਨਾਂ ਦਾ ਮਿਨੀ ਸਮਾਗਮ ਕਰਵਾਇਆ ਜਾਂਦਾ ਹੈ ਜਿਸ ਵਿਚ ਏਥੋਂ ਦੇ ਸ਼ਿਸ਼ ਹੁਮਹੁਮਾ ਕੇ ਭਾਗ ਲੈਂਦੇ ਹਨ। ਇਸ ਵਾਰ ਦੇ ਸਮਾਗਮ ਵਿਚ ਏਥੋਂ ਦੇ ਸਿਖਿਆਰਥੀਆਂ ਵਲੋਂ ਇਕ ਦੂਜੇ ਨਾਲ ਬਿੰਦ ਬਦ ਕੇ ਨਿਭਣ ਦੇ ਕਰਤੱਵ ਨੇ ਸਾਨੂੰ ਬੜਾ ਪ੍ਰਭਾਵਿਤ ਕੀਤਾ। ਖਾਸ ਕਰਕੇ ਮੇਰੀ ਪਤਨੀ ਨੂੰ ਜਿਹੜੀ ਖੁਦ ਕਾਨਵੈਂਟ ਸਕੂਲਾਂ ਦੀ ਵਿਦਿਆਰਥਣ ਰਹਿ ਚੁੱਕੀ ਹੈ।

ਚੇਤੇ ਰਹੇ ਕਿ 'ਸ਼ੁਭ ਕਰਮਨ ਤੇ ਕਬਹੂੰ ਨਾ ਟਰੋ' ਵਾਲੀ ਮਾਈ ਭਾਗੋ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਝੂਬਾਲ ਦੀ ਜੰਮਪਲ ਸੀ। ਓਹੀ ਸੀ ਜਿਸਨੇ ਆਨੰਦਪੁਰ ਦੀ ਮੁਗਲਾਂ ਨਾਲ ਜੰਗ ਸਮੇਂ ਬੇਦਾਵਾ ਦੇਣ ਵਾਲੇ ਸਿੰਘਾਂ ਨੂੰ ਖਿਦਰਾਣੇ ਦੀ ਢਾਬ (ਹੁਣ ਮੁਕਤਸਰ) ਵਿਚ ਇਹ ਬੇਦਾਵਾ ਪਾੜ ਕੇ ਕੁਰਬਾਨੀਆਂ ਦੇਣ ਲਈ ਮਜਬੂਰ ਕੀਤਾ। ਉਸਨੇ ਮਰਦਾਵੇਂ ਵੇਸ ਵਿਚ ਖ਼ੁਦ ਏਨੀ ਬਹਾਦਰੀ ਵਿਖਾਈ ਕਿ ਸਿੰਘਾਂ ਨੇ ਵੈਰੀਆਂ ਨੂੰ ਭਾਜੜਾਂ ਪੁਆ ਦਿੱਤੀਆਂ।

ਉਸਦੀ ਇਸ ਬਹਾਦਰੀ ਤੋਂ ਖ਼ੁਸ਼ ਹੋ ਕੇ ਕਲਗੀਧਰ ਨੇ ਉਸਨੂੰ ਅੰਮ੍ਰਿਤ ਪਾਨ ਕਰਾ ਕੇ ਸਿੰਘ ਵੀ ਸਾਜਿਆ। ਉਸ ਦੇ ਜ਼ਖ਼ਮਾਂ ਦੀ ਤੀਮਾਰਦਾਰੀ ਕਰਵਾਈ। ਉਸਨੇ ਵੀ ਮਰਦਾਵਾਂ ਵੇਸ ਧਾਰ ਕੇ ਗੁਰੂ ਸਾਹਿਬ ਦਾ ਅਬਚਲ ਨਗਰ ਤਕ ਸਾਥ ਦਿੱਤਾ, ਜਿੱਥੇ ਉਸਦੇ ਨਾਂ ਦਾ ਬੁੰਗਾ ਅੱਜ ਵੀ ਉਸਦੀ ਯਾਦ ਦਿਵਾਉਂਦਾ ਹੈ। ਹੁਣ ਪੰਜਾਬੀਆਂ ਨੇ ਮੋਹਾਲੀ ਵਾਲੀ ਸੰਸਥਾ ਸਥਾਪਤ ਕਰ ਕੇ ਹੋਰ ਸ਼ਲਾਘਾਯੋਗ ਕੰਮ ਕੀਤਾ ਹੈ।

**ਅੰਤਿਕਾ**
ਸੁਰਿੰਦਰ ਸੀਹਰਾ
ਬੇਦਾਵਾ ਸ਼ਾਮ ਨੂੰ ਲਿਖਦਾਂ,
ਸਵੇਰੇ ਮਾਫੀਆਂ ਮੰਗਦਾਂ
ਤੇਰਾ ਇਹ ਨੂਰ ਹੀ ਐਸਾ,
ਸ਼ਹਾਦਤ ਟਾਲ ਨਹੀਂ ਹੁੰਦੀ।

# ਕਿਸਾਨੀ ਅੰਦੋਲਨ ਦੀ ਇਤਿਹਾਸਕਤਾ ਨੂੰ ਸੰਭਾਲਦਾ ਨਾਵਲ: 'ਅਸੀਂ ਬੰਦੂਕਾਂ ਨਹੀਂ ਬੀਜਦੇ'

**ਪੁਸਤਕ ਚਰਚਾ**

**ਨਿਰੰਜਣ ਬੋਹਾ**
ਫੋਨ: 91-89682-82700

ਪੰਜਾਬ ਵਿਚ ਸਮੇਂ ਸਮੇਂ 'ਤੇ ਚੱਲੀਆਂ ਸਥਾਪਤੀ ਵਿਰੋਧੀ ਤੇ ਲੋਕ ਪੱਖੀ ਲਹਿਰਾਂ ਨੂੰ ਸਕਾਰਾਤਮਕ ਦਿਸ਼ਾ ਦੇਣ ਤੇ ਇਨ੍ਹਾਂ ਨੂੰ ਇਤਿਹਾਸਕ ਤੌਰ 'ਤੇ ਕਲਮਬੱਧ ਕਰਨ ਸਬੰਧੀ ਪੰਜਾਬੀ ਸਾਹਿਤ ਤੇ ਸਾਹਿਤਕਾਰਾਂ ਨੇ ਹਮੇਸ਼ਾ ਅਹਿਮ ਯੋਗਦਾਨ ਪਾਇਆ ਹੈ। ਪੰਜਾਬ ਦੀ ਧਰਤੀ ਤੋਂ ਸ਼ੁਰੂ ਹੋਏ, ਦਿੱਲੀ ਦੀਆਂ ਬਰੂਹਾਂ ਤੱਕ ਪਹੁੰਚੇ ਤੇ ਕੇਂਦਰੀ ਸੱਤਾ ਨੂੰ ਕਿਸਾਨ ਵਿਰੋਧੀ ਤਿੰਨ ਕਾਲੇ ਕਾਨੂੰਨ ਰੱਦ ਕਰਨ ਲਈ ਮਜਬੂਰ ਕਰਨ ਵਾਲੇ ਕਿਸਾਨ ਅੰਦੋਲਨ ਬਾਰੇ ਵੀ ਪੰਜਾਬੀ ਵਿਚ ਬਹੁਤ ਸਾਰਾ ਸਾਹਿਤ ਲਿਖਿਆ ਗਿਆ ਹੈ, ਲਿਖਿਆ ਜਾ ਰਿਹਾ ਹੈ ਤੇ ਲਿਖਿਆ ਜਾਵੇਗਾ। ਇਸੇ ਸਦੰਰਭ ਵਿਚ ਪ੍ਰਬੁੱਧ ਗਲਪਕਾਰ ਸੁਖਮਿੰਦਰ ਸੇਖੋਂ ਵਲੋਂ ਲਿਖਿਆ ਨਾਵਲ 'ਅਸੀਂ ਬੰਦੂਕਾਂ ਨਹੀਂ ਬੀਜਦੇ' ਮੁੱਖ ਤੌਰ 'ਤੇ ਕਿਸਾਨੀ ਸੰਘਰਸ਼ ਦੀ ਗੌਰਵਤਾ ਨੂੰ ਬਿਆਨ ਕਰਨ ਦੇ ਨਾਲ ਇਸ ਸੰਘਰਸ਼ ਦੇ ਸਿਧਾਂਤਕ ਤੇ ਵਿਹਾਰਕ ਪੈਂਤੜਿਆਂ ਬਾਰੇ ਵੀ ਸੰਵਾਦਕ ਚਰਚਾ ਨੂੰ ਅੱਗੇ ਤੋਰਦਾ ਹੈ। ਨਾਵਲ ਪਾਠ ਦੇ ਵਿਸ਼ਲੇਸ਼ਣੀ ਸਿੱਟੇ ਅਨੁਸਾਰ ਇਹ ਸੰਘਰਸ਼ ਜਾਤਾਂ, ਧਰਮਾਂ ਦੀ ਭਾਵਨਾ ਤੋਂ ਉਪਰ ਉੱਠ ਕੇ ਨਿਰੋਲ ਪੰਜਾਬੀ ਏਕਤਾ ਦੇ ਨਾਂ 'ਤੇ ਲੜਿਆ ਗਿਆ ਸੀ, ਇਸੇ ਲਈ ਇਹ ਕੇਂਦਰ ਦੇ ਹੈਂਕੜਬਾਜ਼ ਹਾਕਮਾਂ ਨੂੰ ਝੁਕਾਉਣ ਵਿਚ ਕਾਮਯਾਬ ਹੋਇਆ ਹੈ।

ਨਾਵਲ ਇਸ ਸੰਘਰਸ਼ ਵਿਚ ਪਾਏ ਛੋਟੀ ਤੇ ਨਿਮਨ ਕਿਸਾਨੀ ਦੇ ਯੋਗਦਾਨ ਨੂੰ ਵਿਸ਼ੇਸ ਤੌਰ 'ਤੇ ਉਭਾਰਦਾ ਹੈ। ਭਾਵੇਂ ਇਹ ਕਿਸਾਨੀ ਅੰਦੋਲਨ ਦੇ ਸਿਧਾਂਤਕ ਦਾਅ-ਪੇਚਾਂ ਤੇ ਤਿੰਨ ਕਾਲੇ ਕਾਨੂੰਨਾਂ ਬਾਰੇ ਵਧੇਰੇ ਡੂੰਘਾ ਗਿਆਨ ਨਹੀਂ ਰੱਖਦੀ ਪਰ ਸੰਘਰਸ਼ ਨੂੰ ਜੇਤੂ ਮੁਕਾਮ ਤਕ ਲਿਜਾਣ ਵਿਚ ਇਸ ਵੱਲੋਂ ਦਿੱਤੀਆਂ ਕੁਰਬਾਨੀਆਂ ਨੇ ਅਹਿਮ ਭੂਮਿਕਾ ਨਿਭਾਈ ਹੈ। ਨਾਵਲ ਦਾ ਮੁੱਖ ਪਾਤਰ ਫਕੀਰੀਆ ਦੋ ਏਕੜ ਜ਼ਮੀਨ ਦੀ ਮਾਲਕੀ ਵਾਲਾ ਛੋਟਾ ਕਿਸਾਨ ਹੈ ਪਰ ਉਹ ਕਾਰਪੋਰੇਟ ਜਗਤ ਤੇ ਸੱਤਾ ਦੇ ਗੱਠਜੋੜ ਵਲੋਂ ਭੋਇੰ ਮਾਲਕ ਛੋਟੇ ਕਿਸਾਨ ਨੂੰ ਭੋਇੰ-ਹੀਣ ਮਜ਼ਦੂਰ ਬਣਾਉਣ ਦੀਆਂ ਚਾਲਾਂ ਬਾਰੇ ਮੁੱਢਲੀ ਜਾਣਕਾਰੀ ਜ਼ਰੂਰ ਰੱਖਦਾ ਹੈ। ਸਾਬਕਾ ਫੌਜੀ ਹੋਣ ਦੇ ਨਾਤੇ ਉਹ ਅੰਦੋਲਨ ਨੂੰ ਅਨੁਸ਼ਾਸਨਬੱਧ ਢੰਗ ਨਾਲ ਚਲਾਉਣ ਦੀ ਮਹੱਤਤਾ ਤੋਂ ਵੀ ਜਾਣੂ ਹੈ। "ਮੈਂ ਤਾਂ ਕਰਦੂੰ ਸਾਰਿਆਂ ਦਾ ਕੋਰਟ ਮਾਰਸ਼ਲ .. ਔਰ ਰੈਟ" ਭਾਵੇਂ ਉਸਦਾ ਤਕੀਆ ਕਲਾਮ ਹੈ ਪਰ ਗੁੱਸੇ ਦੇ ਵੇਗ ਵਿਚ ਉਸ ਵੱਲੋਂ ਵਾਰ ਵਾਰ ਦੁਹਰਾਇਆ ਜਾਣ ਵਾਲਾ ਇਹ ਸ਼ਬਦ ਸਮਕਾਲ ਦੀਆਂ ਲੋਕ ਵਿਰੋਧੀ ਕੀਮਤਾਂ ਵਿਰੁੱਧ ਉਸ ਅੰਦਰਲੀ ਨਫ਼ਰਤ ਤੇ ਰੋਸ ਦੇ ਪ੍ਰਤੀਕਾਤਮਕ ਪ੍ਰਗਟਾਵੇ ਵੀ ਬਣਦੇ ਹਨ।




ਨਾਵਲਕਾਰ ਜਦੋਂ ਦਿੱਲੀ ਦੇ ਬਾਰਡਰਾਂ 'ਤੇ ਸਾਲ ਤੋਂ ਵੱਧ ਸਮਾਂ ਸਮਰਪਿਤ ਭਾਵ ਨਾਲ ਡਟੇ ਰਹੇ ਕਿਸਾਨਾਂ ਦੇ ਜੀਵਨ ਵਿਚ ਦਰਪੇਸ਼ ਮਨੋ-ਸਮਾਜਿਕ ਸਮੱਸਿਆਵਾਂ 'ਤੇ ਨਜ਼ਰ ਮਾਰਦਾ ਹੈ ਤਾਂ ਬਹੁਤ ਸਾਰੇ ਹੈਰਾਨੀਜਨਕ ਖੁਲਾਸੇ ਹੁੰਦੇ ਹਨ। ਘੱਟ ਜ਼ਮੀਨ ਦੀ ਮਾਲਕੀ ਕਾਰਨ ਫਕੀਰੀਏ ਦੇ ਪਿਓ ਨੂੰ ਰਿਸ਼ਤਾ ਨਹੀਂ ਜੁੜਦਾ ਤੇ ਉਸਨੂੰ ਆਪਣਾ ਖਾਨਦਾਨ ਅੱਗੇ ਤੋਰਨ ਲਈ ਬਿਹਾਰ ਵਿਚੋਂ ਮੁੱਲ ਦੀ ਤੀਵੀਂ ਲਿਆਉਣੀ ਪੈਂਦੀ ਹੈ। ਭਾਵੇਂ ਫੌਜ ਵਿਚ ਨੌਕਰੀ ਕਰਨ ਕਾਰਨ ਫਕੀਰੀਏ ਦੀ ਆਰਥਿਕ ਸਥਿਤੀ ਆਪਣੇ ਬਾਪੂ ਨਾਲੋਂ ਬਿਹਤਰ ਹੈ ਪਰ ਪੁੰਨ ਦਾ ਸਾਕ ਨਾ ਜੁੜਨ 'ਤੇ ਉਸਨੂੰ ਵੀ ਘਰ ਗ੍ਰਿਹਿਸਥੀ ਬਣਾਉਣ ਲਈ ਬਿਹਾਰ ਵੱਲ ਹੀ ਮੂੰਹ ਕਰਨਾ ਪੈਂਦਾ ਹੈ। ਬਿਹਾਰ ਤੋਂ ਆਈ ਮੀਤੋ ਉਸਨੂੰ ਜੀਅ ਜਾਨ ਨਾਲ ਪਿਆਰ ਕਰਨ ਵਾਲੀ ਵਫਾਦਾਰ ਪਤਨੀ ਸਾਬਤ ਹੁੰਦੀ ਹੈ, ਪਰ ਉਸਦਾ ਸਾਥ ਮਿਲਣ ਨਾਲ ਵੀ ਉਸਦੀਆਂ ਸਮੱਸਿਆਵਾਂ ਦਾ ਅੰਤ ਨਹੀਂ ਹੁੰਦਾ। ਨਾਵਲ ਪੇਂਡੂ ਧਨਾਢ ਕਿਸਾਨੀ ਵਲੋਂ ਛੋਟੇ ਕਿਸਾਨਾਂ ਦੀ ਜ਼ਮੀਨ 'ਤੇ ਅੱਖ ਰੱਖੇ ਜਾਣ ਦੀ ਲਾਲਸਾ ਵਿਚ ਜਨਮ ਲੈਣ ਵਾਲੀ ਦੁਖਾਂਤਕ ਵਰਤਾਰਿਆਂ ਦੀ ਪੇਸ਼ਕਾਰੀ ਕਰ ਕੇ ਫਕੀਰੀਏ ਵਰਗੇ ਨਿਮਨ ਕਿਸਾਨਾਂ ਦੇ ਦਰਦ ਦੀ ਸ਼ਿੱਦਤ ਬਿਆਨੀ ਕਰਨ ਵਿਚ ਸਫਲ ਵਿਖਾਈ ਦਿੰਦਾ ਹੈ।

ਫਕੀਰੀਏ ਦੀ ਫੌਜ ਦੀ ਨੌਕਰੀ ਦੌਰਾਨ ਧਨੀ ਕਿਸਾਨੀ ਦਾ ਪ੍ਰਤੀਨਿਧ ਬਾਂਗੜ ਸਰਦਾਰ ਉਸਦੀ ਜ਼ਮੀਨ 'ਤੇ ਕਾਬਜ਼ ਹੋਣ ਲਈ ਹਰ ਹਰਬਾ ਵਰਤਦਾ ਹੈ। ਉਹ ਪੈਸੇ ਦੀ ਤਾਕਤ ਨਾਲ ਅੰਨ੍ਹਾ ਹੋਇਆ ਆਪਣੇ ਜੋਟੀਦਾਰਾਂ ਨਾਲ ਮਿਲ ਕੇ ਫਕੀਰੀਏ ਦੀ ਪਤਨੀ ਨਾਲ ਸਮੂਹਿਕ ਬਲਾਤਕਾਰ ਕਰਨ ਤੋਂ ਬਾਅਦ ਉਸਦਾ ਹੀ ਕਤਲ ਨਹੀਂ ਕਰਦਾ ਸਗੋਂ ਉਸਦੇ ਮਾਸੂਮ ਬੱਚੇ ਦੀ ਜਾਨ ਵੀ ਲੈ ਲੈਂਦਾ ਹੈ। ਫਕੀਰੀਆ ਫੌਜ ਵਿਚੋ ਭਗੌੜਾ ਹੋ ਕੇ ਬਾਂਗੜ ਸਰਦਾਰ ਨੂੰ ਮਾਰ ਕੇ ਆਪਣਾ ਬਦਲਾ ਤਾਂ ਲੈਂਦਾ ਹੈ ਪਰ ਇਹ ਬਦਲਾਖੋਰੀ ਉਸਦੇ ਸੁਭਾਅ ਦੀ ਸਥਾਈ ਪਛਾਣ ਨਹੀਂ ਬਣਦੀ। ਜੇਲ੍ਹ ਵਿਚੋਂ ਵਾਪਸੀ 'ਤੇ ਉਹ ਲੋਕ ਹਿੱਤਾਂ ਲਈ ਲੜਨ ਤੇ ਖੜ੍ਹਨ ਵਾਲੇ ਕਿਸਾਨ ਵਜੋਂ ਫਿਰ ਤੋਂ ਸਮਾਜ ਵਿਚ ਵਿਚਰਨ ਲੱਗਦਾ ਹੈ। ਕਿਸਾਨ ਅੰਦੋਲਨ ਸ਼ੁਰੂ ਹੋਣ 'ਤੇ ਲੋਕ ਦਬਾਅ ਰਾਹੀਂ ਸੱਤਾ ਪ੍ਰਬੰਧ ਨੂੰ ਝੁਕਾਉਣ ਦਾ ਸਿਧਾਂਤਕ ਪੈਂਤੜਾ ਅਪਨਾਉਂਦਾ ਹੈ। ਘੱਟ ਪੜ੍ਹਿਆ-ਲਿਖਿਆ ਹੋਣ 'ਤੇ ਵੀ ਉਹ ਪੰਜਾਬੀ ਲੋਕਾਂ ਦੇ ਏਕੇ ਨੂੰ ਤੋੜਨ ਵਾਲੀਆਂ ਸੱਤਾ ਪੱਖੀ ਚਾਲਾਂ ਨੂੰ ਚੰਗੀ ਤਰ੍ਹਾਂ ਪਛਾਣਦਾ ਹੈ। ਜਦੋਂ ਦਿੱਲੀ ਬਾਰਡਰ 'ਤੇ ਖੇਡੇ ਜਾ ਰਹੇ ਨੁੱਕੜ ਨਾਟਕ ਦੌਰਾਨ ਸੱਤਾ ਪੱਖ ਵੱਲੋਂ ਆਪਣੇ ਭਾੜੇ ਦੇ ਕਰਿੰਦਿਆਂ ਰਾਹੀਂ ਉਸਦਾ ਕਤਲ ਕਰਵਾ ਦਿੱਤਾ ਜਾਂਦਾ ਹੈ ਤਾਂ ਪਾਠਕੀ ਮਨਾਂ ਵਿਚ ਜਨਵਾਦੀ ਨਾਟਕਕਾਰ ਸਫ਼ਦਰ ਹਾਸ਼ਮੀ ਦੇ ਕਤਲ ਦੀ ਘਟਨਾ ਤਾਜ਼ਾ ਹੋ ਜਾਂਦੀ ਹੈ। ਜਿਵੇਂ ਹਾਸ਼ਮੀ ਦੇ ਕਤਲ ਤੋਂ ਬਾਅਦ ਲੋਕ ਰੋਹ ਪ੍ਰਚੰਡ ਹੋਇਆ ਸੀ ਉਵੇਂ ਫਕੀਰੀਏ ਦਾ ਕਤਲ ਵੀ ਲੋਕ ਗੁੱਸੇ ਨੂੰ ਨਵੀਂ ਜਾਗ ਲਾ ਦਿੰਦਾ ਹੈ।

ਨਾਵਲ ਦੀ ਚਾਲ ਬੜੀ ਤੇਜ਼ ਹੈ। ਕਿਸਾਨੀ ਘੋਲ ਵਿਚ ਆਏ ਉਤਰਾਵਾਂ-ਚੜਾਵਾਂ ਵਾਂਗ ਨਾਵਲ ਦੀ ਕਹਾਣੀ ਵਿਚ ਵੀ ਕਈ ਉਤਰਾਅ-ਚੜ੍ਹਾਅ ਆਉਂਦੇ ਹਨ। ਕਿਸੇ ਲੋਕ ਪੱਖੀ ਅੰਦੋਲਨ ਦੀਆਂ ਪ੍ਰਾਪਤੀਆਂ ਦਾ ਗਲਪੀਕਰਨ ਕਰਨ ਵੇਲੇ ਲੇਖਕ ਨੂੰ ਅੰਦੋਲਨ ਦੀ ਇਤਿਹਾਸਕਤਾ ਨਾਲ ਸਬੰਧਤ ਬਹੁਤ ਸਾਰੀਆਂ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ। ਇਸ ਨਾਵਲ ਦੀ ਕਥਾ-ਬੁਣਤ ਵੀ ਸੁਚੇਤ ਪੱਧਰ 'ਤੇ ਇਸ ਅੰਦੋਲਨ ਦੇ ਇੱਛਤ ਟੀਚੇ ਨੂੰ ਸਕਾਰ ਹੋਇਆ ਵੇਖਣ ਦੀ ਇੱਛਾ ਨਾਲ ਹੀ ਜੁੜੀ ਹੋਈ ਹੈ। ਇਸਦੇ ਪਾਠ ਦੌਰਾਨ ਇਕ-ਦੋ ਵਾਰ ਇਸ ਤਰ੍ਹਾਂ ਵੀ ਮਹਿਸੂਸ ਹੋਇਆ ਹੈ ਕਿ ਨਾਵਲ ਦੀ ਉਦੇਸ਼ਾਤਮਕ ਪਹੁੰਚ ਤੇ ਆਦਰਸ਼ ਇਸਦੇ ਘਟਨਾਕ੍ਰਮ ਤੇ ਪਾਤਰਾਂ ਦੀ ਮਾਨਸਿਕ ਕਿਰਿਆਤਮਿਕਤਾ ਵਿਚੋਂ ਸੁਭਾਵਿਕ ਰੂਪ ਵਿਚ ਨਹੀਂ ਉੱਘੜਦਾ ਸਗੋਂ ਨਾਵਲਕਾਰ ਦੇ ਜ਼ਿਹਨ ਦਾ ਹਿੱਸਾ ਬਣੀ ਇਸ ਪਹੁੰਚ ਅਨੁਸਾਰ ਨਾਵਲ ਦੇ ਪਾਤਰਾਂ ਤੇ ਘਟਨਾਕ੍ਰਮ ਨੂੰ ਘੜਿਆ ਗਿਆ ਹੈ, ਫਿਰ ਵੀ ਇਸ ਨਾਵਲ ਵਿਚਲਾ ਸੰਭਾਵਿਤ ਯਥਾਰਥ ਹਕੀਕੀ ਯਥਾਰਥ ਦੇ ਬਹੁਤ ਨੇੜੇ ਹੈ।

ਫਿਰ ਵੀ ਮੈਨੂੰ ਇਸ ਗੱਲ 'ਤੇ ਤਸੱਲੀ ਹੈ ਕਿ ਕਿਸੇ ਅੰਦੋਲਨ ਦੇ ਇਤਿਹਾਸ ਨੂੰ ਕਲਮਬੱਧ ਕਰਨ ਤੇ ਸੰਭਾਲਣ ਵਿਚ ਉਸ ਦੌਰ ਦੇ ਸਮਕਾਲੀ ਨਾਵਲ ਦਾ ਜਿੰਨਾ ਯੋਗਦਾਨ ਹੁੰਦਾ ਹੈ, ਉਹ ਯੋਗਦਾਨ ਸੁਖਮਿੰਦਰ ਸੇਖੋਂ ਨੇ ਵੀ ਇਮਾਨਦਾਰੀ ਨਾਲ ਪਾਇਆ ਹੈ। ਵੱਡੀ ਗੱਲ ਕਿ ਇਹ ਕਿਸਾਨੀ ਅੰਦੋਲਨ ਬਾਰੇ ਲਿਖਿਆ ਪੰਜਾਬੀ ਭਾਸ਼ਾ ਦਾ ਪਹਿਲਾ ਨਾਵਲ ਹੈ।

# ਰਾਜਾਸ਼ਾਹੀ ਰਿਆਸਤਾਂ ਤੇ ਜਗੀਰੂ ਢਾਂਚੇ ਦੀ ਸਿਰਜਣਾ

***ਜਿਉਂ ਹੀ ਅੰਗਰੇਜ਼ਾਂ ਨੇ ਸ਼ਾਸਨ ਅਤੇ ਪ੍ਰਸ਼ਾਸਨ ਦੀ ਕਮਾਨ ਆਪਣੇ ਹੱਥਾਂ ਵਿਚ ਲਈ, ਸਮੁੱਚੇ ਢਾਂਚੇ ਵਿਚ ਤਬਦੀਲੀਆਂ ਦਾ ਦੌਰ ਸ਼ੁਰੂ ਹੋ ਗਿਆ। ਨਵਾਂ ਢਾਂਚਾ ਖੜ੍ਹਾ ਕਰਨ ਦੇਸੀ ਰਾਜਾਸ਼ਾਹੀ ਨੇ ਵੱਡੀ ਭੂਮਿਕਾ ਨਿਭਾਈ। ਅਸਲ ਵਿਚ ਅੰਗਰੇਜ਼ਾਂ ਨੇ ਆਪਣਾ ਸਾਰਾ ਸ਼ਾਸਨ ਇਨ੍ਹਾਂ ਰਜਵਾੜਿਆਂ ਰਾਹੀਂ ਹੀ ਸ਼ੁਰੂ ਕੀਤਾ। ਇਉਂ ਇਨ੍ਹਾਂ ਰਜਵਾੜਿਆਂ ਨੇ ਅੰਗਰੇਜ਼ ਸਾਮਰਾਜ ਦੇ ਪੈਰ ਟਿਕਾਉਣ ਅਤੇ ਤਾਕਤ ਜਮਾਉਣ ਵਿਚ ਚੋਖੀ ਸੇਵਾ ਸਹਾਇਤਾ ਕੀਤੀ। ਉਸ ਦੌਰ ਦੇ ਇਨ੍ਹਾਂ ਸਮੁੱਚੇ ਹਾਲਾਤ ਬਾਰੇ ਚਰਚਾ ਛੱਜੂ ਮੱਲ ਵੈਦ ਦੇ ਇਸ ਲੇਖ ਵਿਚ ਬਿਆਨ ਕੀਤੀ ਗਈ ਹੈ। ਛੱਜੂ ਮੱਲ ਵੈਦ ਰਜਵਾੜਾਸ਼ਾਹੀ ਖਿਲਾਫ ਉਠੀ ਪੈਪਸੂ ਮੁਜ਼ਾਰਾ ਲਹਿਰ ਦੇ ਆਗੂ ਸਨ।***

## ਇਤਿਹਾਸ ਝਾਤੀ



***ਖੱਬਿਓਂ: ਬਾਬਾ ਆਲਾ ਸਿੰਘ, ਮਹਾਰਾਜਾ ਰਣਜੀਤ ਸਿੰਘ ਅਤੇ ਮਹਾਰਾਜਾ ਭੁਪਿੰਦਰ ਸਿੰਘ।***

ਮੁਗਲ ਸ਼ਹਿਜ਼ਾਦਿਆਂ ਦਾ ਮੌਜ ਭਰਿਆ ਵਿਲਾਸੀ ਜੀਵਨ, ਤਾਕਤ ਹਥਿਆਉਣ ਲਈ ਆਪਸੀ ਵਿਰੋਧਤਾਈਆਂ ਤੋਂ ਝਗੜੇ ਝਾਂਜੇ, ਰਾਜਸੀ ਪ੍ਰਬੰਧ ਦੀਆਂ ਘਾਟਾਂ, ਕਮਜ਼ੋਰੀਆਂ, ਗੈਰ-ਮੁਸਲਮਾਨਾਂ ਵਿਰੁੱਧ ਨਫਰਤ, ਉਹਨਾਂ ਨੂੰ ਧੱਕੋ-ਜ਼ੋਰੀ ਮੁਸਲਮਾਨ ਬਣਾਉਣ ਲਈ ਜਬਰ ਜ਼ੁਲਮ ਆਦਿ ਕਾਰਨਾਂ ਕਰਕੇ ਮੁਗਲ ਰਾਜ-ਸੱਤਾ ਉਧੜ ਪੁਧੜ ਤੇ ਖਿੰਡਰ ਖਿਲਰ ਰਹੀ ਸੀ। ਈਸਟ ਇੰਡੀਆ ਕੰਪਨੀ ਦਾ ਕਾਰ-ਵਿਹਾਰ ਵਧਣ-ਫੁੱਲਣ ਤੇ ਇਸ ਦਾ ਅਸਰ ਰਸੂਖ ਫੈਲਣ ਕਾਰਨ ਮੁਗਲ ਰਾਜ ਦੇ ਟੁੱਟਣ ਮੁੱਕਣ ਦਾ ਅਮਲ ਹੋਰ ਤੇਜ਼ ਹੋ ਗਿਆ। ਅਮਨ-ਕਾਨੂੰਨ ਦੀ ਵਿਗੜਦੀ ਹਾਲਤ ਕਾਰਨ ਕਈ ਇੱਕ ਦੁਰੇਡੇ ਇਸ ਦੇ ਪੰਜੇ ਵਿਚੋਂ ਨਿਕਲਦੇ ਗਏ।

ਇਸ ਟੁੱਟ-ਭੱਜ, ਤਬਾਹੀ, ਬਰਬਾਦੀ ਦਾ ਹੀ ਸਿੱਟਾ ਸੀ ਕਿ ਪੰਜਾਬ ਦੇ ਕਈ ਇਲਾਕੇ ਰਾਜ-ਸੱਤਾ ਦੇ ਪ੍ਰਤੀਨਿਧ ਅਧਿਕਾਰੀਆਂ ਤੋਂ ਖਾਲੀ ਸਨ।

### ਛੱਜੂ ਮੱਲ ਵੈਦ

ਅਮਨ-ਕਾਨੂੰਨ ਦਾ ਕਿਤੇ ਨਾਂ ਨਿਸ਼ਾਨ ਨਹੀਂ ਸੀ। 'ਜਿਸ ਦੀ ਲਾਠੀ ਉਸ ਦੀ ਭੈਂਸ' ਦੀ ਰਵਾਇਤ ਖੁੱਲ੍ਹੇਆਮ ਵਰਤੋਂ ਵਿਚ ਸੀ। ਆਮ ਜਨਤਾ ਅਤੀ ਦੁਖੀ ਸੀ।

ਅਮਨ-ਕਾਨੂੰਨ ਦੀ ਅਣਹੋਂਦ ਤੇ ਲੋਕਾਂ ਦੀ ਦੁੱਖ-ਦਰਦ ਭਰੀ ਹਾਲਤ ਦੇਖ ਕੇ ਇਲਾਕੇ ਦਾ ਹਰਮਨ ਪਿਆਰਾ ਆਗੂ ਨੌਜਵਾਨ ਆਲਾ ਸਿੰਘ 1730 ਵਿਚ ਅੱਗੇ ਆਇਆ ਤੇ ਉਸ ਨੇ ਕਸਬਾ ਬਰਨਾਲਾ ਤੇ ਉਦਾਲੇ ਪਦਾਲੇ ਦੇ ਕੁਝ ਪਿੰਡਾਂ ਉਪਰ ਕਬਜ਼ਾ ਜਮਾਇਆ। ਅੱਗੇ ਵਧਦੇ-ਵਧਦੇ 1742 ਤੱਕ ਉਸ ਨੇ ਕਿਲ੍ਹਾ ਭਵਾਨੀਗੜ੍ਹ ਵੀ ਕਬਜ਼ੇ ਹੇਠ ਕਰ ਲਿਆ। ਇਸ ਪ੍ਰਕਾਰ ਆਲਾ ਸਿੰਘ ਰਿਆਸਤ ਪਟਿਆਲਾ ਦਾ ਬਾਨੀ ਬਣਿਆ।

ਇਹਨਾਂ ਦਿਨਾਂ ਵਿਚ ਹੀ ਆਲਾ ਸਿੰਘ ਦੇ ਭਾਈ ਸੁਖਚੈਨ ਸਿੰਘ ਅਤੇ ਹਮੀਰ ਸਿੰਘ ਨੇ ਵੱਖ-ਵੱਖ ਕੁਝ ਇਲਾਕਿਆਂ ਉਪਰ ਕਬਜ਼ਾ ਜਮਾਇਆ, ਜੀਂਦ ਤੇ ਨਾਭਾ ਰਿਆਸਤਾਂ ਹੋਂਦ ਵਿਚ ਆਈਆਂ। ਇਸ ਪ੍ਰਕਾਰ ਹੀ ਭੁਲਣ ਬਰਾੜ ਨੇ ਫਰੀਦਕੋਟ ਰਿਆਸਤ ਦੀ ਨੀਂਹ ਰੱਖੀ ਤੇ ਮਾਤਾ ਸੁੰਦਰੀ ਦੇ ਅਪਣਾਏ ਪੁੱਤਰ ਜੱਸਾ ਸਿੰਘ ਆਹਲੂਵਾਲੀਆ ਨੇ ਰਿਆਸਤ ਕਪੂਰਥਲਾ ਹੋਂਦ ਵਿਚ ਲਿਆਂਦੀ। ਸਦਰ-ਉਦੀਨ ਨੂੰ ਬਹਿਲੋਲ ਲੋਧੀ ਵੱਲੋਂ ਦਾਜ ਵਿਚ 58 ਪਿੰਡ ਮਿਲੇ ਜਿਨ੍ਹਾਂ ਉਪਰ ਆਧਾਰਿਤ ਰਿਆਸਤ ਮਾਲੇਰਕੋਟਲਾ ਹੋਂਦ ਵਿਚ ਆਈ। ਉਸ ਦੀ ਪੰਜਵੀਂ ਪੁਸ਼ਤ ਦੇ ਵਾਰਸ ਵਜੀਦ ਖਾਂ ਨੂੰ ਨਵਾਬ ਦਾ ਖਿਤਾਬ ਦਿੱਤਾ ਗਿਆ। ਇਸ ਪ੍ਰਕਾਰ ਹੀ ਨਾਲਾਗੜ੍ਹ ਤੇ ਕਲਸੀਆ ਰਿਆਸਤਾਂ ਦਾਜ-ਦਹੇਜ ਵਿਚ ਮਿਲੇ ਪਿੰਡਾਂ ਉਪਰ ਆਧਾਰਿਤ ਸਨ।

ਅੰਗਰੇਜ਼ ਸਾਮਰਾਜ ਦੇ ਦਿੱਲੀ ਦੇ ਇਰਦ-ਗਿਰਦ ਆਉਣ ਸਮੇਂ ਪੰਜਾਬ ਦੇ ਸਿੱਖ ਰਾਜਿਆਂ-ਮਹਾਰਾਜਿਆਂ ਤੇ ਮੁਸਲਿਮ ਨਵਾਬਾਂ ਨੇ ਨਾ ਕੇਵਲ ਅੰਗਰੇਜ਼ ਫੌਜੀ ਤੇ ਪ੍ਰਬੰਧਕ ਢਾਂਚੇ ਦੇ ਅਫਸਰਾਂ ਦੀ ਸ਼ਾਨਦਾਰ ਦਾਅਵਤਾਂ ਤੇ ਤੋਹਫਿਆਂ ਨਾਲ ਆਓਭਗਤ ਕੀਤੀ ਸਗੋਂ ਏਥੇ ਸਾਮਰਾਜ ਦੇ ਪੈਰ ਟਿਕਾਉਣ ਅਤੇ ਤਾਕਤ ਜਮਾਉਣ ਵਿਚ ਚੋਖੀ ਸੇਵਾ ਸਹਾਇਤਾ ਕੀਤੀ। ਇਸ ਸੇਵਾ ਦਾ ਹੀ ਮੇਵਾ ਸੀ ਕਿ ਅੰਗਰੇਜ਼ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਸਮਝੌਤਾ ਕੀਤਾ ਕਿ ਉਹ ਸਤਲੁਜ ਪਾਰ ਦੇ ਇਲਾਕੇ ਦੀਆਂ ਰਿਆਸਤਾਂ ਵਿਚ ਦਖਲ ਨਾ ਦੇਵੇ। ਇਹੀ ਕਾਰਨ ਸੀ ਕਿ ਮਹਾਰਾਜਾ ਰਣਜੀਤ ਸਿੰਘ ਸਤਲੁਜ ਦਰਿਆ ਦੇ ਸੱਜੇ ਪਾਸੇ ਕਾਂਗੜਾ, ਕੁੱਲੂ, ਜੰਮੂ ਕਸ਼ਮੀਰ ਤੇ ਕਾਬਲ ਕੰਧਾਰ ਵੱਲ ਹੀ ਆਪਣੀ ਤਾਕਤ ਵਧਾਉਣ ਫੈਲਾਉਣ ਵਿਚ ਰੁੱਝਾ ਰਿਹਾ।

ਅੰਗਰੇਜ਼ ਦੀ ਗੁਲਾਮੀ ਵਿਰੁੱਧ 1857 ਦੀ ਫੌਜੀ ਬਗਾਵਤ ਜੋ ਅੱਜ ਆਮ ਲੋਕਾਂ ਵਿਚ ਪਹਿਲੀ ਜੰਗੇ-ਅਜ਼ਾਦੀ' ਮਿਥੀ ਤੇ ਕਹੀ ਜਾਂਦੀ ਹੈ, ਵਿਚ ਇਹੀ ਦੇਸੀ ਰਾਜੇ ਨਵਾਬ ਨੰਗੇ ਚਿੱਟੇ ਹੋ ਕੇ ਅੰਗਰੇਜ਼ ਸਾਮਰਾਜ ਦੀ ਮਦਦ ਉਪਰ ਆਏ ਤੇ ਇਹ ਲਹਿਰ ਦਬਾਉਣ ਮੁਕਾਉਣ ਵਿਚ ਸਹਾਈ ਹੋਏ। ਇਸ ਵਾਕਿਆ ਦੇ ਮਗਰੋਂ ਹੀ ਇਹਨਾਂ ਰਾਜਿਆਂ ਨਵਾਬਾਂ ਦੇ ਕਬਜ਼ੇ ਹੇਠ ਇਲਾਕਿਆਂ ਨੂੰ ਭਾਰਤੀ ਦੇਸੀ ਰਿਆਸਤਾਂ ਦਾ ਨਾਂ ਦਿੱਤਾ ਗਿਆ। ਇਹ ਰਾਜੇ ਨਵਾਬ ਕੁਝ ਰਕਮ ਸਾਲਾਨਾ ਖਰਾਜ ਵਜੋਂ ਅੰਗਰੇਜ਼ ਸਾਮਰਾਜ ਨੂੰ ਭੇਟ ਕਰਦੇ ਸਨ ਅਤੇ ਲੋੜ ਸਮੇਂ ਅੰਗਰੇਜ਼ ਸਾਮਰਾਜ ਦੀ ਫੌਜੀ ਸਹਾਇਤਾ ਲਈ ਵਚਨਬੱਧ ਸਨ।

ਸੋ, 9752 ਮਰੱਬਾ ਮੀਟਰ ਰਕਬਾ ਜਿਸ ਵਿਚ 26,43,853 ਵਸੋਂ ਸੀ ਤੇ ਸਾਲਾਨਾ ਆਮਦਨ ਲਗਭਗ 2,58,32,000 ਰੁਪਏ ਸੀ, ਰਾਜਿਆਂ ਨਵਾਬਾਂ ਦੀਆਂ ਰਿਆਸਤਾਂ ਹੇਠ ਆ ਗਿਆ। 1947 ਵਿਚ ਕੌਮੀ ਆਜ਼ਾਦੀ ਦੀ ਪ੍ਰਾਪਤੀ ਦੇ ਸਮੇਂ ਤੱਕ ਇਹ ਰਾਜੇ ਮਹਾਰਾਜੇ ਨਵਾਬ ਅੰਗਰੇਜ਼ ਦੇ ਵਫਾਦਾਰ ਰਹੇ। ਅੰਗਰੇਜ਼ ਵਿਰੋਧੀ ਉਠੀਆਂ/ਚਲੀਆਂ ਜਨਤਕ ਲਹਿਰਾਂ ਨੂੰ ਦਬਾਉਣ ਖਿੰਡਾਉਣ ਵਿਚ ਸਦਾ ਅੰਗਰੇਜ਼ ਦੇ ਸਹਾਈ ਰਹੇ।

1849 ਵਿਚ ਸਿੱਖ ਫੌਜਾਂ ਦੀ ਹਾਰ ਅਤੇ 1857 ਵਿਚ ਪਹਿਲੀ ਜੰਗੇ-ਆਜ਼ਾਦੀ ਨੂੰ ਦਬਾਉਣ ਮਗਰੋਂ ਅੰਗਰੇਜ਼ ਸਾਮਰਾਜੀਆਂ ਨੇ ਪੰਜਾਬ ਸਮੇਤ ਸਾਰੇ ਭਾਰਤ ਵਿਚ ਜ਼ਮੀਨੀ ਮਾਲਕੀ ਸਬੰਧੀ ਨਵਾਂ ਪ੍ਰਬੰਧ ਲਾਗੂ ਕਰਨਾ ਆਰੰਭ ਕੀਤਾ।

ਅੰਗਰੇਜ਼ ਸਾਮਰਾਜੀਆਂ ਦੇ ਆਉਣ ਸਮੇਂ ਪੰਜਾਬ ਸਮੇਤ ਸਮੁੱਚੇ ਭਾਰਤ ਵਿਚ ਜ਼ਮੀਨ ਉਪਰ ਸਮਾਜੀ ਮਾਲਕੀ ਸੀ। ਹਰ ਆਦਮੀ ਆਪਣੇ ਸਾਧਨ, ਸੋਮੇ, ਲੋੜ ਪਹੁੰਚ ਅਨੁਸਾਰ ਜ਼ਮੀਨ ਵਾਹ ਬੀਜ ਸਕਦਾ ਸੀ ਤੇ ਮਾਲੀਆ ਵਜੋਂ ਮਿਥੀ ਰਕਮ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਵਾਉਂਦਾ ਸੀ। ਹਰ ਕਿਸਾਨ ਆਪਣੇ ਹਲ ਹੇਠ ਜ਼ਮੀਨ ਦਾ ਆਪ ਮਾਲਕ ਹੁੰਦਾ, ਭਾਵੇਂ ਉਸ ਨੂੰ ਇਹ ਜ਼ਮੀਨ ਵੇਚਣ ਜਾਂ ਗਹਿਣੇ ਰੱਖਣ ਦਾ ਹੱਕ ਨਹੀਂ ਸੀ। ਹਾਂ, ਗਲਤ ਵਰਤੋਂ, ਘੱਟ ਪੈਦਾਵਾਰ ਜਾਂ ਵਾਹੀ ਨਾ ਕਰਨ ਆਦਿ ਕਾਰਨਾਂ ਕਰਕੇ ਸਰਕਾਰ ਸਬੰਧਤ ਕਿਸਾਨ ਨੂੰ ਜ਼ਮੀਨੀ ਹੱਕ ਤੋਂ ਵਾਂਝਾ ਕਰ ਸਕਦੀ ਸੀ।

ਅੰਗਰੇਜ਼ ਸਰਕਾਰ ਨੇ ਭੂਮੀ ਪ੍ਰਬੰਧ ਅਫਸਰ ਮੁਕਰਰ ਕੀਤੇ ਸਨ ਜਿਹਨਾਂ ਨੂੰ ਪੇਂਡੂ ਹਲਕਿਆਂ ਵਿਚ ਭੂਮੀ ਮਾਲਕੀ ਸਬੰਧੀ ਫੈਸਲੇ ਕਰਨ ਦੇ ਪੂਰੇ ਅਧਿਕਾਰ ਸਨ। ਪਹਿਲਾ ਭੂ-ਬੰਦੋਬਸਤ 1860 ਤੋਂ ਆਰੰਭ ਹੋਇਆ। ਫੈਸਲਾ ਸੀ ਕਿ ਲਗਾਤਾਰ 12 ਸਾਲ ਤੋਂ ਵਾਹੀ ਕਰਦੇ ਆ ਰਹੇ ਕਿਸਾਨ ਨੂੰ ਉਹਦੇ ਹਲ ਹੇਠ ਜ਼ਮੀਨ ਦਾ ਮਾਲਕ ਕਰਾਰ ਦਿੱਤਾ ਜਾਏ। ਇਸ ਨਾਲ ਕੇਂਦਰੀ ਪੰਜਾਬ ਵਿਚ ਚੋਖੀ ਗਿਣਤੀ ਕਿਸਾਨਾਂ ਨੂੰ ਨਿੱਜੀ ਮਾਲਕੀ ਹੱਕ ਮਿਲ ਗਏ।

ਰਾਜਿਆਂ ਨਵਾਬਾਂ ਤੋਂ ਛੁਟ ਕੁਝ ਹੋਰ ਅਜਿਹੇ ਅੰਸ਼ ਸਨ ਜਿਨ੍ਹਾਂ ਅੰਗਰੇਜ਼ ਸਰਕਾਰ ਨੂੰ ਜਿਤਾਉਣ ਟਿਕਾਉਣ ਵਿਚ ਹਿੱਸਾ ਪਾਇਆ ਸੀ। ਉਪਰੋਕਤ ਜ਼ਮੀਨੀ ਬੰਦੋਬਸਤ ਦੇ ਅਮਲ ਦੌਰਾਨ ਅੰਗਰੇਜ਼ ਨੇ ਇਹਨਾਂ ਅੰਸ਼ਾਂ ਨੂੰ ਖੁੱਲ੍ਹੀਆਂ ਜ਼ਮੀਨਾਂ ਬਖਸ਼ੀਆਂ ਤੇ ਇਸ ਤਰ੍ਹਾਂ ਜਗੀਰੂ ਪ੍ਰਬੰਧ ਹੋਂਦ ਵਿਚ ਲਿਆਂਦਾ। ਜੰਗਲ ਕਾਨੂੰਨ-1878 ਅਨੁਸਾਰ 103 ਮਰੱਬਾ ਮੀਲ ਰਕਬਾ ਜੰਗਲ ਅਤੇ 67 ਮਰੱਬਾ ਮੀਲ ਰਕਬਾ 'ਜੰਗਲ ਲਈ ਰਾਖਵਾਂ' ਕਰਾਰ ਦਿੱਤੇ ਗਏ।

ਨਹਿਰੀ ਸਿੰਜਾਈ ਪ੍ਰਬੰਧ ਲਾਗੂ ਚਾਲੂ ਹੋਣ ਕਾਰਨ ਬਹੁਤ ਸਾਰੇ ਖਾਲੀ ਪਏ ਬੰਜਰ ਇਲਾਕੇ ਹਲ ਹੇਠ ਆ ਗਏ ਜੋ ਸਰਗੋਧਾ ਬਾਰ, ਸੰਦਲ ਬਾਰ, ਗੰਜੀ ਬਾਰ ਅਤੇ ਨੀਲੀ ਬਾਰ ਦੇ ਨਾਵਾਂ ਨਾਲ ਪੁਕਾਰੇ ਜਾਂਦੇ ਸਨ। ਹਲ ਹੇਠ ਆਈ ਜ਼ਮੀਨ ਨੂੰ 28-28 ਕਿੱਲਿਆਂ ਦੇ ਟੁਕੜਿਆਂ ਵਿਚ ਵੰਡਿਆ ਗਿਆ ਜਿਸ ਨੂੰ 'ਮਰੱਬਾ' ਆਖਦੇ ਸਨ। ਇਹ ਮਰੱਬੇ ਇੱਕ, ਦੋ, ਤਿੰਨ, ਚਾਰ, ਪੰਜ, ਕਿਤੇ ਇਸ ਤੋਂ ਵੀ ਵੱਧ ਗਿਣਤੀ ਵਿਚ ਅੰਗਰੇਜ਼ ਦੇ ਸੇਵਾਦਾਰ ਰਿਟਾਇਰ ਹੋ ਚੁੱਕੇ ਫੌਜੀ ਅਫਸਰਾਂ ਵਿਚ ਇਨਾਮ ਵਜੋਂ ਵੰਡੇ ਗਏ ਜਿਹਨਾਂ ਨੇ ਵਾਹੁਣ ਬੀਜਣ ਲਈ ਇਹ ਜ਼ਮੀਨ ਅਮਲੀ ਵਾਹੀਕਾਰਾਂ ਨੂੰ ਹਿੱਸੇ ਪੱਤੀ ਉਪਰ ਅੱਗੇ ਦੇ ਦਿੱਤੀ ਜੋ ਕੱਚੇ ਮੁਜ਼ਾਰੇ ਕਹਾਉਂਦੇ ਸਨ; ਭਾਵ ਇਨਾਮਦਾਰ ਜਦੋਂ ਜੀ ਚਾਹੇ, ਇਹਨਾਂ ਨੂੰ ਬੇਦਖਲ ਕਰ ਸਕਦਾ ਸੀ। ਬਹੁਤ ਸਾਰੀ ਜ਼ਮੀਨ ਸਰਕਾਰ ਨੇ ਆਪਣੇ ਨਾਂ ਹੀ ਰੱਖੀ ਜੋ ਸ਼ਾਹੀ ਜ਼ਮੀਨ (ਕਰਾਊਨ ਲੈਂਡ) ਅਖਵਾਉਂਦੀ ਸੀ। ਸੈਂਕੜੇ ਹਜ਼ਾਰਾਂ ਮਰੱਬਿਆਂ ਦੀ ਇੱਕ-ਇੱਕ ਇਕਾਈ ਬਣਾ ਕੇ ਸਰਕਾਰ ਇਹ ਜ਼ਮੀਨ ਨਿਲਾਮੀ ਰਾਹੀਂ ਤਿੰਨ ਸਾਲ, ਪੰਜ ਸਾਲ ਲਈ ਠੇਕੇ ਉਪਰ ਦਿੰਦੀ ਸੀ। ਵੱਡੇ ਧਨੀ ਬੋਲੀਆਂ ਦੇ ਕੇ ਇਹ ਜ਼ਮੀਨ ਠੇਕੇ ਉਪਰ ਲੈਂਦੇ ਤੇ 3-3, 4-4, 5-5 ਕਿੱਲਿਆਂ ਦੇ ਟੁਕੜੇ ਕਰਕੇ ਅਮਲੀ ਵਾਹੀਕਾਰਾਂ ਨੂੰ ਦਿੰਦੇ ਸਨ। ਇਹ ਸਭ ਕੱਚੇ ਮੁਜ਼ਾਰੇ ਹੁੰਦੇ।

ਇਸ ਪ੍ਰਕਾਰ ਦੱਖਣੀ ਲਹਿੰਦੇ ਪੰਜਾਬ ਜਿੱਥੇ ਵਸੋਂ ਬਹੁਤ ਘੱਟ ਸੀ, ਵਿਚ ਸਰਕਾਰ ਅਤੇ ਵਾਹੀਕਾਰਾਂ ਵਿਚਕਾਰ ਵਿਚੋਲੇ ਪੈਦਾ ਕਰਕੇ ਇਹਨਾਂ ਨੂੰ ਜ਼ਮੀਨ ਦੇ ਮਾਲਕੀ ਹੱਕ ਦਿੱਤੇ ਗਏ ਜਿਸ ਦੇ ਕਈ ਰੂਪ ਸਨ- ਮਾਲੀਏ ਵਿਚੋਂ ਹਿੱਸਾ ਜਾਂ ਪੈਦਾਵਾਰ ਵਿਚ ਹਿੱਸਾ ਨੀਯਤ ਕਰਨਾ। ਕਈ ਥਾਈਂ ਜਿੱਥੇ ਮਾਲਕੀ ਹੱਕਾਂ ਲਈ ਦੋ ਹੱਕਦਾਰ ਸਾਹਮਣੇ ਆਏ, ਇੱਕ ਨੂੰ ਆਲ੍ਹਾ-ਮਾਲਕ ਤੇ ਦੂਜੇ ਨੂੰ ਅਦਨਾ-ਮਾਲਕ ਬਣਾ ਦਿੱਤਾ। ਜਾਂ ਜ਼ਮੀਨੀ ਕਬਜ਼ਾ ਕਾਨੂੰਨ ਦੀ ਧਾਰਾ 5, 7 ਜਾਂ 8 ਹੇਠ ਇੱਕ ਨੂੰ ਮੌਰੂਸੀ ਮੁਜ਼ਾਰਾ ਬਣਾ ਦਿੱਤਾ ਜੋ ਆਲ੍ਹਾ-ਮਾਲਕ ਨੂੰ ਬਟਾਈ, ਲਗਾਨ ਆਦਿ ਦਿੰਦੇ ਪਰ ਜ਼ਮੀਨ ਉੱਪਰ ਕਬਜ਼ਾ ਤੋਂ ਵਿਰਾਸਤੀ ਹੱਕ ਰੱਖਦੇ, ਬੇਦਖਲ ਨਹੀਂ ਸਨ ਹੋ ਸਕਦੇ।

1868 ਅਤੇ 1887 ਵਿਚ ਮੁਜ਼ਾਰਾ ਕਾਨੂੰਨ ਪਾਸ ਕੀਤੇ ਗਏ ਜਿਹਨਾਂ ਅਨੁਸਾਰ ਭੂਮੀ ਮਾਲਕ ਆਪਣੀ ਮਰਜ਼ੀ ਅਨੁਸਾਰ ਮੁਜ਼ਾਰੇ ਨੂੰ ਵਾਹੀ ਲਈ ਜ਼ਮੀਨ ਦੇ ਸਕਦਾ ਸੀ। ਇਹ ਕੱਚੇ ਮੁਜ਼ਾਰੇ ਕਹਾਉਂਦੇ ਸਨ ਤੇ ਮਿਥੇ ਸਮੇਂ ਵਿਚ ਯੋਗ ਨੋਟਿਸ ਰਾਹੀਂ ਬੇਦਖਲ ਹੋ ਸਕਦੇ ਸਨ। ਮੁਜ਼ਾਰਿਆਂ ਨੂੰ ਹਲ ਹੇਠ ਜ਼ਮੀਨ ਉੱਪਰ ਕੀਤੇ ਸੁਧਾਰਾਂ ਦਾ ਖਰਚਾ ਮੁਆਵਜ਼ੇ ਵਜੋਂ ਲੈਣ ਦਾ ਹੱਕ ਪ੍ਰਾਪਤ ਸੀ।

ਬਰਤਾਨੀਆ ਵਿਚ ਬਣੇ ਮਾਲ ਦੀ ਭਾਰਤ ਵਿਚ ਆਮਦ ਕਾਰਨ ਏਥੇ ਦੇ ਕਾਰੀਗਰ ਦਸਤਕਾਰ ਬੁਰੀ ਤਰ੍ਹਾਂ ਤਬਾਹ ਬਰਬਾਦ ਹੋਏ। ਉਹ ਕੀਮਤਾਂ ਦੇ ਪੱਖੋਂ ਮਸ਼ੀਨੀ ਮਾਲ ਦਾ ਮੁਕਾਬਲਾ ਨਾ ਕਰ ਸਕੇ ਤੇ ਰੋਟੀ ਰੋਜ਼ੀ ਲਈ ਜ਼ਮੀਨ ਉੱਪਰ ਹੀ ਕੰਮ ਕਰਨ ਲਈ ਮਜਬੂਰ ਹੋਏ। ਇਸ ਕਾਰਨ ਰੋਟੀ ਰੁਜ਼ਗਾਰ ਲਈ ਵਸੋਂ ਦਾ ਭਾਰ ਜ਼ਮੀਨ ਉੱਪਰ ਵਧਦਾ ਗਿਆ। 1892-93 ਵਿਚ 5 ਲੱਖ ਵਾਹੀਕਾਰ ਮੁਜ਼ਾਰੇ ਸਨ। ਕੁੱਲ ਵਾਹੀਯੋਗ ਧਰਤੀ ਦਾ 40 ਫੀਸਦੀ ਇਹਨਾਂ ਦੇ ਹਲ ਹੇਠ ਸੀ। 1902-03 ਤੱਕ ਹਲ ਹੇਠ ਰਕਬਾ 43 ਫੀਸਦੀ ਅਤੇ 1916-17 ਤੱਕ 44 ਫੀਸਦੀ, 1921-22 ਵਿਚ 45 ਫੀਸਦੀ ਅਤੇ 1931-32 ਤੱਕ ਇਹ ਰਕਬਾ 48 ਫੀਸਦੀ ਤੱਕ ਪੁੱਜ ਗਿਆ ਸੀ। ਪੰਜਾਬ ਸਰਕਾਰ ਦੀ ਪ੍ਰਬੰਧਕ ਰਿਪੋਰਟ ਅਨੁਸਾਰ 1927 ਵਿਚ ਮੌਰੂਸੀ ਮੁਜ਼ਾਰਿਆਂ ਕੋਲ 8 ਫੀਸਦੀ ਅਤੇ ਕੱਚੇ ਮੁਜ਼ਾਰਿਆਂ ਕੋਲ 45 ਫੀਸਦੀ, ਭਾਵ ਕੁੱਲ ਹਲ ਹੇਠ ਰਕਬੇ ਦਾ 53 ਫੀਸਦੀ ਮੁਜ਼ਾਰਿਆਂ ਕੋਲ ਸੀ ਜੋ 1932 ਵਿਚ 57 ਫੀਸਦੀ ਤੱਕ ਜਾ ਪੁੱਜਾ।

ਅੰਗਰੇਜ਼ਾਂ ਵੱਲੋਂ ਕੀਤੇ ਗਏ ਬੰਦੋਬਸਤ ਦਾ ਸਿੱਟਾ ਇਹ ਨਿਕਲਿਆ ਕਿ 5 ਕਿੱਲੇ ਤੱਕ ਦੇ ਮਾਲਕ ਸੀਮਤ ਤੇ ਗਰੀਬ ਕਿਸਾਨ ਕੁੱਲ ਜ਼ਮੀਨੀ ਮਾਲਕਾਂ ਦਾ 53.3 ਫੀਸਦੀ ਸਨ। 25 ਕਿੱਲੇ ਤੋਂ ਉਪਰ ਦੇ ਮਾਲਕ ਗਿਣਤੀ ਵਿਚ 6.1 ਫੀਸਦੀ ਸਨ ਪਰ ਕੁੱਲ ਵਾਹੀ ਯੋਗ ਜ਼ਮੀਨ ਦਾ 46.1 ਫੀਸਦੀ ਉਹਨਾਂ ਦੀ ਮਾਲਕੀ ਹੇਠ ਸੀ। 15 ਕਿੱਲੇ ਤੋਂ ਉੱਪਰ ਦੇ 15.1 ਫੀਸਦੀ ਮਾਲਕਾਂ ਪਾਸ ਕੁੱਲ ਵਾਹੀ ਹੇਠ ਜ਼ਮੀਨ ਦਾ 61 ਫੀਸਦੀ ਸੀ। ਜਿੱਥੋਂ ਤੱਕ ਹਲ ਹੇਠਾਂ ਜ਼ਮੀਨ ਦਾ ਸਵਾਲ ਹੈ, 20000 ਹਲਵਾਹਕ ਜੋ ਕੁੱਲ ਹਲਵਾਹਕਾਂ ਦਾ 1 ਫੀਸਦੀ ਸਨ, ਕੁੱਲ ਵਾਹੀ ਹੇਠ ਜ਼ਮੀਨ ਦਾ 7.9 ਫੀਸਦੀ ਵਾਹ ਰਹੇ , ਜਦਕਿ 13,32,000 ਭਾਵ ਕੁੱਲ ਹਲਵਾਹਕਾਂ ਦਾ 33.3 ਫੀਸਦੀ 5 ਕਿੱਲੇ ਤੋਂ ਘੱਟ ਜ਼ਮੀਨ ਵਾਹ ਰਹੇ ਸਨ। ਉਹਨਾਂ ਦੇ ਹਲ ਹੇਠ ਜ਼ਮੀਨ ਕੁੱਲ ਹਲ ਹੇਠਾਂ ਜ਼ਮੀਨ ਦਾ 13.5 ਫੀਸਦੀ ਸੀ।

ਅੰਗਰੇਜ਼ ਰਾਜ ਹੇਠਲੇ ਪੰਜਾਬ ਵਿਚ ਜ਼ਮੀਨੀ ਵੰਡ ਦੀ ਇਹ ਹਾਲਤ ਹੁੰਦੇ ਹੋਏ ਦੇਸੀ ਰਿਆਸਤਾਂ ਦੇ ਰਾਜੇ-ਮਹਾਰਾਜੇ ਜ਼ਮੀਨੀ ਵੰਡ ਦੇ ਮਸਲੇ ਉੱਪਰ ਆਪਣੇ ਅੰਗਰੇਜ਼ ਮਾਲਕਾਂ ਤੋਂ ਪਿੱਛੇ ਨਹੀਂ ਸਨ। ਉਹ ਸਭ ਅਜਿਹੀ ਜ਼ਮੀਨੀ ਵੰਡ ਕਰ ਰਹੇ ਸਨ ਜਿਸ ਨਾਲ ਪੇਂਡੂ ਹਲਕਿਆਂ ਵਿਚ ਉਹਨਾਂ ਦੇ ਹੱਕ ਪੱਖ ਵਿਚ ਟੋਡੀ ਅੰਸ਼ ਹੋਂਦ ਵਿਚ ਆਉਣ ਤੇ ਉਹਨਾਂ ਦੀ ਸ਼ਕਤੀ-ਭਗਤੀ ਦਾ ਸਾਧਨ ਸੋਮਾ ਬਣਨ।

ਅੰਗਰੇਜ਼ ਰਾਜ ਆਉਣ ਸਮੇਂ ਭਾਰਤ ਦੇ ਦੂਜੇ ਹਿੱਸਿਆਂ ਵਾਂਗ ਇਹਨਾਂ ਰਿਆਸਤਾਂ ਵਿਚ ਵੀ ਜ਼ਮੀਨ ਦੀ ਸਮਾਜੀ ਮਾਲਕੀ ਚੱਲ ਰਹੀ ਸੀ। ਅੰਗਰੇਜ਼ ਦੀ ਨਕਲ ਕਰਦੇ ਹੋਏ ਦੇਸੀ ਰਾਜੇ-ਮਹਾਰਾਜੇ ਵੀ ਜ਼ਮੀਨ ਦਾ ਨਿੱਜੀ ਮਾਲਕੀ ਪ੍ਰਬੰਧ ਹੋਂਦ ਵਿਚ ਲਿਆਉਣ ਲੱਗ ਪਏ। ਇਹਨਾਂ ਜਾਗੀਰਦਾਰੀ ਹੋਂਦ ਵਿਚ ਲਿਆਂਦੀ ਜੋ ਆਮ ਬੋਲ ਚਾਲ ਵਿਚ ਬਿਸਵੇਦਾਰੀ ਕਹਾਉਂਦੀ ਹੈ।

ਹਜ਼ਾਰਾਂ ਹਲਵਾਹਕਾਂ ਦੇ ਜ਼ਮੀਨੀ ਹੱਕਾਂ ਨੂੰ ਦੱਬ ਕੁਚਲ ਕੇ ਉਹਨਾਂ ਦੀ ਹਲ ਹੇਠ ਜ਼ਮੀਨ ਉੱਪਰ ਉਹਨਾਂ ਨੂੰ ਮਾਲਕੀ ਹੱਕ ਦੇਣ ਤੋਂ ਇਨਕਾਰ ਕਰਕੇ, ਉਹਨਾਂ ਉੱਪਰ ਜਾਗੀਰਦਾਰ (ਬਿਸਵੇਦਾਰ) ਠੋਸ ਦਿੱਤੇ। ਫਰੀਦਕੋਟ, ਮਾਲੇਰਕੋਟਲਾ ਰਿਆਸਤਾਂ ਵਿਚ ਪਹਿਲਾਂ ਹੀ ਉਥੋਂ ਦੇ ਰਾਜਾ ਤੇ ਨਵਾਬ ਨੂੰ ਰਿਆਸਤ ਦੀ ਕੁੱਲ ਜ਼ਮੀਨ ਦਾ 'ਮਾਲਕ ਆਲ੍ਹਾ' ਐਲਾਨਿਆ ਜਾ ਚੁੱਕਾ ਸੀ। ਅੰਗਰੇਜ਼ੀ ਪੰਜਾਬ ਦੇ ਇਲਾਕਿਆਂ ਦੇ ਮੁਕਾਬਲੇ ਇਹਨਾਂ ਰਿਆਸਤਾਂ ਵਿਚ ਜ਼ਮੀਨੀ ਮਾਲੀਆ ਵੀ ਬਹੁਤ ਜ਼ਿਆਦਾ ਸੀ, 6 ਗੁਣਾ-8 ਗੁਣਾ। ਨਜ਼ੂਲ ਜ਼ਮੀਨ ਦੀ ਮਾਲਕ ਵੀ ਰਿਆਸਤੀ ਸਰਕਾਰ ਹੁੰਦੀ ਸੀ; ਭਾਵ, ਲਾਵਾਰਿਸ ਅਤੇ ਹਲਵਾਹਕ ਦੀ ਜ਼ਮੀਨ ਦੀ ਮਾਲਕ ਸਰਕਾਰ ਹੁੰਦੀ ਸੀ।

ਜਗੀਰਦਾਰੀ ਪ੍ਰਥਾ ਨੂੰ ਹੋਂਦ ਵਿਚ ਲਿਆਉਣ ਅਤੇ ਹਰ ਪੱਖੋਂ ਇਸ ਦੀ ਰੱਖਿਆ ਕਰਨ ਸਬੰਧੀ ਰਿਆਸਤ ਪਟਿਆਲਾ ਅਨੋਖੀ ਮਿਸਾਲ ਹੈ ਜਿਸ ਵਿਚ ਮਹਾਰਾਜਾ ਭੁਪਿੰਦਰ ਸਿੰਘ ਦਾ ਉੱਘਾ ਰੋਲ ਹੈ। ਉਸ ਦੀ ਪ੍ਰਸ਼ੰਸਾ ਕਾਰਨ ਅੰਗਰੇਜ਼ ਸਾਮਰਾਜ ਵੱਲੋਂ ਉਸ ਨੂੰ 'ਫਰਜ਼ੰਦੇ-ਖਾਸ ਸਲਤਨਤੇ-ਇੰਗਲਿਸ਼ੀਆ' (ਅੰਗਰੇਜ਼ ਸਰਕਾਰ ਦਾ ਖਾਸ ਪੁੱਤਰ) ਦਾ ਦਰਜਾ ਦਿੱਤਾ ਗਿਆ ਸੀ। ਉਸ ਦੀਆਂ ਰਾਣੀਆਂ (ਪਤਨੀਆਂ) 300 ਤੋਂ ਉੱਪਰ ਸਨ, ਭਾਵ ਏਨੇ ਹੀ ਸਹੁਰੇ ਘਰ ਜਿਹਨਾਂ ਨੂੰ ਉਸ ਨੇ ਹਲਵਾਹਕ ਮਾਲਕਾਂ ਦੀ ਵਸੋਂ ਵਾਲੇ ਕਈ-ਕਈ ਪਿੰਡ ਜਾਗੀਰ ਵਜੋਂ ਦਿੱਤੇ ਤੇ ਦਹਾਕੇ ਸਾਲਾਂ ਤੋਂ ਵਸਦੇ ਹਲਵਾਹਕਾਂ ਨੂੰ ਬੇ-ਜ਼ਮੀਨ ਬਣਾ ਦਿੱਤਾ। 1870-80 ਦੇ ਜ਼ਮੀਨੀ ਬੰਦੋਬਸਤ ਦੌਰਾਨ ਹਜ਼ਾਰਾਂ ਪਿੰਡ ਜਾਣਬੁੱਝ ਕੇ ਮਹਾਰਾਜੇ ਦੇ ਸਕੇ ਸਕੀਰੀਆਂ ਅਤੇ ਉੱਚ ਅਧਿਕਾਰੀਆਂ ਦੇ ਨਾਂ ਦਰਜ ਕਰ ਦਿੱਤੇ ਗਏ, ਭਾਵ ਉਹਨਾਂ ਨੂੰ ਮਾਲਕ ਬਣਾ ਦਿੱਤਾ ਗਿਆ। ਇਹ ਸਭ ਕੁਝ ਵਿਹਲੜ ਨਿਕੰਮੇ ਅੰਸ਼ਾਂ ਨੂੰ ਆਮ ਜਨਤਾ ਦੀ ਖੂਨ ਪਸੀਨੇ ਦੀ ਮਿਹਨਤ ਉੱਪਰ ਮੌਜ ਭੋਗੀ ਜੀਵਨ ਬਤੀਤ ਕਰਨ ਲਈ ਕੀਤਾ ਗਿਆ।

ਕਿਸਾਨੀ ਦੇ ਚੌਥੇ ਹਿੱਸੇ ਵਿਰੁੱਧ ਇਹ ਸ਼ੈਤਾਨੀ ਧੋਖਾ, ਫਰੇਬ ਪ੍ਰਬੰਧਕ ਢਾਂਚੇ ਦੀ ਸਾਜ਼ਿਸ਼ ਸੀ, ਜਗੀਰੂ ਢਾਂਚੇ ਦੀ ਬੇ-ਅਸੂਲੀ ਤੇ ਗਿਰਾਵਟ ਦੀ ਹੱਦ ਸੀ। ਮਹਾਰਾਜਾ ਵੱਲੋਂ ਉਸ ਦੇ ਸਕੇ-ਸਕੀਰੀਆਂ ਤੇ ਉਚ ਅਧਿਕਾਰੀਆਂ ਵਿਚ ਸੈਂਕੜੇ ਪਿੰਡ ਜਾਗੀਰ ਵਜੋਂ ਵੰਡੇ ਗਏ। ਮਿਸਾਲ ਵਜੋਂ ਕਿਹਰ ਸਿੰਘ, ਹਰਚੰਦ ਸਿੰਘ ਤੇ ਕਿਰਪਾਲ ਸਿੰਘ ਜੋ ਮਗਰੋਂ ਪਿੰਡ ਭਦੌੜ ਦੇ ਰਾਜੇ ਕਹਾਉਣ ਲੱਗੇ, ਲਗਭਗ ਅੱਸੀ (80) ਪਿੰਡਾਂ ਉਪਰ ਜਗੀਰਦਾਰੀ ਹੱਕ ਰੱਖਦੇ ਸਨ। ਦੇਵਿੰਦਰ ਸਿੰਘ ਜੋ ਮਹਾਰਾਜੇ ਦਾ ਸਕੀਰੀ ਤੇ ਮਹਿਕਮਾ ਚੁੰਗੀ ਦਾ ਡਾਇਰੈਕਟਰ ਸੀ, 8 ਪਿੰਡਾਂ ਉੱਪਰ ਜਾਗੀਰਦਾਰ ਸੀ- ਤਾਮਕੋਟ, ਰੱਲਾ, ਮਨਫਰਾਂ, ਮੌੜ, ਨਰਾਇਣਗੜ੍ਹ, ਸਿਨੇਰਹੇੜੀ, ਰਾਮ ਨਗਰ ਅਤੇ ਪਟਿਆਲਾ ਸ਼ਹਿਰ ਦਾ ਇਰਦ-ਗਿਰਦ।

ਰਿਆਸਤ ਪਟਿਆਲਾ ਵਿਚ ਜਾਗੀਰਦਾਰੀ ਸਥਾਪਨਾ ਸਬੰਧੀ ਪਿੰਡ ਕਿਸ਼ਨਗੜ੍ਹ ਦੀ ਮਿਸਾਲ ਖਾਸ ਵਰਨਯੋਗ ਹੈ।

ਇਹ ਜ਼ਮੀਨ ਸੈਂਕੜੇ ਸਾਲਾਂ ਤੋਂ ਬੰਜਰ ਪਈ ਸੀ। ਧਾਲੀਵਾਲ, ਚਹਿਲ, ਢਿੱਲੋਂ ਆਦਿ ਪੰਜ ਕਬੀਲੇ ਚਲਦੇ-ਫਿਰਦੇ ਜ਼ਮੀਨ ਲੱਭਦੇ ਏਥੇ ਪੁੱਜੇ। ਜ਼ਮੀਨ ਪੁੱਟੀ, ਮਿਹਨਤ ਕੀਤੀ। ਖੂਨ ਪਸੀਨਾ ਵਹਾਇਆ ਤੇ ਜ਼ਮੀਨ ਨੂੰ ਵਾਹੀ ਯੋਗ ਬਣਾਇਆ। ਇਹ ਸਭ ਲੋਕ ਜ਼ਮੀਨੀ ਮਾਲੀਆ ਸੱਦਾ ਸਿੰਘ ਨਾਂ ਦੇ ਆਦਮੀ ਰਾਹੀਂ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਵਾਉਂਦੇ ਰਹੇ। ਸੱਦਾ ਸਿੰਘ ਦੀ ਭੈਣ ਰਾਜੇ ਨਾਲ ਵਿਆਹੀ ਹੋਈ ਸੀ ਤੇ ਖਜ਼ਾਨਾ ਅਧਿਕਾਰੀਆਂ ਨਾਲ ਉਸ ਦੀ ਜਾਣ-ਪਛਾਣ ਸੀ।

ਇਸ ਸਮੇਂ ਵਿਚ ਹੀ ਸੱਦਾ ਸਿੰਘ ਦੇ ਪੁੱਤਰ ਚੜ੍ਹਤ ਸਿੰਘ ਨੇ ਮਹਿਕਮਾ ਮਾਲ ਦੇ ਅਫਸਰਾਂ ਨਾਲ ਮਿਲ ਕੇ ਕਾਗਜ਼ਾਂ ਵਿਚ ਹੇਰ-ਫੇਰ ਕਰਵਾ ਕੇ ਕਿਸ਼ਨਗੜ੍ਹ ਪਿੰਡ ਦੀ ਸਾਰੀ ਜ਼ਮੀਨ ਆਪਣੇ ਨਾਂ ਕਰਵਾ ਲਈ। ਸਾਲ 1902-04 ਦੇ ਬੰਦਬਸਤ ਮਗਰੋਂ ਚੜ੍ਹਤ ਸਿੰਘ ਖੁੱਲ੍ਹ ਕੇ ਸਾਹਮਣੇ ਆ ਗਿਆ ਤੇ ਜ਼ਮੀਨ ਦੇ ਮਾਲਕ ਵਜੋਂ ਹਲਵਾਹਕ ਕਿਸਾਨਾਂ ਪਾਸੋਂ ਜ਼ਮੀਨੀ ਪੈਦਾਵਾਰ ਦੀ ਬਟਾਈ ਦੀ ਮੰਗ ਕੀਤੀ। ਹਲਵਾਹਕ ਹੈਰਾਨ ਪ੍ਰੇਸ਼ਾਨ ਸਨ। ਉਹਨਾਂ ਬਟਾਈ ਦੇਣ ਤੋਂ ਨਾਂਹ ਕੀਤੀ ਅਤੇ ਬੇਦਖਲੀਆਂ ਦਾ ਮੁਕਾਬਲਾ ਕਰਨ ਉਪਰ ਉਤਰ ਆਏ।

1902-04 ਵਿਚ ਹੋਏ ਭੂਮੀ ਬੰਦੋਬਸਤ ਸਮੇਂ ਅੰਗਰੇਜ਼ ਅਫਸਰ ਪੋਪਹਿਮ ਯੰਗ ਪਿੰਡ

***(ਬਾਕੀ ਅਗਲੇ ਸਫੇ 'ਤੇ)***

# ਬਾਬਾ ਮਰਦਾਨਾ ਦੇ ਵੰਸ਼ਜ

ਮੈਂ ਬਹੁਤ ਦੇਰ ਤੋਂ ਗੁਲਾਮ ਹੁਸੈਨ ਨੂੰ ਲੱਭ ਰਿਹਾ ਸਾਂ। ਮੈਂ ਉਨ੍ਹਾਂ ਨੂੰ ਪੁੱਛਿਆ, "ਸਿੱਖ ਧਰਮ ਵਿਚ ਮੁਸਲਮਾਨ ਰਬਾਬੀਆਂ ਦਾ ਐਡਾ ਉਚਾ ਦਰਜਾ ਹੈ, ਫਿਰ ਕਿਉਂ ਉਨ੍ਹਾਂ ਦੀ ਰਾਖੀ ਨਹੀਂ ਕੀਤੀ ਗਈ? ਵੰਡ ਵੇਲੇ ਉਨ੍ਹਾਂ ਨੂੰ ਚੜ੍ਹਦੇ ਪੰਜਾਬ ਨੂੰ ਕਿਉਂ ਛੱਡਣਾ ਪਿਆ?"

ਮੈਂ ਗੁਲਾਮ ਹੁਸੈਨ ਦੇ ਘਰ ਪਹੁੰਚਿਆ ਸਾਂ ਜੋ ਪੁਰਾਣੇ ਲਾਹੌਰ ਸ਼ਹਿਰ ਦੇ ਧੁਰ ਅੰਦਰ ਸਥਿਤ ਸ਼ਹਿਰ ਦੇ ਮੋਢੀ ਫਕੀਰ ਦਾਤਾ ਦਰਬਾਰ ਦੀ ਮਜ਼ਾਰ ਨੇੜੇ ਹੈ। ਉਨ੍ਹਾਂ ਨੇ ਚਿੱਟੀ ਸਲਵਾਰ ਕਮੀਜ਼, ਅਤੇ ਉਤੇ ਉਨਾਬੀ ਵਾਸਕਟ ਪਹਿਨੀ ਹੋਈ ਸੀ ਤੇ ਗਲ ਵਿਚ ਚਿੱਟਾ ਪਰਨਾ ਪਾਇਆ ਹੋਇਆ ਸੀ। ਅੱਸੀ ਸਾਲਾਂ ਦੀ ਉਮਰ ਨੂੰ ਢੁਕੇ ਹੁਸੈਨ ਬਿਮਾਰੀ ਦੇ ਹੱਲੇ ਤੋਂ ਉਭਰ ਰਹੇ ਸਨ। ਫਿਰ ਵੀ ਉਨ੍ਹਾਂ ਮੇਰੀ ਮੁਲਾਕਾਤ ਦੀ ਬੇਨਤੀ ਪ੍ਰਵਾਨ ਕਰ ਲਈ।

ਉਨ੍ਹਾਂ ਦੇ ਕਮਰੇ ਦੀ ਪਿਛਲੀ ਕੰਧ ਅਤੇ ਅਲਮਾਰੀ ਉਪਰ ਕਿਰਪਾਨ, ਸ੍ਰੀ ਹਰਿਮੰਦਿਰ ਸਾਹਿਬ ਦੀਆਂ ਤਸਵੀਰਾਂ ਸਨ ਅਤੇ ਪਿਛਲੇ ਸਾਲਾਂ



ਦੌਰਾਨ ਸਿੱਖ ਸੰਸਥਾਵਾਂ ਵੱਲੋਂ ਮਿਲੇ ਸਨਮਾਨ ਚਿੰਨ੍ਹ ਸਜਾ ਕੇ ਰੱਖੇ ਹੋਏ ਸਨ। ਨਾਲ ਹੀ ਕੁਝ ਇਸਲਾਮੀ ਚਿੰਨ੍ਹ ਵੀ ਮੌਜੂਦ ਸਨ ਜਿਨ੍ਹਾਂ ਵਿਚ ਇਕ ਪੋਸਟਰ 'ਤੇ ਲਿਖੀ

**ਹਾਰੂਨ ਖਾਲਿਦ**

ਕੁਰਾਨ ਦੀ ਆਇਤ ਸ਼ਾਮਿਲ ਸੀ। ਫਰਵਰੀ 2014 ਵਿਚ ਮੈਂ ਗੁਲਾਮ ਹੁਸੈਨ ਨੂੰ ਮਿਲਿਆ ਸਾਂ। ਅਗਲੇ ਸਾਲ ਅਪਰੈਲ ਵਿਚ ਉਹ ਫੌਤ ਹੋ ਗਏ ਅਤੇ ਮੇਰਾ ਖਿਆਲ ਹੈ ਕਿ ਇਹ ਉਨ੍ਹਾਂ ਦੀ ਆਖਰੀ ਇੰਟਰਵਿਊ ਸੀ।

ਗੁਲਾਮ ਹੁਸੈਨ ਬਾਰੇ ਮੈਂ ਪਿਛਲੇ ਕੁਝ ਸਾਲਾਂ ਤੋਂ ਖੋਜ ਕਰ ਰਿਹਾ ਸੀ ਤੇ ਇਹ ਸੁਣਿਆ ਹੋਇਆ ਸੀ ਕਿ ਉਹ ਗੁਰੂ ਨਾਨਕ ਦੇਵ ਜੀ ਦੇ ਸਾਥੀ ਮੁਸਲਿਮ ਰਬਾਬੀ ਭਾਈ ਮਰਦਾਨੇ ਦੇ ਵੰਸ਼ਜ ਹਨ। ਸਿੱਖ ਧਰਮ ਦੇ ਵਿਗਾਸ ਵਿਚ ਭਾਈ ਮਰਦਾਨੇ ਦੀ ਅਹਿਮ ਭੂਮਿਕਾ ਰਹੀ। ਉਹ ਨਾ ਸਿਰਫ ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਵੇਲੇ ਉਨ੍ਹਾਂ ਦੇ ਸੰਗ ਚੱਲਦੇ ਸਨ ਸਗੋਂ ਗੁਰੂ ਸਾਹਿਬ ਜਿੱਥੇ ਵੀ ਕਿਤੇ ਸਤਿਸੰਗ ਕਰਦੇ ਜਾਂ ਰੱਬੀ ਬਾਣੀ ਗਾਉਂਦੇ ਤਾਂ ਉਹ ਉਨ੍ਹਾਂ ਨਾਲ ਰਬਾਬ ਵਜਾਉਂਦੇ ਹੁੰਦੇ ਸਨ। ਉਦੋਂ ਤੋਂ ਹੀ ਗੁਰਦੁਆਰਿਆਂ ਅੰਦਰ ਕੀਰਤਨ ਸਮੇਂ ਰਬਾਬ ਦੀ ਜ਼ਿੰਮੇਵਾਰੀ ਮੁਸਲਮਾਨ ਰਬਾਬੀਆਂ ਨੂੰ ਦਿੱਤੀ ਜਾਂਦੀ ਰਹੀ ਸੀ। ... ਤੇ ਫਿਰ ਦੇਸ਼ ਦੀ ਵੰਡ ਵੇਲੇ ਇਹ ਰਵਾਇਤ ਯਕਦਮ ਬੰਦ ਹੋ ਗਈ।

**ਕੀਰਤਨ ਤੋਂ ਕੱਵਾਲੀ**

ਗੁਲਾਮ ਹੁਸੈਨ ਨੇ ਚੇਤੇ ਕਰਦਿਆਂ ਦੱਸਿਆ, "ਉਸ ਵੰਡ ਵੇਲੇ ਹਰ ਕਿਸੇ ਨੂੰ ਆਪੋ-ਆਪਣੀ ਪਈ ਹੋਈ ਸੀ। ਸਾਨੂੰ ਮੁਸਲਮਾਨ ਹੋਣ ਕਰਕੇ ਉਧਰੋਂ ਆਉਣਾ ਪੈਣਾ ਸੀ। ਉਦੋਂ ਸਾਡੀ ਮੁਸਲਿਮ ਪਛਾਣ ਹੀ ਸਭ ਕੁਝ ਸੀ ਤੇ ਉਹੀ ਇਕਮਾਤਰ ਪਛਾਣ ਬਣ ਕੇ ਰਹਿ ਗਈ। ਦਰਅਸਲ, ਦੰਗਿਆਂ 'ਚ ਸਾਡੇ ਕੁਝ ਰਬਾਬੀਆਂ ਨੂੰ ਜਾਨਾਂ ਵੀ ਗੁਆਉਣੀਆਂ ਪਈਆਂ। ਮੇਰੇ ਸਹੁਰਾ ਸਾਹਿਬ ਭਾਈ ਮੋਤੀ ਉਨ੍ਹਾਂ 'ਚੋਂ ਇਕ ਸਨ। ਉਹ ਪਟਿਆਲੇ ਦੇ ਗੁਰਦੁਆਰੇ ਵਿਚ ਰਬਾਬ ਵਜਾਉਂਦੇ ਸਨ। ਇਕ ਹੋਰ ਰਬਾਬੀ ਗੋਇੰਦਵਾਲ ਸਾਹਿਬ ਦੇ ਗੁਰੂਘਰ ਵਿਚ ਰਬਾਬ ਵਜਾਉਂਦੇ ਹੁੰਦੇ ਸਨ ਜਿਨ੍ਹਾਂ ਨੂੰ ਕਤਲ ਕੀਤਾ ਗਿਆ ਸੀ।"

ਉਨ੍ਹਾਂ ਅੱਗੇ ਦੱਸਿਆ, "ਮੇਰੇ ਚਾਚਾ ਭਾਈ ਚੰਦ ਦਰਬਾਰ ਸਾਹਿਬ ਵਿਖੇ ਰਬਾਬ ਵਜਾਉਂਦੇ ਸਨ। ਅੰਮ੍ਰਿਤਸਰ ਵਿਚ ਉਨ੍ਹਾਂ ਦੇ ਤਿੰਨ-ਤਿੰਨ ਮੰਜ਼ਿਲੇ ਤਿੰਨ ਘਰ ਸਨ। ਉਹ ਉਸ ਸਮੇਂ ਕਰੋੜਾਂ ਦੇ ਮਾਲਕ ਸਨ। ਉਹ 'ਭਾਈਆਂ ਦੀ ਗਲੀ' ਵਿਚ ਰਹਿੰਦੇ ਸਨ ਜਿਸ ਦਾ ਨਾਂ ਰਬਾਬੀ ਪਰਿਵਾਰ ਕਰਕੇ ਰੱਖਿਆ ਗਿਆ ਸੀ। ਵੰਡ ਤੋਂ ਬਾਅਦ ਪਾਕਿਸਤਾਨ ਆ ਕੇ ਉਹ ਦਾਣੇ ਦਾਣੇ ਨੂੰ ਮੁਹਤਾਜ ਹੋ ਗਏ ਸਨ।"

ਆਪਣੀ ਸਿੱਖ ਵਿਰਾਸਤ ਦਾ ਖੁਲਾਸਾ ਕਰਦਿਆਂ ਗੁਲਾਮ ਹੁਸੈਨ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਸਿਆਚਲ ਦੇ ਪੁਰਾਤਨ ਗੁਰਦੁਆਰੇ ਨਾਲ ਸਬੰਧਿਤ ਸੀ ਜੋ ਲਾਹੌਰ ਤੇ ਅੰਮ੍ਰਿਤਸਰ ਵਿਚਕਾਰ ਪੈਂਦਾ ਹੈ। ਉਨ੍ਹਾਂ ਦੇ ਪਿਤਾ ਜੀ ਗਿਆਨੀ ਸਨ ਜੋ ਗੁਰਦੁਆਰੇ ਵਿਚ ਅਰਦਾਸ ਦੀ ਸੇਵਾ ਨਿਭਾਉਂਦੇ ਸਨ ਅਤੇ ਸਿੱਖੀ ਦਾ ਪ੍ਰਚਾਰ ਵੀ ਕਰਦੇ ਸਨ। ਉਨ੍ਹਾਂ ਦੱਸਿਆ, "ਮੇਰੇ ਪਿਤਾ ਉੱਥੇ ਰਬਾਬੀ ਭਾਈ ਦੇ ਗੱਦੀਨਸ਼ੀਨ ਸਨ ਜਿਸ ਦਾ ਮਤਲਬ ਸੀ ਕਿ ਉਨ੍ਹਾਂ ਨੂੰ ਇਹ ਸੇਵਾ ਉਨ੍ਹਾਂ ਦੇ ਪੁਰਖਿਆਂ ਕੋਲੋਂ ਮਿਲੀ ਸੀ।" ਫਿਰ ਵੰਡ ਨੇ ਸਭ ਕੁਝ ਬਦਲ ਕੇ ਰੱਖ ਦਿੱਤਾ।

ਗੁਲਾਮ ਹੁਸੈਨ ਨੇ ਆਖਿਆ, "ਅਸੀਂ ਆਪਣਾ ਸਾਰਾ ਪੈਸਾ ਲੱਤਾ ਹੀ ਨਹੀਂ ਗੁਆਇਆ ਸਗੋਂ ਆਪਣੇ ਕਿੱਤੇ ਨਾਲੋਂ ਵੀ ਟੁੱਟ ਗਏ ਸਾਂ। ਮਨੋਂ ਅਸੀਂ ਗੁਰਬਾਣੀ ਨਾਲ ਜੁੜੇ ਹੋਏ ਸਾਂ ਜਦੋਂਕਿ ਮੁਸਲਮਾਨ ਹੋਣ ਨਾਤੇ ਕਲਮੇ ਤੋਂ ਬਿਨਾਂ ਹੋਰ ਕੁਝ ਨਹੀਂ ਜਾਣਦੇ ਸਾਂ। ਮੁਸਲਮਾਨਾਂ ਨੂੰ ਸਾਡੇ ਕਿੱਤੇ ਵਿਚ ਕੋਈ ਰੁਚੀ ਨਹੀਂ ਸੀ। ਇਸ ਕਰਕੇ ਸਾਨੂੰ ਰੋਜ਼ੀ ਰੋਟੀ ਲਈ ਸਮੋਸੇ, ਖਰਿ, ਮੀਟ ਆਦਿ ਵੇਚਣ ਦੇ ਛੋਟੇ ਮੋਟੇ ਧੰਦੇ ਅਪਨਾਉਣੇ ਪਏ।" ਬਹਰਹਾਲ, ਥੋੜ੍ਹੀ ਦੇਰ ਬਾਅਦ ਜਦੋਂ ਨਿਜ਼ਾਮੀ ਆਰਟ ਸੁਸਾਇਟੀ ਨਾਂ ਦੀ ਸੰਸਥਾ ਵੱਲੋਂ ਉਨ੍ਹਾਂ ਨੂੰ ਪ੍ਰੋਗਰਾਮ ਪੇਸ਼ ਕਰਨ ਦਾ ਸੱਦਾ ਮਿਲਿਆ ਤਾਂ ਉਨ੍ਹਾਂ ਕੱਵਾਲੀ ਮੁੜ ਸ਼ੁਰੂ ਕਰ ਦਿੱਤੀ। ਉਨ੍ਹਾਂ ਦੱਸਿਆ, "ਵੰਡ ਤੋਂ ਕੁਝ ਸਾਲਾਂ ਬਾਅਦ ਮੈਨੂੰ ਕੱਵਾਲੀ ਦਾ ਇਕ ਪ੍ਰੋਗਰਾਮ ਪੇਸ਼ ਕਰਨ ਦਾ ਮੌਕਾ ਮਿਲਿਆ। ਸ਼ੁਰੂਆਤੀ ਦਿਨਾਂ ਵਿਚ ਮੇਰਾ ਉਰਦੂ ਲਹਿਜ਼ਾ ਕਮਜ਼ੋਰ ਹੋਣ ਕਰਕੇ ਦਿੱਕਤਾਂ ਆਈਆਂ ਸਨ। ਗੁਰਮੁਖੀ ਦੀ ਸਿਖਲਾਈ ਹੋਣ ਕਰਕੇ ਮੈਂ ਫਾਰਸੀ ਲਿਖਤ ਵੀ ਪੜ੍ਹਨਾ ਨਹੀਂ ਜਾਣਦਾ ਸਾਂ। ਉਂਝ, ਮੈਂ ਅਭਿਆਸ ਕੀਤਾ ਅਤੇ ਹੌਲੀ-ਹੌਲੀ ਉਰਦੂ ਗਾਇਕੀ ਵਿਚ ਮਾਹਿਰ ਬਣ ਗਿਆ। ਇਸ ਨਾਲ ਮੇਰੀ ਮਾਲੀ ਸਥਿਤੀ ਵੀ ਬਿਹਤਰ ਹੋਣ ਲੱਗ ਪਈ।"

ਮੈਂ ਉਨ੍ਹਾਂ ਤੋਂ ਕੀਰਤਨ ਅਤੇ ਕੱਵਾਲੀ ਦੀਆਂ ਪ੍ਰੰਪਰਾਵਾਂ ਵਿਚਕਾਰ ਫਰਕ ਬਾਰੇ ਪੁੱਛਿਆ ਤਾਂ ਉਨ੍ਹਾਂ ਜਵਾਬ ਵਿਚ ਪੰਜਾਬੀ ਅਖਾਣ ਦੁਹਰਾਇਆ: "ਸੌ ਸਿਆਣੇ ਇਕੋ ਮਤ, ਮੂਰਖ ਆਪੋ-ਆਪਣੀ ... ਬੁੱਲੇ ਸ਼ਾਹ ਨੇ ਉਹੀ ਗੱਲ ਦ੍ਰਿੜ੍ਹਾਈ ਜੋ ਗੁਰੂ ਨਾਨਕ ਦੇਵ ਜੀ ਨੇ ਰਚੀ ਸੀ। ਗੁਰੂ ਅਰਜਨ ਅਤੇ ਸੁਲਤਾਨ ਬਾਹੂ ਜਾਂ ਸ਼ਾਹ ਹੁਸੈਨ ਦੇ ਸੰਦੇਸ਼ ਵਿਚ ਕੋਈ ਫਰਕ ਨਹੀਂ ਹੈ।"

**ਸਾਂਝ ਦੀ ਅਜ਼ਮਾਇਸ਼**

ਉਂਝ, ਇਸ ਇਕਸਾਰਤਾ ਬਾਰੇ ਹੁਣ ਕੁਝ ਸਵਾਲ ਵੀ ਉੱਠ ਰਹੇ ਹਨ। ਗੁਲਾਮ ਹੁਸੈਨ ਦਾ ਪੁੱਤਰ ਸਾਡੇ ਕੋਲ ਬੈਠਾ ਚੁੱਪ-ਚਾਪ ਇੰਟਰਵਿਊ ਸੁਣਦਾ ਹੋਇਆ ਅਚਨਚੇਤ ਗੱਲਬਾਤ ਵਿਚ ਸ਼ਾਮਲ ਹੋ ਗਿਆ। ਉਸ ਨੇ ਆਖਿਆ, "ਕੁਝ ਸਿੱਖ ਕਹਿੰਦੇ ਹਨ ਕਿ ਮਰਦਾਨਾ ਗੁਰੂ ਨਾਨਕ ਦੀਆਂ ਜਨਮਸਾਖੀਆਂ ਦਾ ਹਸਾਉਣ ਵਾਲਾ ਕਿਰਦਾਰ ਸੀ ਜੋ ਹਮੇਸ਼ਾ ਭੁੱਖਾ ਪਿਆਸਾ ਹੀ ਰਹਿੰਦਾ ਸੀ। ਮੇਰਾ ਖਿਆਲ ਵੱਖਰਾ ਹੈ। ਮਰਦਾਨੇ ਦੀ ਖਾਤਰ ਹੀ ਬਾਬਾ ਨਾਨਕ ਜੀ ਨੇ ਕਿੱਕਰ ਦੇ ਦਰੱਖਤ ਦੇ ਤੁੱਕੇ ਮਿੱਠੇ ਕੀਤੇ ਸਨ।"

ਗੁਲਾਮ ਹੁਸੈਨ ਨੇ ਸਿੱਖੀ ਦੇ ਇਤਿਹਾਸ ਵਿਚ ਭਾਈ ਮਰਦਾਨੇ ਬਾਬਤ ਇਕ ਹੋਰ ਕਹਾਣੀ ਦੱਸੀ। ਉਨ੍ਹਾਂ ਕਿਹਾ, "ਵੰਡ ਤੋਂ ਪਹਿਲਾਂ ਇਕ ਵਾਰ ਮੇਰੇ ਪਿਤਾ ਹਸਨ ਅਬਦਾਲ ਵਿਚ ਗੁਰਦੁਆਰਾ ਪੰਜਾ ਸਾਹਿਬ ਵਿਚ ਮੌਜੂਦ ਸਨ, ਉਹ ਸਰੋਵਰ ਵਿਚ ਇਸ਼ਨਾਨ ਕਰ ਰਹੇ ਸਨ ਅਤੇ ਕਿਸੇ ਸਿੱਖ ਨੇ ਗੁਰਦੁਆਰੇ ਦੇ ਦਫਤਰ ਵਿਚ ਜਾ ਕੇ ਸ਼ਿਕਾਇਤ ਕੀਤੀ ਕਿ ਮੇਰੇ ਪਿਤਾ ਸਰੋਵਰ ਨੂੰ ਪਲੀਤ ਕਰ ਰਹੇ ਹਨ। ਜਦੋਂ ਸੇਵਾਦਾਰ ਨੇ ਮੇਰੇ ਪਿਤਾ ਨੂੰ ਬੁਲਾ ਕੇ ਪੁੱਛਿਆ ਕਿ ਉਨ੍ਹਾਂ ਸਰੋਵਰ ਵਿਚ ਇਸ਼ਨਾਨ ਕਿਉਂ ਕੀਤਾ ਤਾਂ ਉਨ੍ਹਾਂ ਆਖਿਆ- ਬਾਬਾ ਨਾਨਕ ਜੀ ਨੇ ਇਹ ਸਰੋਵਰ ਕਿਨ੍ਹਾਂ ਲਈ ਬਣਾਇਆ ਸੀ? ਮਰਦਾਨੇ ਦੀ ਪਿਆਸ ਬੁਝਾਉਣ ਲਈ। ਇਸ ਲਈ ਇਹ ਮਰਦਾਨੇ ਦਾ ਸਰੋਵਰ ਹੈ ਅਤੇ ਉਨ੍ਹਾਂ ਦਾ ਵੰਸ਼ਜ ਹੋਣ ਨਾਤੇ ਇਹ ਮੇਰਾ ਵੀ ਸਰੋਵਰ ਹੈ। ਹੁਣ ਮੈਂ ਤੁਹਾਥੋਂ ਪੁੱਛਦਾ ਹਾਂ ਕਿ ਤੁਸੀਂ ਇਸ ਸਰੋਵਰ 'ਤੇ ਹੱਕ ਜਤਾਉਣ ਵਾਲੇ ਕੌਣ ਹੁੰਦੇ ਹੋ?"

ਉਨ੍ਹਾਂ ਅੱਗੇ ਆਖਿਆ ਸੀ, "ਸੱਤ ਪੁਸ਼ਤਾਂ ਤੋਂ ਸਾਡਾ ਪਰਿਵਾਰ ਇਹ ਸੇਵਾ ਨਿਭਾ ਰਿਹਾ ਹੈ। ਅਸੀਂ ਭਾਈ ਸਾਧਾ ਤੇ ਮਾਧਾ ਦੇ ਵੰਸ਼ਜ ਹਾਂ ਜਿਨ੍ਹਾਂ ਨੂੰ ਗੁਰੂ ਤੇਗ ਬਹਾਦਰ ਜੀ ਨੇ ਸ੍ਰੀ ਹਰਿਮੰਦਿਰ ਸਾਹਿਬ ਵਿਖੇ ਸੇਵਾ ਬਖਸ਼ੀ ਸੀ। ਇਸ ਦਾ ਮਰਤਬਾ ਇੰਨਾ ਉੱਚਾ ਸੀ ਕਿ ਉਦੋਂ ਦਰਬਾਰ ਸਾਹਿਬ ਦੀ ਗੋਲਕ 'ਚੋਂ ਉਨ੍ਹਾਂ ਨੂੰ ਮਾਇਆ ਭੇਟ ਕੀਤੀ ਜਾਂਦੀ ਸੀ ਜੋ ਸਾਰੇ ਰਬਾਬੀ ਪਰਿਵਾਰਾਂ ਵਿਚ ਬਰਾਬਰ ਵੰਡੀ ਜਾਂਦੀ ਸੀ। ਪੂਰੇ ਸਿੱਖ ਇਤਿਹਾਸ ਵਿਚ ਰਬਾਬੀਆਂ ਨੇ ਗੁਰੂ ਸਾਹਿਬਾਨ ਨਾਲ ਅੰਤਲੇ ਸਾਹਾਂ ਤੱਕ ਵਫਾ ਨਿਭਾਈ ਹੈ।"

ਉਂਝ, ਗੁਰਦੁਆਰੇ ਅੰਦਰ ਰਬਾਬ ਵਜਾਉਣ ਦੀ ਗੁਲਾਮ ਹੁਸੈਨ ਦੀ ਇੱਛਾ ਪੂਰੀ ਨਾ ਹੋ ਸਕੀ। ਉਨ੍ਹਾਂ ਦੱਸਿਆ, "ਸ੍ਰੀ ਹਰਿਮੰਦਿਰ ਸਾਹਿਬ ਨਾਲ ਸਾਡੇ ਖਾਨਦਾਨ ਦਾ ਗਹਿਰਾ ਸਬੰਧ ਹੈ ਪਰ ਹੁਣ ਉੱਥੇ ਸਾਡੇ ਲਈ ਕੀਰਤਨ ਕਰ ਸਕਣਾ ਬਹੁਤ ਔਖਾ ਹੋ ਗਿਆ ਹੈ। ਉਥੋਂ ਦੇ ਪ੍ਰਬੰਧਕਾਂ ਨੇ ਮੈਨੂੰ ਦੱਸਿਆ ਕਿ ਸਿਰਫ ਅੰਮ੍ਰਿਤਧਾਰੀ ਸਿੱਖ ਹੀ ਉੱਥੇ ਕੀਰਤਨ ਕਰ ਸਕਦੇ ਹਨ।"

ਫਿਰ ਉਨ੍ਹਾਂ ਨੇ ਮੈਨੂੰ ਵਿਸਥਾਰ ਸਹਿਤ ਅੰਮ੍ਰਿਤ ਦਾ ਭਾਵ ਸਮਝਾਇਆ।



*ਗੁਰਦੁਆਰਾ ਬਾਬਾ ਅਟੱਲ ਦੇ ਕੰਧ-ਚਿਤਰਾਂ ਵਿਚੋਂ ਇਕ, ਇਸ ਚਿੱਤਰ ਵਿਚ ਭਾਈ ਫਰਿੰਦਾ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਰਬਾਬ ਭੇਟ ਕਰ ਰਿਹਾ ਹੈ। ਕੋਲ ਭਾਈ ਮਰਦਾਨਾ ਬੈਠਾ ਹੈ।*



*2008 ਵਿਚ ਦਰਬਾਰ ਸਾਹਿਬ (ਅੰਮ੍ਰਿਤਸਰ) ਦੇ ਦਰਸ਼ਨਾਂ ਲਈ ਆਏ ਬਾਬਾ ਮਰਦਾਨਾ ਦੇ ਵੰਸ਼ਜ ਭਾਈ ਗੁਲਾਮ ਮੁਹੰਮਦ। ਐਨਕ ਵਾਲਾ ਉਨ੍ਹਾਂ ਦਾ ਭਤੀਜਾ ਅਮਜਦ (ਵੱਡੇ ਭਾਈ ਕਾਲੇ ਚੰਦ ਦਾ ਪੁੱਤਰ) ਹੈ। ਕੇਸਰੀ ਸਾਫੇ ਵਾਲਾ ਨਦੀਮ ਉਨ੍ਹਾਂ ਦਾ ਭਾਣਜ-ਜਵਾਈ ਹੈ।*

# ਰਾਜਾਸ਼ਾਹੀ ਰਿਆਸਤਾਂ ਤੇ ਜਗੀਰੂ ਢਾਂਚੇ ਦੀ ਸਿਰਜਣਾ

*(ਪਿਛਲੇ ਸਫੇ ਦੀ ਬਾਕੀ)*

ਕਿਸ਼ਨਗੜ੍ਹ ਦਾ ਇੰਚਾਰਜ ਸੀ। ਚੜ੍ਹਤ ਸਿੰਘ ਦੇ ਪੁੱਤਰ ਧਿਆਨ ਸਿੰਘ ਨੇ ਆਪਣੇ ਭਤੀਜੇ ਹਰਨਾਮ ਸਿੰਘ ਨੂੰ ਕਿਹਾ (ਹਰਨਾਮ ਸਿੰਘ ਉਸ ਸਮੇਂ ਡਿਪਟੀ ਕਮਿਸ਼ਨਰ ਸੀ) ਕਿ ਇੱਕ ਜੋੜੀ ਸੋਨੇ ਦੀਆਂ ਚੂੜੀਆਂ ਮਿਸਟਰ ਯੰਗ ਦੀ ਭੇਟ ਕਰੋ ਤੇ ਬੰਦੋਬਸਤ ਕਾਗਜ਼ਾਂ ਵਿਚ ਪਿੰਡ ਕਿਸ਼ਨਗੜ੍ਹ ਦੀ ਭੂਮੀ ਉਸ ਦੇ ਨਾਂ (ਧਿਆਨ ਸਿੰਘ ਦੇ ਨਾਂ) ਦਰਜ ਕਰਵਾਏ। ਸੋ ਪੈਸੇ ਅਤੇ ਪਹੁੰਚ ਦੇ ਜ਼ੋਰ ਪਿੰਡ ਕਿਸ਼ਨਗੜ੍ਹ ਦੀ ਭੂਮੀ ਧਿਆਨ ਸਿੰਘ ਦੇ ਨਾਂ ਲਿਖੀ ਗਈ। ਪਤਾ ਲੱਗਦੇ ਹੀ ਹਲਵਾਹਕ ਕਿਸਾਨ ਘਬਰਾਏ। ਉਹ ਇਕੱਠੇ ਹੋਏ ਤੇ ਡੈਪੂਟੇਸ਼ਨ ਦੇ ਰੂਪ ਵਿਚ ਮਿਸਟਰ ਪੋਪਹਿਮ ਯੰਗ ਨੂੰ ਮਿਲੇ ਤੇ ਆਪਣੇ ਹੱਕ ਵਿਚ ਕਾਗਜ਼ ਪੱਤਰ ਪੇਸ਼ ਕਰਦੇ ਹੋਏ ਭੂਮੀ ਉੱਪਰ ਮਾਲਕੀ ਹੱਕਾਂ ਦੀ ਮੰਗ ਕੀਤੀ। ਮਿਸਟਰ ਯੰਗ ਨੇ ਵਿਚਕਾਰਲਾ ਰਾਹ ਕੱਢਿਆ। ਇੱਕ ਪਾਸੇ ਆਪੇ ਬਣੇ ਜਾਗੀਰਦਾਰ ਨੂੰ ਮਾਲਕੀ ਹੱਕ ਦਿੱਤੇ ਤੇ ਦੂਜੇ ਪਾਸੇ ਹਲਵਾਹਕ ਕਿਸਾਨਾਂ ਨੂੰ ਮੌਰੂਸੀ ਕਾਨੂੰਨ ਦੀ ਧਾਰਾ 5 ਹੇਠ ਉਹਨਾਂ ਦੀ ਹਲ ਹੇਠ ਜ਼ਮੀਨ ਉੱਪਰ ਮੌਰੂਸੀ ਹੱਕ ਦੇ ਦਿੱਤੇ ਤਾਂ ਜੋ ਜਾਗੀਰਦਾਰ ਉਹਨਾਂ ਨੂੰ ਬੇਦਖਲ ਨਾ ਕਰ ਸਕੇ। ਪੁਰਾਣੇ ਰਿਕਾਰਡ ਵਿਚ ਅਨੇਕਾਂ ਰਿਪੋਰਟਾਂ ਮੌਜੂਦ ਹਨ ਜੋ ਦੱਸਦੀਆਂ ਹਨ ਕਿ ਰਿਆਸਤ ਪਟਿਆਲਾ ਵਿਚ ਜਾਗੀਰਦਾਰੀ ਦੀ ਸਥਾਪਤੀ ਲਈ ਪਿੰਡ-ਪਿੰਡ ਕਿਸ਼ਨਗੜ੍ਹ ਵਰਗੀਆਂ ਘਟਨਾਵਾਂ ਵਾਪਰੀਆਂ। ਵੈਂਕਟਾਚਾਰੀ ਕਮੇਟੀ ਰਿਪੋਰਟ-1952 ਵਿਚ ਲਿਖਿਆ ਹੈ, "ਇਹ ਸਮਝਣਾ, ਮੰਨਣਾ ਜਾਇਜ਼ ਹੈ ਕਿ ਏਥੇ ਅਣਗਿਣਤ ਮਿਸਾਲਾਂ ਹਨ ਜਿੱਥੇ ਅਸਲੀ ਮਾਲਕ 'ਮੌਰੂਸੀ ਮੁਜ਼ਾਰੇ' ਦਰਜ ਕੀਤੇ ਗਏ ਤੇ ਕਈ ਇੱਕ ਕੱਚੇ ਮੁਜ਼ਾਰੇ ਲਿਖੇ ਗਏ, ਭਾਵੇਂ ਉਹ ਦਹਾਕੇ ਸਾਲਾਂ ਤੋਂ ਜ਼ਮੀਨ ਵਾਹੁੰਦੇ ਬੀਜਦੇ ਚਲੇ ਆ ਰਹੇ ਸਨ।"

ਰਿਆਸਤ ਪਟਿਆਲਾ ਦਾ ਬੰਦੋਬਸਤ ਅਫਸਰ ਮਿਸਟਰ ਪੌਪਹਿਮ ਯੰਗ ਲਿਖਦਾ ਹੈ, "ਇਸ ਬਾਰੇ ਕੋਈ ਸਾਫ ਠੋਸ ਸੂਝ-ਬੂਝ ਨਹੀਂ ਕਿ ਇਹ ਹੱਕ (ਮੌਰੂਸੀ ਹੱਕ) ਕਿਵੇਂ ਪ੍ਰਾਪਤ ਕੀਤੇ ਗਏ ਤੇ ਇਹਨਾਂ ਦਾ ਅਮਲੀ ਅਰਥ ਭਾਵ ਕੀ ਹੈ?"

"ਇੱਕ ਪਾਸੇ ਕਈ ਸਾਲਾਂ ਤੋਂ ਜ਼ਮੀਨ ਵਾਹੁੰਦੇ ਬੀਜਦੇ ਚਲੇ ਆ ਰਹੇ ਵਾਹੀਕਾਰ ਕਿਸਾਨ ਆਪਣੀ ਹਲ ਹੇਠ ਜ਼ਮੀਨ ਉਪਰ ਮਾਲਕੀ ਹੱਕਾਂ ਦੇ ਦਾਅਵੇਦਾਰ ਹਨ ਤੇ ਦੂਜੇ ਪਾਸੇ ਇੱਕ ਇਕੱਲਾ ਆਦਮੀ ਪਿੰਡ ਦੀ ਨੀਂਹ ਰੱਖਣ ਵਾਲੇ ਦਾ ਵਾਰਸ ਜਾਂ ਮਾਫੀਦਾਰ ਵਜੋਂ ਪਿੰਡ ਦੀ ਸਾਰੀ ਜ਼ਮੀਨ ਦਾ ਮਾਲਕ ਬਣਿਆ ਫਿਰਦਾ ਸੀ। ਜ਼ਮੀਨੀ ਮਾਲਕੀ ਸਬੰਧੀ ਅਜਿਹੇ ਝਗੜੇ ਅਨੇਕਾਂ ਪਿੰਡਾਂ ਵਿਚ ਉੱਠੇ, ਚੱਲੇ ਤੇ ਕਚਹਿਰੀਆਂ ਤੱਕ ਪੁੱਜੇ। ਸਰਕਾਰੀ ਕਚਹਿਰੀਆਂ ਵੱਲੋਂ ਹਲਵਾਹਕਾਂ ਨੂੰ 'ਮੌਰੂਸੀ ਮੁਜ਼ਾਰਿਆਂ' ਦਾ ਦਰਜਾ ਦਿੱਤਾ ਗਿਆ ਤਾਂ ਜੋ ਉਹ ਬੇਦਖਲ ਨਾ ਕੀਤੇ ਜਾਣ। ਮਾਲਕੀ ਹੱਕਾਂ ਦੀ ਪ੍ਰਾਪਤੀ ਵਿਚ ਅਸਫਲ ਰਹਿਣ ਵਾਲੇ ਹਲਵਾਹਕਾਂ ਲਈ ਮੌਰੂਸੀ ਹੱਕ, ਅਸਲ ਵਿਚ ਮੁਆਵਜ਼ੇ ਦਾ ਰੂਪ ਸਨ। ਮੈਂ ਭਾਵੇਂ ਝਿਜਕਦਾ ਹੀ ਇਹ ਵੀ ਕਹਾਂਗਾ ਕਿ ਮੌਰੂਸੀ ਹੱਕ ਅਫਸਰਾਂ ਦੀ ਜ਼ਮੀਰ ਲਈ ਠੁੰਮ੍ਹਣਾ ਸਨ ਜੋ ਭਲੀ ਪ੍ਰਕਾਰ ਜਾਣਦੇ ਬੁਝਦੇ ਸਨ ਕਿ ਮਾਲਕੀ ਹੱਕਾਂ ਦੇ ਝਗੜੇ ਵਿਚ ਉਹ ਆਪਣੀ ਜਮਾਤ ਦਾ ਪੱਖ ਪੂਰ ਕੇ ਆਪਣੇ ਜਮਾਤੀ ਲਾਭਾਂ ਦੀ ਰੱਖਿਆ ਕਰ ਰਹੇ ਹਨ।"

ਬੰਦੋਬਸਤ ਅਫਸਰ ਪੋਪਹਿਮ ਯੰਗ ਤੋਂ ਲੈ ਕੇ ਮਿਸਟਰ ਕਾਟਜੂ ਵਜ਼ੀਰ ਅਮਨ ਕਾਨੂੰਨ ਜਿਸ ਨੇ 1952 ਵਿਚ ਰਿਆਸਤ ਪਟਿਆਲਾ ਦੇ ਮੁਜ਼ਾਰਾ ਪਿੰਡਾਂ ਦਾ ਦੌਰਾ ਕੀਤਾ ਸੀ ਤੇ ਵੈਂਕਟਾਚਾਰੀ ਕਮੇਟੀ ਸਮੇਤ ਇਸ ਹਕੀਕਤ ਤੋਂ ਕੋਈ ਇਨਕਾਰੀ ਨਹੀਂ ਕਿ ਰਿਆਸਤ ਪਟਿਆਲਾ ਵਿਚ ਜਾਗੀਰਦਾਰੀ ਪ੍ਰਬੰਧ ਬੜੇ ਧੱਕੇ ਧੋੜੇ ਨਾਲ ਲੋਕਾਂ ਉੱਪਰ ਠੋਸਿਆ ਗਿਆ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਬਹੁਤ ਸਾਰੇ ਹਲਵਾਹਕ ਕੱਚੇ ਮੁਜ਼ਾਰੇ ਬਣਾ ਦਿੱਤੇ ਗਏ ਸਨ।

ਉਪਰੋਕਤ ਅਮਲ ਦੇ ਸਿੱਟੇ ਵਜੋਂ 78 ਪਿੰਡ ਤਾਂ ਮੌਰੂਸੀ ਮੁਜ਼ਾਰਾ ਪਿੰਡ ਬਣ ਗਏ ਤੇ ਹਜ਼ਾਰਾਂ ਹਲਵਾਹਕ ਕੱਚੇ ਮੁਜ਼ਾਰਿਆਂ ਵਜੋਂ ਥਾਂ-ਥਾਂ ਪਿੰਡਾਂ ਵਿਚ ਖਿਲਰੇ ਪਏ ਸਨ।

ਹੋਰ ਬੜੇ ਦੁੱਖ ਦੀ ਗੱਲ ਹੈ ਕਿ ਜਾਗੀਰਦਾਰ-ਬਿਸਵੇਦਾਰ, ਜ਼ਮੀਨੀ ਪੈਦਾਵਾਰ ਵਿਚੋਂ ਕਾਨੂੰਨ ਅਨੁਸਾਰ ਨਿਸ਼ਚਿਤ ਕੀਤੇ ਹਿੱਸੇ ਉੱਪਰ ਸੰਤੁਸ਼ਟ ਨਹੀਂ ਸਨ। ਉਹ ਕਈ ਪ੍ਰਕਾਰ ਦੇ ਰਸਮ ਰਿਵਾਜ ਚਾਲੂ ਕਰਕੇ, ਇਹਨਾਂ ਰਸਮਾਂ-ਰਿਵਾਜਾਂ ਦੇ ਨਾਂ ਉਪਰ ਮੁਜ਼ਾਰਿਆਂ ਪਾਸੋਂ ਫਸਲ ਖੋਂਹਦੇ ਲੁੱਟਦੇ ਸਨ। ਮਿਸਾਲ ਵਜੋਂ ਜਾਗੀਰਦਾਰ ਦੇ ਲਾਗੀਆਂ ਦੇ ਲਾਗ ਉਹ ਜ਼ਮੀਨੀ ਪੈਦਾਵਾਰ ਦੀ ਸਮੁੱਚੀ ਢੇਰੀ ਵਿਚੋਂ ਕੱਢਦੇ। ਫਿਰ ਜਨਮ-ਮਰਨ, ਵਿਆਹ-ਸ਼ਾਦੀ ਸਮੇਂ ਤੋਹਫੇ ਤੇ ਬੇਗਾਰ, ਬਿਸਵੇਦਾਰ ਦੇ ਘਰ ਬਾਹਰ ਦਾ ਕੰਮ-ਕਾਜ, ਘਰ ਚੌਂਕਾ ਚੁੱਲ੍ਹਾ ਤੇ ਬਾਹਰ ਪਸ਼ੂਆਂ ਡੰਗਰਾਂ ਦੀ ਦੇਖਭਾਲ, ਇਸਤਰੀਆਂ ਬਿਸਵੇਦਾਰ ਦੇ ਘਰ ਦਾ ਸਾਰਾ ਕੰਮ, ਰੋਟੀ ਭਾਜੀ ਪਕਾਉਣ ਤੇ ਭਾਂਡੇ ਮਾਂਜਣ ਦਾ ਕੰਮ ਕਰਦੀਆਂ, ਆਦਮੀ ਬਾਹਰ ਗਾਂ-ਮੱਝਾਂ ਚਾਰਦੇ ਸੰਭਾਲਦੇ। ਸੋ ਮੁਜ਼ਾਰਿਆਂ ਦੀ ਮਿਹਨਤ ਦੀ ਲੁੱਟ ਖੋਹ ਦਾ ਕੋਈ ਹੱਦ ਬੰਨਾ ਨਹੀਂ ਸੀ।

ਕਾਨੂੰਨੀ ਤੌਰ ਉੱਪਰ ਬਟਾਈ ਭਾਵੇਂ ਜ਼ਮੀਨੀ ਪੈਦਾਵਾਰ ਦਾ ਅੱਧ ਸੀ ਪਰ ਅਮਲ ਵਿਚ ਮੁਜ਼ਾਰਿਆਂ ਪੱਲੇ ਮੁਸ਼ਕਿਲ ਨਾਲ ਮਣ ਵਿਚੋਂ ਦਸ ਸੇਰ, ਭਾਵ ਚੌਥਾ ਹਿੱਸਾ ਹੀ ਰਹਿੰਦਾ ਸੀ।

ਦੇਸੀ ਰਿਆਸਤਾਂ ਦੇ ਹੋਂਦ ਵਿਚ ਆਉਣ ਕਾਰਨ ਕੌਮੀਅਤਾਂ ਵੀ ਵੰਡੀਆ ਗਈਆਂ ਤੇ ਉਹਨਾਂ ਦੀ ਬੋਲੀ, ਭਾਸ਼ਾ, ਲਿਪੀ ਵੀ ਦਬੀਆਂ ਰਹੀਆਂ। ਪਟਿਆਲਾ ਰਿਆਸਤ ਵਿਚ ਪਟਿਆਲਾ-ਬਰਨਾਲਾ ਪੰਜਾਬੀ ਬੋਲਦੇ ਇਲਾਕਿਆਂ ਦੇ ਨਾਲ ਨਰਵਾਣਾ, ਬਾਬਲ ਹਿੰਦੀ ਬੋਲਦੇ ਤੇ ਚਹਿਲ ਆਦਿ ਡੋਗਰੀ ਬੋਲਦੇ ਇਲਾਕੇ ਵੀ ਸਨ: ਇਸੇ ਤਰ੍ਹਾਂ ਪੰਜਾਬੀ ਬੋਲਦਾ ਇਲਾਕਾ ਸੰਗਰੂਰ ਤੇ ਹਿੰਦੀ ਬੋਲਦਾ ਜੀਂਦ ਦੋਵੇਂ ਰਿਆਸਤ ਜੀਂਦ ਵਿਚ ਸਨ। ਕਲਸੀਆ ਰਿਆਸਤ ਪੰਜਾਬੀ ਬੋਲਦੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਅਤੇ ਹਿੰਦੀ ਬੋਲਦੇ, ਜ਼ਿਲ੍ਹਾ ਅੰਬਾਲਾ ਵਿਚ ਖਿਲਰੀ ਪਈ ਸੀ। ਵਿੱਦਿਆ ਤੇ ਸੱਭਿਆਚਾਰ ਤੇ ਸਾਹਿਤ ਦੇ ਪੱਖੋਂ ਰਿਆਸਤੀ ਇਲਾਕੇ ਚੋਖੇ ਪਛੜੇ ਹੋਏ ਸਨ। ਰਿਆਸਤ ਕਪੂਰਥਲਾ ਵਿਚ ਕੁੱਲ 85 ਸਕੂਲ ਸਨ ਜਿਹਨਾਂ ਵਿਚ 82 ਪ੍ਰਾਇਮਰੀ ਸਕੂਲ, ਭਾਵ ਚੌਥੀ ਜਮਾਤ ਤੱਕ ਸਨ। 5 ਫੀਸਦੀ ਵਸੋਂ ਪੜ੍ਹੀ-ਲਿਖੀ ਸੀ। ਰਿਆਸਤ ਨਾਭਾ ਵਿਚ 29 ਸਕੂਲ ਸਨ ਜਿਹਨਾਂ ਵਿਚ ਕੇਵਲ ਇੱਕ ਹਾਈ ਸਕੂਲ ਸੀ। 2.7 ਫੀਸਦੀ ਵਸੋਂ ਹੀ ਪੜ੍ਹੀ-ਲਿਖੀ ਸੀ। ਇਸ ਪ੍ਰਕਾਰ ਰਿਆਸਤ ਫਰੀਦਕੋਟ ਵਿਚ ਕੇਵਲ ਇੱਕ ਹਾਈ ਸਕੂਲ ਸੀ। ਰਿਆਸਤ ਪਟਿਆਲਾ ਵਿਚ 245 ਪ੍ਰਾਇਮਰੀ, 18 ਮਿਡਲ ਤੇ 13 ਹਾਈ ਸਕੂਲ ਸਨ। ਮੌਰੂਸੀ ਮੁਜ਼ਾਰਿਆਂ ਦੇ 784 ਪਿੰਡਾਂ ਵਿਚੋਂ ਕੇਵਲ ਭਦੌੜ, ਭਵਾਨੀਗੜ੍ਹ, ਡਸਕਾ ਤੇ ਤਲਵੰਡੀ ਸਾਬ ਚਾਰ ਪਿੰਡਾਂ ਵਿਚ ਪ੍ਰਾਇਮਰੀ ਸਕੂਲ ਸਨ। ਇਹ ਵੱਡੇ ਪਿੰਡ ਸਨ, ਇੱਕ-ਇੱਕ ਪਿੰਡ ਕਈ-ਕਈ ਬਿਸਵੇਦਾਰ ਘਰਾਣੇ ਸਨ। ਇਹ ਸਕੂਲ ਅਸਲ ਵਿਚ ਉਹਨਾਂ ਦੇ ਬੱਚਿਆਂ ਲਈ ਸਨ।

ਮੁਜ਼ਾਰਿਆਂ ਦੇ ਬੱਚਿਆਂ ਦੀ ਵਿੱਦਿਆ ਵਿਰੁੱਧ ਬਿਸਵੇਦਾਰ ਇਤਨੇ ਚੌਕਸ ਸਨ ਕਿ ਜੇ ਕੋਈ ਰਮਤਾ ਸਾਧੂ ਸੰਨਿਆਸੀ ਪਿੰਡ ਵਿਚ ਆ ਠਹਿਰਦਾ ਤੇ ਮੁਜ਼ਾਰੇ ਆਪਣੇ ਬੱਚੇ ਵਿੱਦਿਆ ਲਈ ਉਸ ਪਾਸ ਭੇਜਦੇ ਤਾਂ ਬਿਸਵੇਦਾਰ ਸੰਨਿਆਸੀ ਨੂੰ ਡਰਾ ਧਮਕਾ ਕੇ ਪਿੰਡ ਵਿਚੋਂ ਕੱਢ ਦਿੰਦੇ ਸਗੋਂ ਕਈ ਵਾਰ ਇਸ ਵਿਚ ਪੁਲਿਸ ਸਹਾਇਤਾ ਵੀ ਲੈਂਦੇ। ਜਨਤਾ ਨੂੰ ਪਛੜੇ ਰੱਖਣ ਦੇ ਯਤਨ ਇਥੋਂ ਤੱਕ ਸਨ ਕਿ ਰਿਆਸਤ ਪਟਿਆਲਾ ਦੇ ਪਿੰਡਾਂ, ਖਾਸਕਰ ਮੁਜ਼ਾਰਿਆਂ ਦੇ ਪਿੰਡਾਂ ਵਿਚ ਗੁਰਦੁਆਰੇ ਉਸਾਰਨ ਦੀ ਆਗਿਆ ਨਹੀਂ ਸੀ। ਪ੍ਰਬੰਧਕ ਢਾਂਚੇ ਦੇ ਉੱਚ ਅਧਿਕਾਰੀ ਸਮਝਦੇ ਸਨ ਕਿ ਗੁਰਦੁਆਰੇ ਪੇਂਡੂ ਵਸੋਂ ਦੇ ਇਕੱਠ ਦਾ ਕੇਂਦਰ ਬਣ ਜਾਣਗੇ। ਮੁਜ਼ਾਰੇ ਇਕੱਠੇ ਹੋ ਕੇ ਆਪਣੇ ਦੁੱਖ ਦਰਦ, ਅਹਿਸਾਸ, ਜਜ਼ਬਾਤ, ਕੁਰਹਿਤ, ਕ੍ਰੋਧ ਦਾ ਪ੍ਰਗਟਾਵਾ ਤੇ ਵਿਚਾਰ ਵਟਾਂਦਰਾ ਕਰਨਗੇ ਅਤੇ ਸੰਭਵ ਹੈ ਕਿ ਉਹ ਇਕੱਠੇ ਹੋ ਕੇ ਆਪਣੀ ਲੁੱਟ-ਖਸੁੱਟ, ਮਾਰਕੁੱਟ ਵਿਰੁੱਧ ਉਠ ਖੜ੍ਹਨ ਤੇ ਜਥੇਬੰਦ ਹੋ ਕੇ ਲੜਨ ਲਈ ਤਿਆਰ ਹੋ ਜਾਣ। ਰਾਜਾਸ਼ਾਹੀ ਪੰਜਾ ਇਤਨਾ ਮਜ਼ਬੂਤ ਸੀ, ਅੱਗੇ ਵਧੂ ਸਾਹਿਤ ਉੱਪਰ ਇੰਨੀਆਂ ਸਖਤ ਪਾਬੰਦੀਆਂ ਸਨ ਕਿ ਰਾਜਾ ਰਾਮ ਮੋਹਨ ਰਾਏ ਤੇ ਸਰ ਸਈਯਦ ਅਹਿਮਦ ਦੀ ਸੁਧਾਰਵਾਦੀ ਲਹਿਰ ਅਤੇ ਸਿੰਘ ਸਭਾ ਪ੍ਰਚਾਰ ਆਦਿ ਰਿਆਸਤਾਂ ਦੇ ਹੱਦ ਬੰਨੇ ਟੱਪ ਕੇ ਰਿਆਸਤੀ ਵਸੋਂ ਤੱਕ ਨਾ ਪਹੁੰਚ ਸਕੇ।

ਭਾਰਤੀ ਕੌਮੀ ਕਾਂਗਰਸ 1885 ਵਿਚ ਬਣੀ। ਇਸ ਨੇ ਵੀ ਰਿਆਸਤੀ ਜਨਤਾ ਦੀਆਂ ਦੁੱਖ-ਤਕਲੀਫਾਂ, ਮੰਗਾਂ-ਉਮੰਗਾਂ ਵੱਲ ਕੋਈ ਧਿਆਨ ਨਾ ਦਿੱਤਾ। ਇਹਨਾਂ ਹਾਲਤਾਂ ਵਿਚ ਵੀ ਕਿਸਾਨਾਂ ਮੁਜ਼ਾਰਿਆਂ ਕਿਰਤੀਆਂ ਨੇ ਆਪਣੀਆਂ ਆਰ ਪਾਰ ਤੱਕ ਲੜਾਈਆਂ ਲੜੀਆਂ ਤੇ ਆਪਣੀਆਂ ਮੰਗਾਂ ਦੀ ਅੰਤਲੀ ਪ੍ਰਾਪਤੀ ਤੱਕ ਇਹ ਲੜਾਈਆਂ ਚਾਲੂ ਰੱਖੀਆਂ।

*ਵੀਹ ਅਪਰੈਲ ਨੂੰ ਕੇਂਦਰੀ ਸੱਤਾ ਜਿਸ ਦੀ ਅਗਵਾਈ ਭਾਰਤੀ ਜਨਤਾ ਪਾਰਟੀ ਕਰ ਰਹੀ ਹੈ, ਅਧੀਨ ਆਉਂਦੀ ਉਤਰੀ ਦਿੱਲੀ ਮਿਉਂਸਪਲ ਕਾਰਪੋਰੇਸ਼ਨ ਨੇ ਜਹਾਂਗੀਰਪੁਰੀ ਵਿਚ 'ਅਣਅਧਿਕਾਰਤ' ਢਾਂਚੇ ਢਾਹੁਣ ਦੀ ਮੁਹਿੰਮ ਸ਼ੁਰੂ ਕੀਤੀ। ਇਨ੍ਹਾਂ ਵਿਚੋਂ ਜ਼ਿਆਦਾਤਰ ਢਾਂਚੇ ਘੱਟਗਿਣਤੀ ਭਾਈਚਾਰੇ ਦੇ ਸਨ। ਢਾਹੁਣ ਦੀ ਇਹ ਮੁਹਿੰਮ ਜਹਾਂਗੀਰਪੁਰੀ ਵਿਚ ਫਿਰਕੂ ਤਣਾਅ ਤੇ ਫਿਰਕਿਆਂ ਦਰਮਿਆਨ ਹੋਈ ਪੱਥਰਬਾਜ਼ੀ ਤੋਂ ਪੂਰੇ ਚਾਰ ਦਿਨ ਬਾਅਦ ਸ਼ੁਰੂ ਹੋਈ। ਇਹ ਉਦੋਂ ਵਾਪਰਿਆ ਜਦੋਂ ਹਨੂੰਮਾਨ ਜੈਅੰਤੀ ਮੌਕੇ ਕੱਢਿਆ ਧਾਰਮਿਕ ਜਲੂਸ ਜਹਾਂਗੀਰਪੁਰੀ ਦੀ ਮਸਜਿਦ ਦੇ ਸਾਹਮਣਿਓਂ ਭੜਕਾਊ ਨਾਅਰੇ ਲਗਾਉਂਦਾ ਲੰਘਿਆ...*

# ਬੁਲਡੋਜ਼ਰ ਜਮਹੂਰੀਅਤ ਅਤੇ ਅਣਸੁਣੀਆਂ ਚੀਕਾਂ

ਵੱਡੇ ਵੱਡੇ ਬਦਲਾਉ ਵੀ
ਕਿੰਨੀ ਆਸਾਨੀ ਨਾਲ ਕੀਤੇ ਜਾਂਦੇ ਹਨ,
ਹੱਥੀਂ ਕੰਮ ਕਰਦੇ ਮਜ਼ਦੂਰਾਂ ਨੂੰ
ਸਿਆਸੀ ਪਿਆਦਿਆਂ ਵਿਚ
ਬਦਲ ਦੇਣਾ ਵੀ।
ਕਿੰਨਾ ਸੌਖਾ ਸੀ, ਹੈ ਨਾ?
ਕਰੇਨਾਂ ਚੁੱਕਦੀਆਂ ਨੇ ਇਸ ਬਦਲਾਓ ਨੂੰ
ਤੇ ਸੂਲੀ ਤੱਕ ਪਹੁੰਚਾਉਂਦੀਆਂ ਨੇ।
–ਸਬੀਰ ਹਕਾ

ਗੁੱਸੇ ਵਿਚ ਆਈ ਦਿੱਲੀ ਦੀ ਜਹਾਂਗੀਰਪੁਰੀ ਆਬਾਦੀ ਦੀ ਵਸਨੀਕ ਮੁਨੀਜ਼ਾ ਬੀਬੀ ਕਹਿੰਦੀ ਹੈ: "ਸਾਡੇ (ਕੂੜਾ ਇਕੱਠਾ ਕਰਨ ਵਾਲਿਆਂ) ਤੋਂ ਬਿਨਾਂ ਤੁਹਾਡੀ ਦਿੱਲੀ ਦੀ ਸਫਾਈ ਬਰਕਰਾਰ ਨਾ ਰਹਿ ਸਕਦੀ। ਤੁਹਾਨੂੰ ਕੂੜੇ ਦੇ ਢੇਰਾਂ ਵਿਚ ਰਹਿਣਾ ਪੈਂਦਾ। ਅਸੀਂ ਤੁਹਾਡੀ ਦਿੱਲੀ ਨੂੰ ਸਾਫ ਰੱਖਦੇ ਹਾਂ ਅਤੇ ਸਾਨੂੰ ਇਸ ਗੱਲ ਦੀ ਵੀ ਸਜ਼ਾ ਮਿਲਦੀ ਹੈ।"

ਮੁਨੀਜ਼ਾ ਬੀਬੀ ਆਪਣੇ ਖਾਵੰਦ ਨਾਲ ਰਲ ਕੇ ਕਬਾੜ ਛਾਂਟਦੀ ਹੈ ਜੋ ਉਨ੍ਹਾਂ ਆਪਣੇ ਰੇਹੜੇ 'ਤੇ ਰਿਹਾਇਸ਼ੀ ਕਲੋਨੀਆਂ ਤੋਂ ਇਕੱਠਾ ਕਰ ਕੇ ਲਿਆਂਦਾ ਹੈ। ਉਹ ਕਾਗਜ਼, ਪਲਾਸਟਿਕ, ਕੱਚ ਨੂੰ ਵੱਖ ਕਰਦੀ ਹੈ ਜਿਸ ਨੂੰ ਉਹ ਕਬਾੜ ਦੇ ਵਪਾਰੀਆਂ ਨੂੰ ਵੇਚਦਾ ਹੈ। ਬੁਲਡੋਜ਼ਰ ਕਾਰਵਾਈ ਨੇ ਉਸ ਦਾ ਰੇਹੜਾ ਤਬਾਹ ਕਰ ਦਿੱਤਾ। ਉਨ੍ਹਾਂ ਕੋਲ ਕੰਮ ਜਾਰੀ ਰੱਖਣ ਦਾ ਸਾਧਨ ਨਹੀਂ ਰਿਹਾ। ਆਪਣੀ ਮਿਹਨਤ ਨਾਲ ਉਹ ਦੋਵੇਂ ਰਲ ਕੇ 12 ਤੋਂ 15 ਹਜ਼ਾਰ ਰੁਪਏ ਮਹੀਨਾ ਕਮਾ ਲੈਂਦੇ ਸਨ।



**ਨਵਸ਼ਰਨ ਕੌਰ**
**ਈਮੇਲ:** navsharan@gmail.com

ਇਸੇ ਆਬਾਦੀ ਦੀ ਆਸੀਆ ਬੀਬੀ ਰੋਣਹਾਕੀ ਹਈ ਪਈ ਸੀ: "ਮਹਾਮਾਰੀ (ਕਰੋਨਾ ਵਾਇਰਸ) ਕਾਰਨ ਦੋ ਸਾਲਾਂ ਤੋਂ ਕੋਈ ਕੰਮ ਨਹੀਂ ਸੀ ਅਤੇ ਹੁਣ ਸਾਡੇ ਨਾਲ ਆਹ ਹੋ ਗਿਆ ਹੈ।" ਆਸੀਆ ਵਿਧਵਾ ਹੈ ਅਤੇ ਕਿਸੇ ਕਬਾੜ ਡੀਲਰ ਦੀ ਦੁਕਾਨ 'ਤੇ ਕੂੜਾ ਕਰਕਟ ਛਾਂਟ ਕੇ 250 ਰੁਪਏ ਰੋਜ਼ਾਨਾ ਕਮਾਉਂਦੀ ਹੈ। ਉਹ ਡੂੰਘੀ ਉਦਾਸੀ ਵਿਚ ਘਿਰੀ ਹੋਈ ਹੈ: "ਕਬਾੜ ਦੇ ਡੀਲਰ ਦੀ ਦੁਕਾਨ ਹੀ ਨਾ ਰਹੀ ਤਾਂ ਮੈਂ ਕਿੱਥੇ ਜਾਵਾਂਗੀ ਤੇ ਕਿਵੇਂ ਆਪਣੀਆਂ ਤਿੰਨ ਧੀਆਂ ਦਾ ਢਿੱਡ ਭਰਾਂਗੀ?" ਉਸ ਦਾ ਸਵਾਲ ਸੀਨੇ ਵਿਚ ਉਤਰਦੀ ਚੀਕ ਵਰਗਾ ਹੈ।

ਜ਼ੁਲੇਖਾ ਆਪ ਬੀਤੀ ਸੁਣਾ ਰਹੀ ਹੈ: "ਮੇਰਾ ਘਰਵਾਲਾ ਰੇਹੜੇ 'ਤੇ ਡੀਲਰਾਂ ਕੋਲੋਂ ਮੱਛੀ ਭਰ ਕੇ ਲਿਆਉਂਦਾ ਹੈ। ਅਸੀਂ ਦੋਵੇਂ ਮੱਛੀ ਧੋ ਕੇ ਸਾਫ ਕਰਦੇ ਹਾਂ ਅਤੇ ਉਹ ਇਸ ਨੂੰ ਡੀਲਰ ਕੋਲ ਵਾਪਸ ਲੈ ਜਾਂਦਾ ਹੈ। ਅਸੀਂ ਆਪਣੇ ਬੱਚਿਆਂ ਦਾ ਢਿੱਡ ਭਰਨ ਲਈ 400-500 ਰੁਪਏ ਰੋਜ਼ਾਨਾ ਕਮਾ ਲੈਂਦੇ ਹਾਂ। ਉਨ੍ਹਾਂ ਨੇ ਸਾਡੀ ਗੱਡੀ ਅਤੇ ਦੋ ਡਰੰਮਾਂ 'ਤੇ ਬੁਲਡੋਜ਼ਰ ਚਲਾ ਦਿੱਤਾ ਜੋ ਅਸੀਂ ਮੱਛੀਆਂ ਧੋਣ ਲਈ ਵਰਤਦੇ ਸਾਂ। ਕੁਝ ਵੀ ਨਹੀਂ ਬਚਿਆ। ਸਾਡੇ ਕੋਲ ਨਵੀਂ ਗੱਡੀ ਅਤੇ ਡਰੰਮ ਖਰੀਦਣ ਲਈ ਕੋਈ ਬੱਚਤ ਨਹੀਂ ਹੈ।"

ਔਰਤਾਂ ਗੁੱਸੇ ਵਿਚ ਸਨ। ਉਹ ਸਾਰੇ ਸਿਸਟਮ ਤੋਂ ਨਾਰਾਜ਼ ਸਨ। ਉਨ੍ਹਾਂ ਨੂੰ ਯਕੀਨ ਹੈ ਕਿ ਉਨ੍ਹਾਂ ਦੀ ਮਦਦ ਲਈ ਕੁਝ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦੀਆਂ ਚੀਕਾਂ ਬਹੁਤ ਉਚੀਆਂ ਹਨ ਪਰ ਡਾਢਿਆਂ ਨੂੰ ਸੁਣਦੀਆਂ ਨਹੀਂ: "ਅਦਾਲਤ ਦੇ ਹੁਕਮਾਂ ਦੇ ਬਾਵਜੂਦ ਕੁਝ ਨਹੀਂ ਰੁਕਿਆ, ਸਾਡੇ ਘਰ ਅਤੇ ਦੁਕਾਨਾਂ ਢਾਹ ਦਿੱਤੀਆਂ ਗਈਆਂ।"

ਇਨ੍ਹਾਂ ਵਿਚੋਂ ਬਹੁਤੇ ਲੋਕ ਆਪਣੇ ਖੋਖਿਆਂ 'ਚੋਂ ਸਾਮਾਨ ਨੂੰ ਤਬਾਹ ਹੋਣ ਤੋਂ ਬਚਾਉਣ ਲਈ ਬਾਹਰ ਨਹੀਂ ਪਹੁੰਚ ਸਕੇ। ਪੁਲਿਸ ਤੇ ਰੈਪਿਡ ਐਕਸ਼ਨ ਫੋਰਸ ਨੇ ਸੜਕ ਵੱਲ ਜਾਣ ਵਾਲੀਆਂ ਤੰਗ ਗਲੀਆਂ ਦੇ ਬਾਹਰ ਬੈਰੀਕੇਡ ਲਾ ਦਿੱਤੇ ਸਨ। ਬੈਰੀਕੇਡਾਂ ਦੇ ਦੂਸਰੇ ਬੰਨੇ, ਉਹ ਬੇਵੱਸ ਹੋ ਕੇ ਆਪਣੇ ਕੋਠੇ, ਰੇਹੜੇ, ਖੋਖੇ, ਰਿਕਸ਼ੇ ਅਤੇ ਕਬਾੜ ਦੀਆਂ ਬੋਰੀਆਂ ਨੂੰ ਢਹਿ ਹੁੰਦੇ ਦੇਖਦੇ ਰਹੇ।



*ਦਿੱਲੀ ਵਿਚ ਜਹਾਂਗੀਰਪੁਰੀ ਵਿਚ ਚਲਾਏ ਜਾ ਰਹੇ ਬੁਲਡੋਜ਼ਰ।*

ਵੀਹ ਅਪਰੈਲ ਨੂੰ ਕੇਂਦਰੀ ਸੱਤਾ ਜਿਸ ਦੀ ਅਗਵਾਈ ਭਾਰਤੀ ਜਨਤਾ ਪਾਰਟੀ ਕਰ ਰਹੀ ਹੈ, ਅਧੀਨ ਆਉਂਦੀ ਉੱਤਰੀ ਦਿੱਲੀ ਮਿਉਂਸਪਲ ਕਾਰਪੋਰੇਸ਼ਨ ਨੇ ਜਹਾਂਗੀਰਪੁਰੀ ਵਿਚ 'ਅਣਅਧਿਕਾਰਤ' ਢਾਂਚੇ ਢਾਹੁਣ ਦੀ ਮੁਹਿੰਮ ਸ਼ੁਰੂ ਕੀਤੀ। ਇਨ੍ਹਾਂ ਵਿਚੋਂ ਜ਼ਿਆਦਾਤਰ ਢਾਂਚੇ ਘੱਟਗਿਣਤੀ ਭਾਈਚਾਰੇ ਦੇ ਸਨ। ਢਾਹੁਣ ਦੀ ਇਹ ਮੁਹਿੰਮ ਜਹਾਂਗੀਰਪੁਰੀ ਵਿਚ ਫਿਰਕੂ ਤਣਾਅ ਤੇ ਫਿਰਕਿਆਂ ਦਰਮਿਆਨ ਹੋਈ ਪੱਥਰਬਾਜ਼ੀ ਤੋਂ ਪੂਰੇ ਚਾਰ ਦਿਨ ਬਾਅਦ ਸ਼ੁਰੂ ਹੋਈ। ਇਹ ਉਦੋਂ ਵਾਪਰਿਆ ਜਦੋਂ ਹਨੂੰਮਾਨ ਜੈਅੰਤੀ ਮੌਕੇ ਕੱਢਿਆ ਧਾਰਮਿਕ ਜਲੂਸ ਜਹਾਂਗੀਰਪੂਰੀ ਦੀ ਮਸਜਿਦ ਦੇ ਸਾਹਮਣਿਓਂ ਭੜਕਾਊ ਨਾਅਰੇ ਲਗਾਉਂਦਾ ਲੰਘਿਆ।

ਉਜਾੜਨ ਦੀ ਇਹ ਮੁਹਿੰਮ ਠੀਕ ਉਸੇ ਨਮੂਨੇ 'ਤੇ ਹੋਈ ਜੋ ਹਾਲ ਹੀ ਵਿਚ ਭਾਰਤ ਦੇ ਹੋਰ ਹਿੱਸਿਆਂ ਵਿਚ ਦੇਖੀ ਗਈ। ਦੇਸ਼ ਭਰ ਵਿਚ ਤਕਰੀਬਨ ਦਸ ਥਾਵਾਂ 'ਤੇ ਝੜਪਾਂ ਤੇ ਪੱਥਰਬਾਜ਼ੀ ਦੀਆਂ ਘਟਨਾਵਾਂ ਤੋਂ ਬਾਅਦ, ਸ਼ਾਸਿਤ ਰਾਜਾਂ ਵਿਚ ਮੁਸਲਮਾਨਾਂ ਨੂੰ ਸਮੂਹਿਕ ਸਜ਼ਾ ਦੇਣ ਲਈ, ਘਟਨਾ ਵਾਲੀਆਂ ਥਾਵਾਂ 'ਤੇ ਘੱਟਗਿਣਤੀ ਫਿਰਕੇ ਦੇ ਲੋਕਾਂ ਦੇ ਘਰਾਂ ਤੇ ਕਾਰੋਬਾਰਾਂ ਨੂੰ 'ਅਣਅਧਿਕਾਰਤ' ਉਸਾਰੀ ਦੇ ਨਾਂ 'ਤੇ ਬੁਲਡੋਜ਼ਰਾਂ ਦੀ ਵਰਤੋਂ ਨਾਲ ਢਹਿ ਕੀਤਾ ਗਿਆ। ਇੱਥੇ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਦਿੱਲੀ ਭਰ ਵਿਚ 'ਅਣਅਧਿਕਾਰਤ' ਉਸਾਰੀਆਂ ਹੁੰਦੀਆਂ ਰਹਿੰਦੀਆਂ ਹਨ; ਇਹ ਆਮ ਵਰਤਾਰਾ ਹੈ: ਦਿੱਲੀ ਦੀਆਂ ਅਮੀਰ ਤੋਂ ਅਮੀਰ ਕਾਲੋਨੀਆਂ ਵਿਚ ਵੱਡੇ ਪੈਮਾਨੇ 'ਤੇ ਅਣਅਧਿਕਾਰਤ ਉਸਾਰੀਆਂ ਹਨ ਜਿਨ੍ਹਾਂ ਦੀ ਸਰਕਾਰ ਨੂੰ ਜਾਣਕਾਰੀ ਹੈ।

ਕਾਨੂੰਨ 'ਚ ਪੱਥਰਬਾਜ਼ੀ ਲਈ ਘਰਾਂ ਨੂੰ ਢਹਿ ਕਰਨ ਦੀ ਕੋਈ ਧਾਰਾ ਨਹੀਂ। ਇਕੋ-ਇਕ ਕਾਨੂੰਨ ਜੋ ਅਜਿਹੇ ਹਾਲਾਤ 'ਚ ਕਿਸੇ ਘਰ ਜਾਂ ਢਾਂਚੇ ਨੂੰ ਤਬਾਹ ਕਰਨ ਦੀ ਇਜਾਜ਼ਤ ਦਿੰਦਾ ਹੈ, ਉਹ ਹੈ ਅਫਸਪਾ (ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ) – ਜੋ ਅਤਿਵਾਦ ਨਾਲ ਨਜਿੱਠਣ ਲਈ ਵਰਤਿਆ ਜਾਂਦਾ ਹੈ। ਇਸ ਕਾਨੂੰਨ ਤਹਿਤ ਵੀ ਕਿਸੇ ਢਾਂਚੇ ਨੂੰ ਨਸ਼ਟ ਕਰਨ ਦੀ ਇਜਾਜ਼ਤ ਸਿਰਫ ਸੀਮਤ ਹਾਲਤਾਂ ਵਿਚ ਹੀ ਦਿੱਤੀ ਜਾਂਦੀ ਹੈ, ਜਿਵੇਂ ਜੇ ਕਿਸੇ ਥਾਂ ਵੱਡੀ ਗਿਣਤੀ ਵਿਚ ਖਤਰਨਾਕ ਹਥਿਆਰਾਂ ਦਾ ਭੰਡਾਰ ਹੋਵੇ ਜਾਂ ਕਿਸੇ ਢਾਂਚੇ ਤੋਂ ਅਤਿਵਾਦੀਆਂ ਵੱਲੋਂ ਗੋਲੀਬਾਰੀ ਕੀਤੀ ਜਾਵੇ ਅਤੇ ਆਤਮ-ਸਮਰਪਣ ਕਰਨ ਤੋਂ ਇਨਕਾਰ ਹੋਵੇ।

ਜਹਾਂਗੀਰਪੁਰੀ ਨਾ ਤਾਂ ਅਫਸਪਾ ਅਧੀਨ ਹੈ, ਨਾ ਹੀ ਅਣਅਧਿਕਾਰਤ ਕਾਲੋਨੀ। ਇਹ ਪੁਨਰਵਾਸ ਕਾਲੋਨੀ ਹੈ। ਪੁਨਰਵਾਸ ਕਾਲੋਨੀ ਕੀ ਹੁੰਦੀ ਹੈ? ਜੋ 1975-76 ਵਿਚ ਦਿੱਲੀ ਦੇ ਵੱਖ-ਵੱਖ ਖੇਤਰਾਂ ਤੋਂ ਝੁੱਗੀ-ਝੌਂਪੜੀ ਵਿਚ ਰਹਿਣ ਵਾਲੇ ਸ਼ਹਿਰ ਦੇ ਗਰੀਬ ਗੁਰਬਿਆਂ ਨੂੰ ਮੁੜ-ਵਸੇਬੇ ਲਈ ਲਿਆ ਕੇ ਵਸਾਈ ਗਈ ਸੀ। ਦਿੱਲੀ ਵਿਚ ਮੁੜ-ਵਸੇਬੇ ਦਾ ਸੰਕਲਪ ਸਰਕਾਰ ਵੱਲੋਂ 1960ਵਿਆਂ ਦੇ ਸ਼ੁਰੂ ਵਿਚ ਆਇਆ। ਸ਼ਹਿਰਾਂ ਅੰਦਰ ਝੁੱਗੀਆਂ ਵਿਚ ਰਹਿੰਦੇ ਗਰੀਬ ਮਜ਼ਦੂਰਾਂ ਨੂੰ ਝੁੱਗੀਆਂ 'ਚੋਂ ਉਜਾੜ ਕੇ ਦੂਰ-ਦੁਰਾਡੇ ਬਣਾਈਆਂ ਗਈਆਂ ਪੁਨਰਵਾਸ ਕਾਲੋਨੀਆਂ ਵਿਚ ਭੇਜਿਆ ਗਿਆ। ਡੀ.ਡੀ.ਏ. ਦੇ ਰਿਕਾਰਡ ਅਨੁਸਾਰ, ਇਸ ਸਮੇਂ ਦਿੱਲੀ ਵਿਚ 80 ਤੋਂ ਵੱਧ ਪੁਨਰਵਾਸ ਕਾਲੋਨੀਆਂ ਹਨ।

ਵੀਹ ਅਪਰੈਲ ਨੂੰ ਜਹਾਂਗੀਰਪੁਰੀ ਵਿਚ ਅਣਅਧਿਕਾਰਤ ਢਾਂਚੇ ਨੂੰ ਹਟਾਉਣ ਲਈ ਸਵੇਰ ਸਾਰ ਹੀ ਬੁਲਡੋਜ਼ਰ ਆ ਗਏ। ਲੋਕਾਂ ਨੂੰ ਇਹ ਸੂਚਨਾ ਕੁਝ ਹੀ ਘੰਟੇ ਪਹਿਲਾਂ ਦਿੱਤੀ ਗਈ। ਲੋਕਾਂ ਨੂੰ ਆਪਣੇ ਕਾਗਜ਼ ਦਿਖਾਉਣ ਅਤੇ ਆਪਣਾ ਦਾਅਵਾ ਪੇਸ਼ ਕਰਨ ਦਾ ਮੌਕਾ ਦਿੱਤਾ ਹੀ ਨਾ ਗਿਆ। ਬੁਲਡੋਜ਼ਰਾਂ ਦੀ ਤਬਾਹੀ ਨੂੰ ਟੈਲੀਵਿਜ਼ਨ ਚੈਨਲਾਂ ਰਾਹੀਂ ਵੱਡੇ ਪੱਧਰ 'ਤੇ ਪ੍ਰਸਾਰਤ ਕੀਤਾ ਗਿਆ। ਕਿਉਂ? ਇਸ ਦਾ ਇਕ ਉੱਤਰ ਤਾਂ ਇਹ ਹੈ ਕਿ ਖਬਰਾਂ ਦੇਣਾ ਟੈਲੀਵਿਜ਼ਨ ਚੈਨਲਾਂ ਦਾ ਕੰਮ ਹੈ; ਦੂਸਰਾ ਹੈ, ਬਹੁਗਿਣਤੀ ਫਿਰਕੇ ਵਿਚ 'ਖੁਸ਼ੀ ਦਾ ਮਾਹੌਲ ਪੈਦਾ ਕਰਨ ਲਈ'।

ਜਹਾਂਗੀਰਪੁਰੀ ਦੇ ਬਜ਼ੁਰਗਾਂ ਅਨੁਸਾਰ ਇੱਥੋਂ ਦੇ ਵਸਨੀਕ 1970ਵਿਆਂ ਦੇ ਸ਼ੁਰੂ ਵਿਚ ਪੱਛਮੀ ਬੰਗਾਲ ਤੋਂ ਪਰਵਾਸ ਕਰ ਕੇ ਇੱਥੇ ਆਏ ਸਨ। ਪਰਵਾਸ ਦਾ ਸਬਬ ਸੂਬੇ ਵਿਚ ਅੰਨ ਦੀ ਤੋਟ ਤੇ ਭੁੱਖਮਰੀ ਦੇ ਹਾਲਾਤ ਸਨ। ਇਨ੍ਹਾਂ ਪਰਵਾਸੀਆਂ ਵਿਚੋਂ ਜ਼ਿਆਦਾਤਰ ਮੁਸਲਮਾਨ ਸਨ ਅਤੇ ਮਿਦਨਾਪੁਰ, ਹਲਦੀਆ, ਮੁਰਸ਼ਿਦਾਬਾਦ ਅਤੇ 24 ਪਰਗਨਾ ਜ਼ਿਲ੍ਹਿਆਂ ਨਾਲ ਸਬੰਧਿਤ ਸਨ। ਇਹ ਪਰਵਾਸੀ ਜਮਨਾ ਕੰਢੇ ਝੁੱਗੀਆਂ ਪਾ ਕੇ ਰਹਿਣ ਲੱਗੇ। 1970ਵਿਆਂ ਦੇ ਮੱਧ ਵਿਚ ਸਰਕਾਰ ਨੇ ਉਨ੍ਹਾਂ ਨੂੰ ਪੁਨਰਵਾਸ ਪੇਸ਼ਕਸ਼ ਦਿੱਤੀ ਜਿਸ ਤਹਿਤ ਜਿਹੜੇ ਲੋਕ ਨਸਬੰਦੀ ਮੁਹਿੰਮ ਵਿਚ ਹਿੱਸਾ ਲੈਣ ਲਈ ਸਹਿਮਤ ਹੋਏ, ਉਨ੍ਹਾਂ ਨੂੰ ਜਹਾਂਗੀਰਪੁਰੀ ਅਤੇ ਕੁਝ ਹੋਰ ਪੁਨਰਵਾਸ ਕਾਲੋਨੀਆਂ ਵਿਚ ਮਕਾਨ ਅਲਾਟ ਕਰ ਦਿੱਤੇ ਗਏ।

***ਜਹਾਂਗੀਰਪੁਰੀ ਵਿਚ ਵਾਪਰੀਆਂ ਘਟਨਾਵਾਂ ਦੇ ਸਿਲਸਿਲੇ ਵਿਚ ਫਿਕਰ ਵਾਲੀਆਂ ਬਹੁਤ ਸਾਰੀਆਂ ਗੱਲਾਂ ਹਨ।... ਇਨ੍ਹਾਂ ਕਾਰਵਾਈਆਂ ਵਿਚ ਇਕ ਹੋਰ ਰੁਝਾਨ ਨਿਹਿਤ ਹੈ; ਉਹ ਹੈ ਘੱਟਗਿਣਤੀ ਫਿਰਕੇ ਦੀ ਮਜ਼ਦੂਰ ਜਮਾਤ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਦੀ ਰੋਜ਼ੀ-ਰੋਟੀ ਤਬਾਹ ਕਰਨੀ ਅਤੇ ਉਨ੍ਹਾਂ ਦੇ ਕਿੱਤਿਆਂ ਨੂੰ ਅਪਰਾਧਕ ਧਾਰਾਵਾਂ ਅੰਦਰ ਲਿਆ ਕੇ ਉਨ੍ਹਾਂ ਨਾਲ ਅਜਿਹਾ ਵਰਤਾਉ ਕਰਨਾ ਜਿਹੜਾ ਸਮੂਹਿਕ ਸਜ਼ਾ ਪ੍ਰਤੀਤ ਹੋਵੇ।***

ਜਹਾਂਗੀਰਪੁਰੀ ਦੇ 'ਸੀ' ਤੇ 'ਡੀ' ਬਲਾਕਾਂ ਜਿੱਥੇ ਇਹ ਪਰਵਾਸੀ ਅਤੇ ਇਨ੍ਹਾਂ ਦੀਆਂ ਅਗਲੀਆਂ ਪੁਸ਼ਤਾਂ ਰਹਿੰਦੀਆਂ ਹਨ, ਨੂੰ ਸਥਾਨਕ ਲੋਕ ਅਕਸਰ 'ਬੰਗਲਾਦੇਸ਼ੀ ਕਾਲੋਨੀ' ਕਹਿੰਦੇ ਹਨ। ਜ਼ਿਆਦਾਤਰ ਕਬਾੜ, ਕੂੜਾ-ਕਰਕਟ ਤੇ ਰਹਿੰਦ-ਖੂੰਹਦ ਨੂੰ ਰੀਸਾਈਕਲ ਕਰਨ ਦੇ ਕਿੱਤੇ ਵਿਚ ਹਨ। ਕੁਝ ਖੋਖੇ ਤੇ ਰੇਹੜੀਆਂ ਲਾਉਂਦੇ ਹਨ ਤੇ ਕੁਝ ਕੁ ਛੋਟੇ ਦੁਕਾਨਦਾਰ ਤੇ ਕਬਾੜੀਆਂ ਦੀਆਂ ਦੁਕਾਨਾਂ ਕਰਦੇ ਹਨ। ਉਹ ਨੌਕਰੀ ਪੇਸ਼ਾ ਨਹੀਂ; ਜ਼ਿਆਦਾਤਰ ਸਵੈ-ਰੁਜ਼ਗਾਰਸ਼ੁਦਾ ਮਜ਼ਦੂਰ ਸ਼੍ਰੇਣੀ ਵਿਚ ਆਉਂਦੇ ਹਨ।

ਜਹਾਂਗੀਰਪੁਰੀ ਵਿਚ ਵਾਪਰੀਆਂ ਘਟਨਾਵਾਂ ਦੇ ਸਿਲਸਿਲੇ ਵਿਚ ਫਿਕਰ ਵਾਲੀਆਂ ਬਹੁਤ ਸਾਰੀਆਂ ਗੱਲਾਂ ਹਨ- ਘੱਟਗਿਣਤੀ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਵਾਲੇ ਧਾਰਮਿਕ ਜਲੂਸ; ਉਸ ਦੌਰਾਨ ਹੋਈ ਹਿੰਸਾ ਦੇ ਬਦਲੇ ਵਜੋਂ ਘਰਾਂ ਨੂੰ ਢਾਹੁਣ ਬਾਰੇ ਖੁੱਲ੍ਹੀਆਂ ਧਮਕੀਆਂ, ਵਸਨੀਕਾਂ ਨੂੰ ਬੰਗਲਾਦੇਸ਼ੀ, ਰੋਹਿੰਗੀਆ ਘੁਸਪੈਠੀਏ ਕਹਿ ਕੇ ਭੰਡਣਾ ਆਦਿ।

ਬੁਲਡੋਜ਼ਰੀ ਹਿੰਸਾ ਦੀਆਂ ਇਨ੍ਹਾਂ ਕਾਰਵਾਈਆਂ ਵਿਚ ਇਕ ਹੋਰ ਰੁਝਾਨ ਨਿਹਿਤ ਹੈ; ਉਹ ਹੈ ਘੱਟਗਿਣਤੀ ਫਿਰਕੇ ਦੀ ਮਜ਼ਦੂਰ ਜਮਾਤ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਦੀ ਰੋਜ਼ੀ-ਰੋਟੀ ਤਬਾਹ ਕਰਨੀ ਅਤੇ ਉਨ੍ਹਾਂ ਦੇ ਕਿੱਤਿਆਂ ਨੂੰ ਅਪਰਾਧਕ ਧਾਰਾਵਾਂ ਅੰਦਰ ਲਿਆ ਕੇ ਉਨ੍ਹਾਂ ਨਾਲ ਅਜਿਹਾ ਵਰਤਾਉ ਕਰਨਾ ਜਿਹੜਾ ਸਮੂਹਿਕ ਸਜ਼ਾ ਪ੍ਰਤੀਤ ਹੋਵੇ।

ਸਵੈ-ਰੁਜ਼ਗਾਰਸ਼ੁਦਾ ਮਜ਼ਦੂਰ ਸ਼੍ਰੇਣੀ ਵਿਚ ਘੱਟਗਿਣਤੀ ਭਾਈਚਾਰੇ ਦੀ ਵੱਡੀ ਪ੍ਰਤੀਨਿਧਤਾ ਹੈ। ਅੰਕੜੇ ਦੱਸਦੇ ਹਨ ਕਿ ਜਨਤਕ ਅਤੇ ਨਿੱਜੀ ਦੋਵਾਂ ਖੇਤਰਾਂ ਵਿਚ ਉਨ੍ਹਾਂ ਦੀ ਹਿੱਸੇਦਾਰੀ ਬਹੁਤ ਘੱਟ ਹੈ। ਹੁਣ ਵਾਪਰੀਆਂ ਘਟਨਾਵਾਂ ਇਸ ਫਿਰਕੇ ਨੂੰ ਆਰਥਿਕ ਤੌਰ 'ਤੇ ਹਾਸ਼ੀਏ 'ਤੇ ਧੱਕਣ ਅਤੇ ਮੰਡੀ ਤੋਂ ਉਨ੍ਹਾਂ ਦੀ ਪਹੁੰਚ ਨੂੰ ਰੋਕਣ ਦੀ ਕੋਸ਼ਿਸ਼ ਹਨ। ਇਹ ਹਮਲੇ ਉਨ੍ਹਾਂ ਛੋਟੇ ਮਜ਼ਦੂਰਾਂ ਨੂੰ ਨਿਸ਼ਾਨਾ ਬਣਾਉਣ ਨਾਲ ਸ਼ੁਰੂ ਹੋਏ ਜੋ ਮੀਟ ਦੇ ਕਾਰੋਬਾਰ ਨਾਲ ਜੁੜੇ ਹੋਏ ਸਨ, ਖੱਲ ਦਾ ਕੰਮ ਕਰਦੇ ਸਨ ਜਾਂ ਮਾਸਾਹਾਰੀ ਖਾਣੇ ਦੇ ਢਾਬੇ ਚਲਾਉਂਦੇ ਸਨ। ਗਊ ਰੱਖਿਆ ਦੇ ਨਾਂ 'ਤੇ ਹੋਈਆਂ ਹਜੂਮੀ ਹਿੰਸਾ ਦੀਆਂ ਘਟਨਾਵਾਂ ਨੇ ਘੱਟਗਿਣਤੀ ਫਿਰਕੇ ਦੇ ਹਜ਼ਾਰਾਂ ਮਜ਼ਦੂਰਾਂ ਦੀ ਰੋਜ਼ੀ-ਰੋਟੀ 'ਤੇ ਸੱਟ ਮਾਰੀ ਹੈ। ਸ਼ਹਿਰਾਂ ਵਿਚ ਉਨ੍ਹਾਂ ਨੂੰ ਰੇਹੜੀ-ਫੜ੍ਹੀ ਲਾਉਣ 'ਤੇ ਹਿੰਸਾ ਦਾ ਸਾਹਮਣਾ ਕਰਨਾ ਪਿਆ ਹੈ। ਕਈ ਸ਼ਹਿਰਾਂ ਵਿਚ ਵਸਨੀਕਾਂ ਦੀਆਂ ਐਸੋਸੀਏਸ਼ਨਾਂ ਨੇ ਰਿਹਾਇਸ਼ੀ ਕਾਲੋਨੀਆਂ ਵਿਚ ਘੱਟਗਿਣਤੀ ਫਿਰਕੇ ਨਾਲ ਸਬੰਧਿਤ ਸਬਜ਼ੀ ਵਿਕਰੇਤਾਵਾਂ ਦੇ ਦਾਖਲੇ ਵਿਰੁੱਧ ਮਤੇ ਪਾਸ ਕੀਤੇ। ਕਰਨਾਟਕ ਦੇ ਕਈ ਸ਼ਹਿਰਾਂ ਵਿਚ 'ਫਲ ਜਹਾਦ' ਰੋਕਣ ਦੇ ਨਾਂ 'ਤੇ ਫਲਾਂ ਦੇ ਛੋਟੇ ਕਾਰੋਬਾਰੀਆਂ ਨੂੰ ਖਤਮ ਕੀਤਾ ਗਿਆ ਹੈ। ਜੋ ਕੁਝ ਦੇਖਣ ਨੂੰ ਮਿਲ ਰਿਹਾ ਹੈ, ਉਹ ਨਾ ਸਿਰਫ ਰੁਜ਼ਗਾਰ ਦੀ ਤਬਾਹੀ ਹੈ ਸਗੋਂ ਰੁਜ਼ਗਾਰ ਨੂੰ ਅਪਰਾਧ ਦੇ ਘੇਰੇ 'ਚ ਲਿਆਉਣ ਦੀ ਤਰਕੀਬ ਹੈ।

ਜਹਾਂਗੀਰਪੁਰੀ ਕਾਂਡ ਕੀ ਸਿਰਫ ਰੁਜ਼ਗਾਰ ਦੀ ਤਬਾਹੀ ਦਾ ਕਾਂਡ ਹੈ?

ਜਹਾਂਗੀਰਪੁਰੀ ਦੀਆਂ ਘਟਨਾਵਾਂ ਬਹੁਤ ਸਵਾਲ ਖੜ੍ਹੇ ਕਰਦੀਆਂ ਹਨ। ਮੁੱਖ ਸਵਾਲ ਇਹ ਹਨ: ਸਰਕਾਰ ਗੈਰ-ਰਸਮੀ ਖੇਤਰ ਦੇ ਮਜ਼ਦੂਰਾਂ ਅਤੇ ਉਨ੍ਹਾਂ ਦੇ ਕਿੱਤਿਆਂ ਨੂੰ ਕਿਵੇਂ 'ਅਧਿਕਾਰਤ' ਅਤੇ 'ਅਣਅਧਿਕਾਰਤ' ਪਰਿਭਾਸ਼ਿਤ ਕਰ ਰਹੀ ਹੈ, ਮਜ਼ਦੂਰ ਜਮਾਤ ਦਾ ਪਰਵਾਸ ਲਈ ਮਜਬੂਰ ਹੋਣਾ, ਆਪਣੇ ਮੂਲ ਨਿਵਾਸਾਂ ਤੋਂ ਸੈਂਕੜੇ ਮੀਲ ਦੂਰ ਕੰਮ ਦੀ ਭਾਲ ਵਿਚ ਸ਼ਹਿਰਾਂ ਵੱਲ ਹਿਜਰਤ ਅਤੇ ਫੇਰ 'ਬਾਹਰਲੇ'/'ਬੰਗਲਾਦੇਸ਼ੀ' ਬਣ ਜਾਣਾ, ਪਲ ਪਲ ਬੇਦਖਲ ਕੀਤੇ ਜਾਣ ਦੇ ਡਰ ਵਿਚ ਜ਼ਿੰਦਗੀ ਬਿਤਾਉਣੀ, ਬਿਨਾ ਕਿਸੇ ਦਾਅਵੇ ਦੇ, ਵਸੇਬੇ ਦੇ ਨਾਂ 'ਤੇ ਸ਼ਹਿਰਾਂ ਦੀਆਂ ਬਾਹਰਲੀਆਂ ਹੱਦਾਂ 'ਤੇ। ਇਸ ਵਰਗ ਕੋਲ ਨਾ ਧਨ ਹੈ, ਨਾ ਸਮਾਜਕ ਪੂੰਜੀ ਅਤੇ ਨਾ ਹੀ ਨਿਆਂ ਲਈ ਕਾਨੂੰਨੀ ਲੜਾਈ ਲੜਨ ਦੀ ਸਮਰੱਥਾ।

ਇਸ ਰੁਝਾਨ ਦਾ ਤਰਕ ਕੀ ਹੈ? ਘੱਟਗਿਣਤੀ ਫਿਰਕੇ ਦੇ ਮਜ਼ਦੂਰਾਂ ਦਾ ਉਜਾੜਾ ਕਿਸੇ ਵਿਕਾਸ ਲਈ ਨਹੀਂ ਹੈ। ਕੋਈ ਸਮੂਹਿਕ ਜਾਂ ਵਿਅਕਤੀਗਤ ਕਲਿਆਣਕਾਰੀ ਦਲੀਲ ਨਹੀਂ ਜੋ ਬੁਲਡੋਜ਼ਰਾਂ ਦੇ ਹੱਕ ਵਿਚ ਦਿੱਤੀ ਜਾ ਸਕੇ। ਇਹ ਸਰਾਸਰ ਵੱਡੀ ਬੇਇਨਸਾਫੀ ਹੈ, ਇਨਸਾਨੀਅਤ 'ਤੇ ਧੱਬਾ ਹੈ। ਇਤਿਹਾਸ ਨਾਜ਼ੀ ਜਰਮਨੀ ਵਿਚ ਯਹੂਦੀਆਂ ਨਾਲ ਇਹ ਵਰਤਾਰਾ ਦੇਖ ਚੁੱਕਾ ਹੈ। ਇਹ ਸਾਡਾ ਮਾਰਟਿਨ ਨਾਇਮੋਲਰ ਪਲ ਹੈ, ਜੇਕਰ ਅਸੀਂ ਹੁਣ ਚੁੱਪ ਰਹੇ, ਤਾਂ ਸਾਡੇ ਵਾਸਤੇ ਕੋਈ ਖੜ੍ਹਾ ਨਹੀਂ ਹੋਵੇਗਾ।

## ਪਹਿਲਾਂ ਉਹ ਆਏ...



**ਪਾਦਰੀ ਮਾਰਟਿਨ ਨਮੋਲਰ**

*ਫਰੈਡਰਿਕ ਗੁਸਤਾਵ ਐਮਿਲ ਮਾਰਟਿਨ ਨਮੋਲਰ ਜਰਮਨ ਪਾਦਰੀ ਸੀ। ਉਸ ਨੇ ਨਾਜ਼ੀਆਂ ਬਾਰੇ ਕਵਿਤਾ 'ਜਦੋਂ ਉਹ ਆਏ...' ਲਿਖੀ ਜੋ ਸੰਸਾਰ ਭਰ ਵਿਚ ਮਸ਼ਹੂਰ ਹੋਈ:*

ਪਹਿਲਾਂ ਉਹ ਆਏ...
ਪਹਿਲਾਂ ਉਹ ਕਮਿਊਨਿਸਟਾਂ ਲਈ ਆਏ
ਮੈਂ ਨਹੀਂ ਬੋਲਿਆ
ਕਿਉਂਕਿ ਮੈਂ ਕਮਿਊਨਿਸਟ ਨਹੀਂ ਸੀ

ਫਿਰ ਉਹ ਟਰੇਡ ਯੂਨੀਅਨਿਸਟਾਂ ਲਈ ਆਏ
ਮੈਂ ਨਹੀਂ ਬੋਲਿਆ
ਕਿਉਂਕਿ ਮੈਂ ਟਰੇਡ ਯੂਨੀਅਨਿਸਟ ਨਹੀਂ ਸੀ

ਫਿਰ ਉਹ ਯਹੂਦੀਆਂ ਲਈ ਆਏ
ਮੈਂ ਫਿਰ ਵੀ ਨਹੀਂ ਬੋਲਿਆ
ਕਿਉਂਕਿ ਮੈਂ ਯਹੂਦੀ ਨਹੀਂ ਸੀ

ਫਿਰ ਉਹ ਮੇਰੇ ਲਈ ਆਏ
ਉਸ ਵਕਤ ਮੇਰੇ ਲਈ ਬੋਲਣ ਵਾਸਤੇ ਕੋਈ
ਬਚਿਆ ਨਹੀਂ ਸੀ।

# ਜੰਗ ਦਾ ਮਤਲਬ ਸਿਰਫ ਤਬਾਹੀ ਹੁੰਦਾ ਹੈ...



**ਜੰਗ ਆਮ ਲੋਕਾਂ ਲਈ ਸਦਾ ਤਬਾਹੀ ਬਣ ਕੇ ਆਈ ਹੈ। ਸੰਸਾਰ ਦਾ ਕੋਈ ਵੀ ਖਿੱਤਾ ਹੋਵੇ, ਵੱਖ-ਵੱਖ ਹਾਕਮਾਂ ਦੀਆਂ ਗਿਣਤੀਆਂ-ਮਿਣਤੀਆਂ ਕਾਰਨ ਲੋਕਾਂ ਨੂੰ ਜੰਗ ਦੀ ਭੱਠੀ ਵਿਚ ਝੋਕ ਦਿੱਤਾ ਜਾਂਦਾ ਹੈ। ਅਮਨ ਹੋਵੇ ਜਾਂ ਜੰਗ, ਤਾੜੀ ਇਕ ਹੱਥ ਨਾਲ ਨਹੀਂ ਵੱਜਦੀ; ਇਸ ਪ੍ਰਸੰਗ ਵਿਚ ਅਭਿਜੀਤ ਭੱਟਾਚਾਰੀਆ ਨੇ ਆਪਣੇ ਇਸ ਲੇਖ ਵਿਚ ਜੰਗ ਦੇ ਮਾਰੂ ਅਸਰਾਂ ਬਾਰੇ ਗੱਲ ਕੀਤੀ ਹੈ। ਦੁਨੀਆ ਦਾ ਹਰ ਸੰਜੀਦਾ ਅਤੇ ਸੋਚਦਾ ਸ਼ਖਸ ਚਾਹੁੰਦਾ ਹੈ ਕਿ ਰੂਸ-ਯੂਕਰੇਨ ਜੰਗ ਹੁਣ ਰੁਕ ਜਾਵੇ।...**

ਅਭਿਜੀਤ ਭੱਟਾਚਾਰੀਆ

ਸ਼ੁਰੂ ਤੋਂ ਹੀ ਦੁਨੀਆ ਦੇ ਨਕਸ਼ੇ ਘੜਨ, ਵਿਗਾੜਨ ਤੇ ਵਾਹੁਣ, ਢਾਹੁਣ ਦੇ ਕਾਰਜ ਲਈ ਜ਼ਿੰਮੇਵਾਰ ਮੂਲ ਕਾਰਕਾਂ ਵਿਚ ਜੰਗ (ਖਾਨਾਜੰਗੀ ਸਮੇਤ), ਹਮਲੇ ਅਤੇ ਟਕਰਾਅ ਮੁੱਖ ਰਹੇ ਹਨ। ਇਸ ਦੀ ਇਕ ਮਿਸਾਲ ਹੀ ਕਾਫੀ ਹੈ। ਪਿਛਲੇ ਇਕ ਹਜ਼ਾਰ ਸਾਲ ਦੌਰਾਨ ਹਿੰਦੋਸਤਾਨ 'ਤੇ 40 ਵੱਡੇ ਹਮਲੇ ਹੋਏ ਜਿਨ੍ਹਾਂ ਤੋਂ ਬਾਅਦ ਇਸ ਦਾ ਸਿਆਸੀ ਨਕਸ਼ਾ ਤਬਦੀਲ ਹੋ ਜਾਂਦਾ ਰਿਹਾ ਹੈ। ਹਾਲਾਂਕਿ ਅੰਗਰੇਜ਼, ਹਮਲਾਵਰ ਬਣ ਕੇ ਹਿੰਦੋਸਤਾਨ ਨਹੀਂ ਆਏ ਸਨ ਪਰ ਆਪਣੇ 'ਕਾਰੋਬਾਰ ਦੀ ਸਹੂਲਤ' ਦੀ ਭਾਲ ਵਿਚ ਉਨ੍ਹਾਂ ਉਹ ਹਰ ਹਰਬਾ ਵਰਤਿਆ ਜੋ ਕੋਈ ਹਮਲਾਵਰ, ਲੁਟੇਰਾ, ਡਕੈਤ, ਸਾਜ਼ਿਸ਼ਘਾੜਾ, ਕਾਤਲ, ਨਸਲਪ੍ਰਸਤ ਹਾਕਮ ਅਤੇ ਦੇਸੀ ਸਨਅਤਾਂ ਤੇ ਕਿੱਤਿਆਂ ਦੀ ਪੱਟੀਮੇਸ ਕਰਨ ਵਾਲਾ ਕਰਦਾ ਹੈ।

ਕੋਈ ਹੈਰਾਨੀ ਦੀ ਗੱਲ ਨਹੀਂ ਕਿ ਆਲਮੀ ਇਤਿਹਾਸ ਦੀਆਂ ਸ਼ਕਤੀਆਂ ਦੇ ਖਾਸੇ ਮੁਤਾਬਿਕ ਹਿੰਦੋਸਤਾਨ ਦੇ ਇਕ ਵੱਡੇ ਤਬਕੇ ਨੇ ਅੰਗਰੇਜ਼ਾਂ ਦਾ ਭਰਪੂਰ ਸਾਥ ਦਿੱਤਾ ਜਿਨ੍ਹਾਂ ਦੀ ਇਹ ਧਾਰਨਾ ਬਣੀ ਹੋਈ ਸੀ ਕਿ ਉਨ੍ਹਾਂ ਦੇ ਆਪਣੇ ਹਮਵਤਨ ਲੁਟੇਰਿਆਂ ਨਾਲੋਂ ਬਰਤਾਨਵੀ ਗੋਰੇ ਬਿਹਤਰ ਸ਼ਾਸਕ ਸਾਬਿਤ ਹੋ ਸਕਦੇ ਹਨ ਹਾਲਾਂਕਿ ਉਦੋਂ ਤੱਕ ਅੰਗਰੇਜ਼ਾਂ ਦੀ ਮੱਕਾਰੀ ਦੇ ਕਈ ਰੰਗ ਸਾਹਮਣੇ ਆ ਚੁੱਕੇ ਸਨ।

ਇਸ ਪ੍ਰਸੰਗ ਵਿਚ ਰੂਸ-ਯੂਕਰੇਨ ਟਕਰਾਅ ਦੁਨੀਆ ਦੇ ਭੂ-ਸਿਆਸੀ ਨਕਸ਼ੇ ਦੀ ਬਦਲ ਰਹੀ ਜਾਂ ਬਦਲੀ ਹੋਈ ਹਕੀਕਤ ਨੂੰ ਦਰਸਾਉਂਦਾ ਹੈ। ਇਸ ਟਕਰਾਅ ਨੂੰ ਜੰਗ ਕਿਹਾ ਜਾਵੇ ਜਾਂ ਨਹੀਂ? ਇਸ ਪੱਖ ਤੋਂ ਮੈਂ ਇਸ ਨੂੰ ਭਰਾ-ਮਾਰੂ ਜੰਗ ਦੇ ਵਿਸਤਾਰ ਵਜੋਂ ਦੇਖਦਾ ਹਾਂ ਜੋ ਯੂਕਰੇਨ ਲਈ ਟਾਲਣਯੋਗ ਟਕਰਾਅ ਅਤੇ ਰੂਸ ਲਈ ਟਾਲਣਯੋਗ ਖਾਨਾਜੰਗੀ ਸੀ। ਦੂਜੇ ਬੰਨੇ ਅਮਰੀਕਾ ਦੀ ਅਗਵਾਈ ਵਾਲਾ ਪੱਛਮ ਇਸ ਦਾ ਅਸਲ ਨਿਸ਼ਾਨਾ ਬਣਿਆ ਹੋਇਆ ਹੈ। ਇਸ ਦੇ ਨਾਲ ਹੀ ਇਹ ਅਤੀਤ ਦੇ ਖੂਨੀ ਸਬੰਧਾਂ ਅਤੇ ਅੰਧ-ਮਹਾਂਸਾਗਰ ਪਾਰਲੇ ਇਕ ਬਾਹਰੀ ਦੇਸ਼ ਨੂੰ ਅਜ਼ੋਵ ਸਾਗਰ ਵਿਚ ਦਾਖਲ ਹੋਣ ਦੀ ਖੁੱਲ੍ਹ ਦੇਣ ਜਾਂ ਡੱਕਣ ਨੂੰ ਲੈ ਕੇ ਵਰਤਮਾਨ ਦੇ ਮਤਭੇਦਾਂ ਕਰਕੇ ਜ਼ਮੀਨ 'ਤੇ ਕਬਜ਼ਾ ਜਮਾਉਣ ਲਈ ਛਿੜਿਆ ਟਕਰਾਅ ਵੀ ਹੈ।

ਜੇ ਤਲਖ ਹਕੀਕਤ ਦਾ ਸਾਹਮਣਾ ਕੀਤਾ ਜਾਵੇ ਤਾਂ ਆਧੁਨਿਕ ਦੁਨੀਆ ਦੇ ਨਕਸ਼ੇ ਵਿਚ ਪਹਿਲੀ ਵੱਡੀ ਤਬਦੀਲੀ 19ਵੀਂ ਸਦੀ ਦੇ ਦੂਜੇ ਮੱਧ ਵਿਚ ਅਫਰੀਕਾ ਵਿਚ ਵਾਪਰੀ ਸੀ ਜਿਸ ਨੂੰ ਪੱਛਮੀ ਇਤਿਹਾਸਕਾਰ 'ਅਫਰੀਕਾ ਦੀ ਵੰਡ' ਕਹਿ ਕੇ ਪ੍ਰਚਾਰਦੇ ਹਨ ਜਿਵੇਂ ਵਿਦੇਸ਼ੀ ਮੁਲਕਾਂ ਵੱਲੋਂ ਕਿਸੇ ਦੂਜੇ ਮਹਾਦੀਪ ਦੀ ਵੰਡ ਕੋਈ ਜਸ਼ਨ ਮਨਾਉਣ ਲਾਇਕ ਵੱਡਾ ਉਪਕਾਰ ਹੋਵੇ। ਇਸ ਤਰ੍ਹਾਂ ਸੱਤ ਯੂਰਪੀ ਮੁਲਕਾਂ ਨੇ ਆਪਣਾ 'ਮਿਸ਼ਨ ਡਾਰਕ ਕੌਂਟੀਨੈਂਟ' ਜੋ ਆਪਣੇ ਨਾਂ ਤੋਂ ਹੀ ਕੁਲਹਿਣਾ ਜਾਪਦਾ ਹੈ, ਆਰੰਭਿਆ ਸੀ। ਇੰਗਲੈਂਡ, ਫਰਾਂਸ, ਪੁਰਤਗਾਲ, ਸਪੇਨ, ਬੈਲਜੀਅਮ, ਇਟਲੀ ਅਤੇ ਜਰਮਨੀ ਨੇ ਹਾਬੜੇ ਹੋਏ ਬਾਘੜ ਬਿੱਲਿਆਂ ਵਾਂਗ ਅਫਰੀਕਾ ਦੇ ਟੁਕੜੇ-ਟੁਕੜੇ ਕਰ ਸੁੱਟੇ ਸਨ ਜਿਸ ਨੂੰ ਰਾਬਿੰਦਰਨਾਥ ਟੈਗੋਰ ਨੇ ਆਪਣੀ ਕਵਿਤਾ 'ਅਫਰੀਕਾ' ਵਿਚ ਮਾਰਮਿਕ ਸ਼ਬਦਾਂ ਵਿਚ ਬਿਆਨ ਕੀਤਾ ਸੀ। ਅਫਰੀਕਾ ਦੇ ਅੱਜ 54 ਮੁਲਕ ਬਣ ਗਏ, ਇਨ੍ਹਾਂ 'ਚੋਂ ਜ਼ਿਆਦਾਤਰ ਵਿਚ ਪਹਿਲਾਂ 'ਬਨਸਪਤੀ ਵਿਗਿਆਨੀ, ਲੁਟੇਰੇ, ਬਾਈਬਲ ਤੇ ਨੌਕਰਸ਼ਾਹ' ਗਏ ਅਤੇ ਉਨ੍ਹਾਂ ਦੇ ਮਗਰ ਮਗਰ 'ਬੈਂਕਰ ਤੇ ਕਾਰੋਬਾਰੀ' ਪਹੁੰਚ ਗਏ। ਗੋਰੇ ਯੂਰਪੀਂ ਦੀ 'ਸ੍ਰੇਸ਼ਠਤਾ' ਨੂੰ ਵਾਜਬ ਠਹਿਰਾਉਣ ਖਾਤਰ ਅਫਰੀਕਾ ਦੀ ਮੁਹਿੰਮ ਨੂੰ ਆਦਿਵਾਸੀ ਲੋਕਾਂ ਨੂੰ ਤਹਿਜ਼ੀਬ ਤੇ ਅਨੁਸ਼ਾਸਨ ਦਾ ਪਾਠ ਪੜ੍ਹਾਉਣ ਲਈ 'ਗੋਰੇ ਬੰਦੇ ਦੇ ਫਰਜ਼' ਵਜੋਂ ਦਰਸਾਇਆ ਗਿਆ ਸੀ।

ਇਸ ਤਰ੍ਹਾਂ 1875 ਤੱਕ ਅਫਰੀਕਾ ਦਾ ਦਸਵਾਂ ਹਿੱਸਾ ਹੀ ਯੂਰਪ ਦੀਆਂ ਬਸਤੀਆਂ ਬਣ ਸਕਿਆ ਸੀ ਅਤੇ 1895 ਤੱਕ ਉਸ ਦਾ ਦਸਵਾਂ ਹਿੱਸਾ ਹੀ ਅਧੀਨਗੀ ਤੋਂ ਬਚਿਆ ਰਹਿ ਗਿਆ ਸੀ। ਇਸ ਤੋਂ ਬਾਅਦ ਦੇ ਦਹਾਕਿਆਂ ਵਿਚ ਗੋਰੇ ਯੂਰਪੀਂ ਦੀਆਂ ਜੇਤੂ ਮੁਹਿੰਮਾਂ ਵਿਚ ਹੋਰ ਵੀ ਸ਼ਿੱਦਤ ਆ ਗਈ ਸੀ ਜਿਨ੍ਹਾਂ ਕਰਕੇ ਦੁਨੀਆ ਭਰ ਵਿਚ ਨਵੇਂ ਨਕਸ਼ੇ ਵਾਹੇ ਜਾ ਰਹੇ ਸਨ। 1871 ਤੋਂ ਲੈ ਕੇ 1900 ਤੱਕ ਬਰਤਾਨਵੀ ਸਾਮਰਾਜ ਅਧੀਨ 42 ਲੱਖ 50 ਹਜ਼ਾਰ ਵਰਗ ਮੀਲ ਅਤੇ ਤਕਰੀਬਨ 7 ਕਰੋੜ ਲੋਕਾਂ ਦਾ ਵਾਧਾ ਹੋ ਗਿਆ ਸੀ। ਇਸੇ ਤਰ੍ਹਾਂ ਜਰਮਨੀ, ਬੈਲਜੀਅਮ ਅਤੇ ਇਟਲੀ ਨੇ ਵੀ ਆਪੋ-ਆਪਣੇ ਨਵੇਂ ਬਸਤੀਵਾਦੀ ਸਾਮਰਾਜ ਸਥਾਪਤ ਕਰ ਲਏ ਸਨ ਅਤੇ 19ਵੀਂ ਸਦੀ ਦੇ ਅਖੀਰ ਤੋਂ ਵੀਹਵੀਂ ਸਦੀ ਦੇ ਅਰੰਭ ਤੱਕ 'ਇਤਿਹਾਸਕ ਸਾਮਰਾਜਵਾਦੀਆਂ' ਦਾ ਉਭਾਰ ਹੋ ਚੁੱਕਿਆ ਸੀ। ਦੁਨੀਆ ਦਾ ਜ਼ਿਆਦਾਤਰ ਹਿੱਸਾ ਮੁੱਠੀ ਭਰ 'ਮਹਾਨ' ਯੂਰਪੀ ਤਾਕਤਾਂ ਦੀ ਮੁੱਠੀ ਵਿਚ ਆ ਚੁੱਕਿਆ ਸੀ। ਇਸ ਨੂੰ 'ਚੌਫਾਲ ਪਈ ਦੁਨੀਆ ਉਪਰ ਨੌਂ ਜਣਿਆਂ ਦੇ ਦੈਵੀ ਰਾਜ' ਦੀ ਧਾਰਨਾ ਆਖਿਆ ਜਾਂਦਾ ਹੈ; ਭਾਵ ਇੰਗਲੈਂਡ, ਫਰਾਂਸ, ਜਰਮਨੀ, ਇਟਲੀ, ਸਪੇਨ, ਪੁਰਤਗਾਲ, ਨੈਦਰਲੈਂਡਜ਼, ਬੈਲਜੀਅਮ ਅਤੇ ਡੈਨਮਾਰਕ ਦਾ ਕੰਟਰੋਲ ਸੀ। ਇਸ ਮਾਮਲੇ ਵਿਚ ਨਾ ਕਦੇ ਰੂਸ (ਸਭ ਤੋਂ ਵੱਡੀ ਜ਼ਮੀਨੀ ਤਾਕਤ) ਅਤੇ ਨਾ ਹੀ ਹਿੰਦੋਸਤਾਨ (ਆਬਾਦੀ ਪੱਖੋਂ ਦੂਜਾ ਸਭ ਤੋਂ ਵੱਡਾ ਦੇਸ਼) ਮੰਜ਼ਰ 'ਤੇ ਆਇਆ ਸੀ। ਵੀਹਵੀਂ ਸਦੀ ਦੇ ਮੱਧ ਅਤੇ ਉਸ ਤੋਂ ਬਾਅਦ ਦੇ ਦੌਰ ਵਿਚ ਆਉਂਦੇ ਹਾਂ। ਭਾਰਤ ਤੇ ਰੂਸ ਨੂੰ ਰਾਤੋ ਰਾਤ ਕਈ ਟੁਕੜਿਆਂ ਵਿਚ ਵੰਡ ਦਿੱਤਾ ਗਿਆ। 1947 ਵਿਚ ਹਿੰਦੋਸਤਾਨ ਦਾ ਭੂਗੋਲਿਕ ਖੇਤਰਫਲ 42,24,000 ਵਰਗ ਕਿਲੋਮੀਟਰ ਸੀ ਜੋ 32,80,000 ਵਰਗ ਕਿਲੋਮੀਟਰ ਰਹਿ ਗਿਆ। ਕੁੱਲ 42 ਕਰੋੜ ਦੀ ਆਬਾਦੀ 'ਚੋਂ ਅੱਠ ਕਰੋੜ ਪਾਕਿਸਤਾਨ ਵਿਚ ਆ ਗਈ ਸੀ। ਹਮੇਸ਼ਾ ਆਪੋ ਵਿਚ ਖਹਿਬੜਦੇ ਤੇ ਝਗੜਦੇ ਰਹਿੰਦੇ ਤੰਗਨਜ਼ਰ ਭਾਰਤੀ ਆਗੂ ਅੰਗਰੇਜ਼ਾਂ ਦੇ ਜਾਲ ਵਿਚ ਫਸ ਗਏ ਤੇ ਅੰਗਰੇਜ਼ ਬਰਤਾਨਵੀ ਭਾਰਤੀ ਸਟੇਟ/ਰਿਆਸਤ ਅੰਦਰਲੀਆਂ 565 ਸ਼ਾਹੀ ਰਿਆਸਤਾਂ ਨਾਲ ਭਰਾ ਮਾਰੂ, ਵੱਢੇ ਟੁੱਕੇ ਇਸ ਭੂਗੋਲ ਨੂੰ ਆਜ਼ਾਦੀ ਦੇਣ ਲਈ 'ਖੁਸ਼' ਸਨ। ਭਾਰਤ ਦੀ ਆਜ਼ਾਦੀ ਤੋਂ ਚੁਤਾਲੀ ਸਾਲਾਂ ਬਾਅਦ ਤਾਕਤਵਰ ਸੋਵੀਅਤ ਸੰਘ ਦੀ ਵਾਰੀ ਆ ਗਈ ਜੋ 1991 ਵਿਚ ਤਾਸ਼ ਦੇ ਪੱਤਿਆਂ ਵਾਂਗ ਖਿੰਡ ਗਿਆ ਤੇ ਉਸ ਦਾ ਖੇਤਰਫਲ 224,02,000 ਵਰਗ ਕਿਲੋਮੀਟਰ ਤੋਂ ਘਟ ਕੇ 170,98,200 ਵਰਗ ਕਿਲੋਮੀਟਰ ਰਹਿ ਗਿਆ। ਇਸ ਦੀ ਆਬਾਦੀ ਵੀ ਅੱਧੀ ਰਹਿ ਗਈ। ਸੋਵੀਅਤ ਸੰਘ ਦੀ 29 ਕਰੋੜ ਦੀ ਆਬਾਦੀ (ਜੋ ਉਸ ਦੇ ਕੱਟੜ ਵਿਰੋਧੀ ਅਮਰੀਕਾ ਦੀ 24 ਕਰੋੜ ਆਬਾਦੀ ਤੋਂ ਜ਼ਿਆਦਾ ਸੀ) ਰਾਤੋ ਰਾਤ ਘਟ ਕੇ (ਰੂਸ ਦੀ) 14.5 ਕਰੋੜ ਰਹਿ ਗਈ। ਮੂੜ ਮਾਸਕੋ ਦੇ ਮਾਰਕਸਵਾਦੀਆਂ ਦੀ ਕਮਿਊਨਿਸਟ ਲੀਡਰਸ਼ਿਪ ਗਲਾਸਨੋਸਤ ਤੇ ਪਰੇਸਤ੍ਰੋਇਕਾ (ਸਿਆਸੀ ਤੇ ਆਰਥਿਕ ਸੁਧਾਰਾਂ ਦੀ ਮੁਹਿੰਮ) ਅਤੇ ਡਾਲਰ ਦੀ ਖਰੀਦ ਸ਼ਕਤੀ ਦੇ ਭੁਚਲਾਵੇ ਵਿਚ ਆ ਕੇ ਆਪਣੀ ਕੌਮ ਦਾ ਸੱਤਿਆਨਾਸ ਕਰਵਾ ਬੈਠੀ। 'ਪ੍ਰੋਲੇਤਾਰੀ ਦੀ ਤਾਨਾਸ਼ਾਹੀ' ਅਤੇ ਕੌਮਿੰਟਰਨ (ਕਮਿਊਨਿਸਟ ਇੰਟਰਨੈਸ਼ਨਲ) ਦਾ ਆਗੂ 'ਹਵਾ ਵਿਚ ਉਡ ਗਏ' ਤੇ ਇਕਤਰਫਾ 'ਕੌਮਾਂਤਰੀ ਨਿਜ਼ਾਮ' ਲਈ ਮੈਦਾਨ ਖੁੱਲ੍ਹਾ ਰਹਿ ਗਿਆ।



ਇਹ ਗੱਲ ਸਮਝ ਵਿਚ ਆਉਂਦੀ ਹੈ ਕਿ ਕਿਵੇਂ ਅਮਰੀਕਾ ਇਸ ਖਾਲੀ ਪਏ ਮੰਜ਼ਰ 'ਤੇ ਨਮੂਦਾਰ ਹੁੰਦਾ, ਆਪਣੇ ਖੰਭ ਫੈਲਾਉਂਦਾ, ਹਮਲੇ ਕਰਦਾ, ਪਕੜ ਮਜ਼ਬੂਤ ਕਰਦਾ ਅਤੇ ਆਪਣੇ ਰਵਾਇਤੀ ਦੁਸ਼ਮਣ ਦੇ ਨਿਜ਼ਾਮ ਨੂੰ ਭ੍ਰਿਸ਼ਟ ਬਣਾਉਂਦਾ ਹੈ। ਇਹ ਸਭ ਕੁਝ ਸੁਭਾਵਿਕ ਰੂਪ ਵਿਚ ਵਾਪਰਿਆ। ਇੰਝ ਕਰਦਿਆਂ ਉਹ ਪੱਛਮ ਦੀਆਂ ਸਾਮਰਾਜਵਾਦੀ ਤਾਕਤਾਂ ਦੇ ਨਕਸ਼ੇ-ਕਦਮ 'ਤੇ ਹੀ ਤੁਰਿਆ ਸੀ। ਤੁਰਦਾ ਵੀ ਕਿਉਂ ਨਾ? ਕੌਣ ਅਜਿਹਾ ਮੌਕਾ ਗੁਆਉਣਾ ਚਾਹੇਗਾ? ਇਖਲਾਕ ਹੋਵੇ ਜਾਂ ਨਾ ਰਹੇ, ਇਹ ਤਾਕਤ ਦੀ ਖੇਡ ਦੀ ਹਕੀਕਤ ਹੈ। ਇਹ ਇਕ ਅਸਾਧਾਰਨ ਤੇ ਵਿਲੱਖਣ ਮੌਕਾ ਸੀ ਅਤੇ ਸਾਬਕਾ ਸੋਵੀਅਤ ਸੰਘ ਦੇ ਦਰਾਂ (ਕੰਢਿਆਂ) ਤੱਕ ਪਹੁੰਚਣ ਲਈ ਅਮਰੀਕਾ ਨੇ ਇਸ ਦੀ (ਦੁਰ) ਵਰਤੋਂ ਕੀਤੀ ਸੀ।

ਆਮ ਲੋਕਾਂ ਨੂੰ ਵੀ ਇਹ ਨਜ਼ਰ ਆ ਰਿਹਾ ਹੈ ਕਿ ਹਰ ਦੇਸ਼, ਖਾਸਕਰ ਨਿਸਬਤਨ ਵੱਡੀਆਂ ਤਾਕਤਾਂ ਦਾ 'ਪੇਟ' ਹੁੰਦਾ ਹੈ ਜਿਸ ਨੂੰ ਰਵਾਇਤੀ ਤੌਰ 'ਤੇ 'ਪ੍ਰਭਾਵ ਖੇਤਰ' ਕਿਹਾ ਜਾਂਦਾ ਹੈ ਹਾਲਾਂਕਿ ਯੂਰਪੀ ਕਮਿਸ਼ਨ ਦੀ ਪ੍ਰਧਾਨ ਉਰਸਲਾ ਵੋਨ ਡੇਰ ਲੀਅਨ ਨੇ ਹਾਲ ਹੀ ਵਿਚ ਨਵੀਂ ਦਿੱਲੀ ਵਿਚ ਕੀਤੀ ਤਕਰੀਰ ਵਿਚ ਇਸ ਦਾ ਖੰਡਨ ਕੀਤਾ ਸੀ। ਬਰਤਾਨੀਆ ਦੇ ਹਾਲੇ ਵੀ ਕਿੰਨੇ 'ਪੇਟ' ਜਾਂ 'ਪ੍ਰਭਾਵ ਖੇਤਰ' ਹਨ? ਜੇ ਸਪੇਨ ਜਿਬਰਾਲਟਰ (ਸਪੇਨੀ ਜਲ ਖੇਤਰ), ਅਰਜਨਟੀਨਾ ਫਾਕਲੈਂਡਜ਼ (ਜੋ ਬਰਤਾਨੀਆ ਤੋਂ 10000 ਕਿਲੋਮੀਟਰ ਵੱਡਾ ਹੈ) ਉਪਰ ਦਾਅਵਾ ਕਰ ਦੇਣ ਅਤੇ ਲੰਡਨ ਦੀ ਵਿਰੋਧੀ ਕੋਈ ਵੱਡੀ ਸ਼ਕਤੀ ਅਸੈਸ਼ਨ ਟਾਪੂਆਂ ਦੀ ਪਿੱਠ 'ਤੇ ਆ ਜਾਵੇ ਤਾਂ ਫਿਰ ਕੀ ਹੋਵੇਗਾ? ਜੇ ਕੋਈ ਵਿਰੋਧੀ ਦੇਸ਼ ਮੰਗੋਲੀਆ ਨੂੰ ਭਰਮਾਉਣ ਦੀ ਕੋਸ਼ਿਸ਼ ਕਰੇ ਜਾਂ ਮਨਚੂਰੀਆ ਨੂੰ ਵੱਖਰੇ ਹੋਣ ਦੀ ਹੱਲਾਸ਼ੇਰੀ ਦੇਵੇ ਤਾਂ ਚੀਨ ਕਿਹੋ ਜਿਹੀ ਪ੍ਰਤੀਕਿਰਿਆ ਦੇਵੇਗਾ?

ਆਖਰ ਪੱਛਮੀ ਦੇਸ਼ ਅਤੇ ਚੀਨ ਨੀਮ-ਹਿਮਾਲਿਆਈ ਖੇਤਰ ਤੇ ਇਸ ਦੇ ਆਸ-ਪਾਸ ਦੇ ਦੇਸ਼ਾਂ ਨਾਲ ਸਬੰਧਿਤ ਦਿੱਲੀ ਦੀ 'ਸੁਰੱਖਿਆ ਖਤਰੇ ਦੀ ਧਾਰਨਾ' ਨੂੰ ਕਿਉਂ ਨਹੀਂ ਸਮਝਦੇ? ਪੱਛਮ ਵਿਚ ਅਜੇ ਵੀ ਕਈ ਦੇਸ਼ ਹਨ ਜਿਨ੍ਹਾਂ ਦੇ 'ਪ੍ਰਭਾਵ ਖੇਤਰ' ਤੇ 'ਹਿੱਤ' ਉਨ੍ਹਾਂ ਦੀਆਂ ਭੂਗੋਲਕ ਸਰਹੱਦਾਂ ਤੇ ਪ੍ਰਭੂਤਾਪੂਰਨ ਖੇਤਰਾਂ ਤੋਂ ਕਿਤੇ ਦੂਰ ਤੱਕ ਫੈਲੇ ਹੋਏ ਹਨ। ਇਸ ਪੱਖੋਂ ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਅਜ਼ੋਵ ਸਾਗਰ ਦਾ ਭੂਗੋਲ ਮਾਸਕੋ ਦਾ 'ਪ੍ਰਭਾਵ ਖੇਤਰ' ਹੈ। ਉਂਝ, ਰੂਸ ਨੇ ਵਰਤਮਾਨ ਵਿਚ ਜੋ ਕਾਰਵਾਈ ਕੀਤੀ ਹੈ, ਉਹ ਪੂਰੀ ਤਰ੍ਹਾਂ ਗਲਤ ਹੈ ਤੇ ਇਸ ਨੂੰ ਗੋਲੀਬੰਦੀ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਪੱਛਮ ਵੱਲੋਂ ਪੈਦਾ ਕੀਤੀ ਗਈ ਭੜਕਾਹਟ ਵੀ ਸਪਸ਼ਟ ਨਜ਼ਰ ਆਉਂਦੀ ਹੈ ਜਿਸ ਕਰਕੇ ਇਸ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਜੰਗ ਹੋਵੇ ਜਾਂ ਅਮਨ, ਤਾੜੀ ਦੋਵੇਂ ਹੱਥਾਂ ਨਾਲ ਹੀ ਵੱਜਦੀ ਹੈ।

---

# ਦਬਾਇਆ ਜਾ ਰਿਹਾ ਦਰਦ...

ਅਭਿਜੀਤ ਭੱਟਾਚਾਰੀਆ

ਪਸ਼ੂ ਪਾਲਣ ਵਿਭਾਗ ਵਿਚ ਕੰਮ ਕਰਦਿਆਂ ਮਹਿਕਮੇ ਦੀਆਂ ਸਕੀਮਾਂ ਅਤੇ ਪਸ਼ੂਆਂ ਨਾਲ ਸਬੰਧਿਤ ਜ਼ਰੂਰਤਾਂ ਵਾਸਤੇ ਖੇਤਾਂ ਵਿਚ ਬਣਾਏ ਇੱਕ ਫਾਰਮ 'ਤੇ ਅਕਸਰ ਜਾਂਦਾ ਸੀ। ਬਲਦਾਂ ਵਾਲੇ ਗੱਡੇ 'ਤੇ ਬਜ਼ੁਰਗ ਆਪਣੀ ਹੀ ਧੁਨ ਵਿਚ ਮਸਤ, ਦਾੜ੍ਹੀ ਵਿਚ ਹੱਥ ਫੇਰਦਾ ਮਿਲਦਾ।

ਇਕ ਵਾਰ ਜੂਨ ਜੁਲਾਈ ਮਹੀਨੇ ਪਸ਼ੂਆਂ ਨੂੰ ਮੂੰਹ-ਖੁਰ ਦੀ ਬਿਮਾਰੀ ਤੋਂ ਬਚਾਅ ਦੇ ਟੀਕੇ ਲਾਉਣ ਗਿਆ ਤਾਂ ਬਾਬੇ ਦੇ ਪੁੱਤਰਾਂ ਨੇ ਇਹ ਕਹਿ ਕੇ ਜੁਆਬ ਦੇ ਦਿੱਤਾ ਕਿ ਗਰਮ ਹੁੰਦੇ ਨੇ, ਦੁੱਧ ਸੁੱਕ-ਜੂ ਯਾਅ (ਭਰੂਣ) ਸੁੱਟ ਦੇਣਗੀਆਂ, ਨਾਲੇ ਇੱਥੇ ਕਿਹੜਾ ਕੋਈ ਬਾਹਰੋਂ ਡੰਗਰ ਆਉਂਦੈ। ਸਮਝਾਉਣ 'ਤੇ ਵੀ ਨਾ ਮੰਨੇ। ਵਾਪਸ ਮੁੜਨ ਲੱਗਾ ਤਾਂ ਬਾਬਾ ਜੀ ਦੀ ਭਰਵੀਂ ਆਵਾਜ਼ ਆਈ, "ਕਾਕਾ ਲਾ ਟੀਕੇ, ਸਰਕਾਰ ਨੁਕਸਾਨ ਕਰਨ ਥੋੜ੍ਹਾ ਭੇਜਦੀ ਐ। ਇਹ ਤਾਂ ਗਿਲ (ਸਰਦੇ ਪੁੱਜਦੇ ਘਰ) 'ਚ ਜੰਮੇ ਨੇ। ਇਨ੍ਹਾਂ ਨੂੰ ਕੀ ਪਤੈ... ਹੱਲਿਆਂ ਵੇਲੇ ਦੀ ਗੱਲ ਐ, ਇੱਕ ਤਾਂ ਸਹਿਮ (ਡਰ), ਉਪਰੋਂ ਮੀਂਹ, ਤੇ ਇਸ ਨਾ ਮੁਰਾਦ ਬਿਮਾਰੀ ਦਾ ਜ਼ੋਰ... ਪੈਰ ਗਲ ਗਏ ਸਨ ਪਸ਼ੂਆਂ ਦੇ। ਗੋਡੇ-ਗੋਡੇ ਚਿੱਕੜ, ਦੋ-ਦੋ ਮਹੀਨੇ ਕੀੜੇ ਕੱਢਦਿਆਂ, ਸਾਫ-ਸਫਾਈ ਰੱਖ ਕੇ ਮਸੀਂ ਠੀਕ ਕੀਤੇ ਤੇ ਕੁਝ ਰੱਬ ਨੂੰ ਪਿਆਰੇ ਹੋ ਗਏ। ਮੈਂ ਨ੍ਹੀਂ ਕਦੇ ਖੁੰਝਾਏ। ਜੇ ਗਲ ਘੋਟੂ ਦੇ ਨਹੀਂ ਲੱਗੇ, ਉਹ ਵੀ ਲਾ ਜਾਈਂ। ਬੜੀ ਚੰਦਰੀ ਬਿਮਾਰੀ ਏ, ਖੁਰਲੀ ਖਾਲੀ ਕਰ ਜਾਂਦੀ ਏ।"

ਬਾਬੇ ਦੀ ਹੱਡ ਬੀਤੀ, ਜ਼ਿੰਦਗੀ ਦੇ ਤਜਰਬੇ ਅਤੇ ਸੂਝ-ਬੂਝ ਨੇ ਮੇਰੇ ਅੰਦਰ ਹੋਰ ਜਾਨਣ ਦੀ ਜਗਿਆਸਾ ਪੈਦਾ ਕਰ ਦਿੱਤੀ। ਫਿਰ ਤਾਂ ਜਦੋਂ ਵੀ ਜਾਣਾ, ਬਾਬੇ ਕੋਲ ਬਹਿਣਾ, ਹਾਲ-ਚਾਲ ਪੁੱਛਣਾ ਤਾਂ ਚੜ੍ਹਦੀ ਕਲਾ ਤੋਂ ਗੱਲ ਸ਼ੁਰੂ ਕਰਦਿਆਂ ਉਨ੍ਹਾਂ ਕੋਈ ਨਾ ਕੋਈ ਅਜਿਹੀ ਆਪ-ਬੀਤੀ ਜੱਗ-ਬੀਤੀ ਸੁਣਾਉਣੀ ਜੋ ਸਿੱਧੀ ਦਿਮਾਗ ਤੇ ਅਸਰ ਕਰਦੀ।

ਉਮਰ ਦਾ ਅਸਰ, ਬਾਬਾ ਥੋੜ੍ਹਾ ਬਿਮਾਰ ਰਹਿਣ ਲੱਗਾ ਪਰ ਹੌਸਲਾ ਫਿਰ ਵੀ ਕਮਾਲ ਦਾ। ਉਨ੍ਹਾਂ ਕਦੇ ਵੀ ਬੱਚਿਆਂ, ਗੁਆਂਢੀਆਂ ਅਤੇ ਰੱਬ 'ਤੇ ਗਿੱਲਾ ਨਹੀਂ ਕੀਤਾ ਸੀ। ਇੱਕ ਦਿਨ ਮੈਂ ਕਿਹਾ- "ਜ਼ਿੰਦਗੀ ਦੇ ਤਜਰਬੇ ਤੋਂ ਸਾਡੇ ਲਈ ਕੋਈ ਸਬਕ ਜਿਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਕੁਝ ਚੰਗਾ ਸਿੱਖਣ ਸਕਣ?"

"ਪੁੱਤਰਾ, ਹਰ ਦਿਨ ਸਬਕ ਹੈ ਪਰ ਅਸੀਂ ਕਦੇ ਗਲਤੀਆਂ ਤੋਂ ਸਿੱਖ ਕੇ ਉਨ੍ਹਾਂ ਨੂੰ ਦੁਹਰਾਉਣ ਤੋਂ ਨਹੀਂ ਹਟੇ। 75 ਸਾਲਾਂ ਵਿਚ ਮੁਲਕ ਦੀ ਵੰਡ, ਜੰਗਾਂ, ਨਕਸਲੀ ਲਹਿਰ, ਖਾੜਕੂ ਲਹਿਰ, 84 ਦੀ ਨਸਲਕੁਸ਼ੀ, ਦੇਸ਼ ਦੇ ਕੋਨੇ ਕੋਨੇ ਚ ਧਰਮ ਦੇ ਨਾਂ ਤੇ ਹਿੰਸਾ, ਮਾਰ-ਮਰਾਈ ਤੇ ਹੋਰ ਬੜਾ ਕੁਝ। ਕੋਈ ਅਜਿਹਾ ਪੰਜਾਬੀ ਨਹੀਂ ਹੋਵੇਗਾ ਜਿਸ ਨੂੰ ਆਪਣਿਆਂ ਦੀ ਸਿਵੇ ਦੀ ਅੱਗ ਨੇ ਲੂਹਿਆ ਨਾ ਹੋਵੇ। ਜਿੱਥੇ ਦੇ ਲੋਕ ਭਗਵਾਨ ਰਾਮ, ਬਾਬੇ ਨਾਨਕ, ਹਜ਼ਰਤ ਮੁਹੰਮਦ ਸਾਹਿਬ ਦੇ ਸ਼ਰਧਾਲੂ ਹੋਣ, ਆਪਣੇ ਧਾਰਮਿਕ ਅਕੀਦਿਆਂ ਦੇ ਨਿੱਤ ਨੇਮੀ ਹੋਣ, ਇਹ ਪਤਾ ਹੋਣ ਦੇ ਬਾਵਜੂਦ ਸਮੇਂ ਦੀਆਂ ਸਰਕਾਰਾਂ, ਚਤਰ ਲੋਕ ਮੁਨੱਖੀ ਲੋੜਾਂ ਤੋਂ ਧਿਆਨ ਹਟਾਉਣ ਵਾਸਤੇ ਸਾਨੂੰ ਆਪਸ ਵਿਚ ਲੜਾਉਂਦੇ ਨੇ... ਤੇ ਕੁਝ ਮੁਲਕ ਹਥਿਆਰ ਵੇਚਣ ਵਾਸਤੇ ਡਰ ਦਾ ਮਾਹੌਲ ਸਿਰਜਦੇ ਹਨ। ਕਦੇ ਨਹੀਂ ਸੋਚਦੇ ਕਿ ਸਾਡੇ ਪੀਰ-ਫਕੀਰ, ਗੁਰੂ ਬਾਬੇ ਸਾਨੂੰ ਕੀ ਸਮਝਾਉਂਦੇ ਨੇ। ਕੁਦਰਤ ਕੇ ਸਭ ਬੰਦੇ, ਕਣ ਕਣ ਵਿਚ ਭਗਵਾਨ ਸਮਝਣ ਵਾਲੇ ਜਦੋਂ ਮਾਮੂਲੀ ਗੱਲਾਂ 'ਤੇ ਇੱਕ ਦੂਜੇ ਦੇ ਖਿਲਾਫ ਤਲਵਾਰਾਂ ਖਿੱਚਦੇ ਨੇ ਤਾਂ ਸਾਡਾ ਧਾਰਮਿਕ ਚਿਹਰਾ ਕਰੂਪ ਹੋ ਜਾਂਦੈ। ਸਭ ਤੋਂ ਵੱਡੀ ਤਰਾਸਦੀ, ਜਦੋਂ ਲੋਕਾਂ ਲਈ ਜ਼ੁਲਮ ਖਿਲਾਫ ਲੜਨ ਮਰਨ ਵਾਲੇ ਯੋਧੇ ਆਪਸੀ ਵਿਚਾਰਕ ਮਤਭੇਦਾਂ ਕਾਰਨ ਇੱਕ ਦੂਜੇ ਤੇ ਹਥਿਆਰ ਤਾਣਦੇ ਨੇ... 80ਵਿਆਂ ਤੋਂ ਖਾੜਕੂ ਤੇ ਕਾਮਰੇਡ ਆਪਸ ਵਿਚ ਅਜਿਹੇ ਉਲਝੇ ਕਿ ਕਿਸਾਨ ਅੰਦੋਲਨ ਜਿਹੇ ਪਵਿੱਤਰ ਸੰਘਰਸ਼ ਤੇ ਵੀ ਇਸ ਦਾ ਪਰਛਾਵਾਂ ਝਲਕਦਾ ਰਿਹਾ। ਮਨ ਦੁਖੀ ਹੁੰਦੈ ਕਿ ਬੰਦਿਆਂ ਤੈਂ ਕਦੇ ਇਨਸਾਨ ਨਹੀਂ ਬਣਨਾ!"

ਥੋੜ੍ਹਾ ਸਾਹ ਲੈਣ ਲਈ ਜਦੋਂ ਉਹ ਰੁਕੇ ਤਾਂ ਮੈਂ ਕਿਹਾ, "ਫਿਰ ਬਾਬਾ ਜੀ ਹੱਲ ਕੀ ਐ?"

"ਪੁੱਤਰਾ, ਮੇਰੇ ਵਰਗਾ ਘਰ ਤੋਂ ਖੇਤ ਤੇ ਖੇਤ ਤੋਂ ਘਰ, ਇੱਕ ਅਖਬਾਰ ਤੇ ਕੁਝ ਕਿਤਾਬਾਂ ਪੜ੍ਹਨ ਵਾਲਾ ਆਦਮੀ ਹੱਲ ਕੀ ਦੱਸੇ ਪਰ ਫਿਰ ਵੀ ਮੋਟੀ ਜਿਹੀ ਗੱਲ ਜਾਣਦਾ ਹਾਂ- ਮਨੁੱਖ ਗਲਤੀ ਨੂੰ ਗਲਤੀ ਮੰਨ, ਦੁਹਰਾਉਣ ਤੋਂ ਕਿਨਾਰਾ ਕਰੇ।"

ਸਾਲ ਕੁ ਪਹਿਲਾਂ ਬਾਬੇ ਦੇ ਅੰਤਿਮ ਸੰਸਕਾਰ ਸਮੇਂ ਸ਼ਮਸ਼ਾਨਘਾਟ ਵਿਚ ਖਲੋਤਾ ਸੋਚ ਰਿਹਾ ਸੀ: ਇਹ ਦਰਦ ਅਸੀਂ ਕਦੋਂ ਤੱਕ ਦਬਾਉਂਦੇ ਰਹਾਂਗੇ?



ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ
ਸ਼ਿਕਾਗੋ ਕਬੱਡੀ ਕੱਪ ਤੇ ਵਾਲੀਬਾਲ ਮੁਕਾਬਲੇ
ਨਾਮੀ ਕਬੱਡੀ ਟੀਮਾਂ ਦੇ ਮੁਕਾਬਲੇ ਹੋਣਗੇ
3 ਜੁਲਾਈ 2022
ਸਥਾਨ: ਬਸੀ ਵੁੱਡਜ਼, ਐਲਕ ਗਰੋਵ ਵਿਲੇਜ
ਬੱਚਿਆਂ ਦੀਆਂ ਖੇਡਾਂ ਕਰਵਾਈਆਂ ਜਾਣਗੀਆਂ, ਹਿੱਸਾ ਲੈਣ ਵਾਲੇ ਬੱਚਿਆਂ ਨੂੰ ਮੈਡਲ ਦਿੱਤਾ ਜਾਵੇਗਾ
ਅੰਮ੍ਰਿਤ ਮਾਨ
ਸਤਵਿੰਦਰ ਸੱਤੀ
ਵਾਲੀਬਾਲ ਦੇ ਇਨਾਮ ਢੀਂਡਸਾ ਪਰਿਵਾਰ ਵਲੋਂ ਸਵਰਗੀ ਮਿਹਰ ਸਿੰਘ ਢੀਂਡਸਾ ਦੀ ਯਾਦ 'ਚ
ਮੁੱਖ ਮਹਿਮਾਨ
ਚੇਅਰਮੈਨ
ਅਮਰਜੀਤ ਢੀਂਡਸਾ
ਲਖਬੀਰ ਢੀਂਡਸਾ
ਹਰਦੀਪ ਸਿੰਘ ਭੱਟੀ (ਸਾਬਕਾ ਚੇਅਰਮੈਨ)
ਜਿੰਦਰ ਬੈਨੀਪਾਲ ਸਾਬਕਾ ਪ੍ਰਧਾਨ
ਕਾਬਲ ਸਿੰਘ ਭੁੱਲਰ ਸਾਬਕਾ ਪ੍ਰਧਾਨ
Sharan Kaur CEO, Singh Financing
Ph: 832-604-6905
F 800-886-4082
SINGH FINANCING
www.singhfinancing.com
10206 Fairbanks N. Houston Rd.Houston, TX 77064
Invoice Factoring Services
ਖਾਣ-ਪੀਣ ਦਾ ਖੁੱਲ੍ਹਾ ਪ੍ਰਬੰਧ ਸਿੰਘ ਫਾਈਨਾਂਸਿੰਗ ਵਲੋਂ
ਮੁਫਤ ਪਾਰਕਿੰਗ
ਬੀਬੀਆਂ ਲਈ ਫਰੀ ਮਹਿੰਦੀ
ਰੱਸਾਕਸ਼ੀ ਦੇ ਮੁਕਾਬਲੇ ਵੀ ਹੋਣਗੇ
ਬਲਜੀਤ ਟਿਵਾਣਾ ਪ੍ਰਧਾਨ
ਦੀਪਇੰਦਰ ਸਿੰਘ ਵਿਰਕ ਮੀਤ ਪ੍ਰਧਾਨ
ਕਲੱਬ ਮੈਂਬਰ
ਜਿੰਦੀ ਖੰਗੁੜਾ
ਜਸਵਿੰਦਰ ਗਿੱਲ
ਵਿੱਕੀ ਸ਼ੰਮੀਪੁਰੀਆ
ਗਗਨ ਬਾਜਵਾ
ਗੋਲਡੀ ਲਾਲੀ
ਕਮਲਜੀਤ ਘੁਮਾਣ
ਸੁਖਰਾਜ ਸਿੰਘ ਤੱਖਰ
ਧਰਮਿੰਦਰ ਜਸਵਾਲ
ਹਨੀ ਖੰਗੁੜਾ
ਹਰਪ੍ਰੀਤ ਗਿੱਲ
ਹਰਬੰਤ ਗਰੇਵਾਲ
ਹਰਜਿੰਦਰ ਸਮਰਾ
ਇੰਦਰਜੀਤ ਸਿੰਘ
ਜਗਜੀਤ ਨਾਹਲ
ਸੁਖਦੀਪ ਸਿੰਘ
ਜਸਪ੍ਰੀਤ ਮਠਾੜੂ
ਸੋਨੂੰ ਸਹੋਤਾ
ਨੰਨਾ ਸਹੋਤਾ
ਓਂਕਾਰ ਸਹੋਤਾ
ਜਗਦੀਸ਼ ਸੰਧੂ
ਜੱਸੀ ਸਹੋਤਾ
ਸੁਖਵੀਰ ਉੱਪਲ
ਲਖਵਿੰਦਰ ਬਿਹਾਰੀਪੁਰੀਆ
ਮਨਜੀਤ ਸਿੰਘ
ਮਨਮੋਹਨ ਸਿੰਘ ਭੱਠਲ
ਸੁਰਿੰਦਰ ਭੱਟੀ
ਹਰਕਮਲਦੀਪ ਸਿੰਘ
ਗੁਰਜੀਤ ਸੰਧੂ
ਪਰਮਿੰਦਰ ਸਿੰਘ
ਪਿੰਦੀ ਛੀਨਾ
ਸ਼ੇਰਾ ਖਾਂਬੜਾ
ਗੁਰਪਾਲ ਸੰਧੂ
ਜੋਤੀ ਸਹੋਤਾ
ਸੁਰਜੀਤ ਸਿੰਘ ਡੀ ਸੀ
ਯਾਦਵਿੰਦਰ ਗਿੱਲ
ਨਵਜੋਤ ਸਿੰਘ
ਜਗਦੀਪ ਬਰਿਆਣਾ
ਮਨਦੀਪ ਨਿੱਝਰ
ਮਨਵੀਰ ਸਿੰਘ
ਗੋਗਾ ਘੁਮਾਣ
ਮਿੰਦਰ ਭੱਠਲ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਵਿੱਕੀ ਸ਼ੰਮੀਪੁਰੀਆ 215-917-9885
ਬਲਜੀਤ ਟਿਵਾਣਾ 773-469-9384
ਜਤਿੰਦਰ ਖੰਗੁੜਾ 224-381-2830
ਜਿੰਦੀ ਖੰਗੁੜਾ 847-529-1464
ਜਗਜੀਤ ਨਾਹਲ 224-678-4900
ਓਂਕਾਰ ਸਹੋਤਾ 708-745-1815
ਕਾਬਲ ਸਿੰਘ ਭੁੱਲਰ 847-732-9813
ਜੱਸੀ ਗਿੱਲ 773-759-0433
ਲੱਖਾ ਬਿਹਾਰੀਪੁਰ 630-706-0925

## ਕਬੱਡੀ ਦਾ ਪਹਿਲਾ ਇਨਾਮ




ਕਬੱਡੀ ਦਾ ਪਹਿਲਾ ਇਨਾਮ ਸਵ. ਸਰਪੰਚ ਇੰਦਰ ਸਿੰਘ ਦੀ ਯਾਦ ਵਿਚ ਖਾਸਰੀਆ ਪਰਿਵਾਰ ਵਲੋਂ:-



ਹਰਜਿੰਦਰ ਸਿੰਘ ਜਿੰਦੀ | ਅਰਵਿੰਦਰ ਸਿੰਘ ਬੂਟਾ | ਭੁਪਿੰਦਰ ਸਿੰਘ ਟਿੰਕਾ

## ਕਬੱਡੀ ਦੇ ਦੂਜੇ ਇਨਾਮ ਦੇ ਸਪਾਂਸਰ

**ਸਵ. ਮੇਜਰ ਸਿੰਘ ਮੌਜੀ ਅਤੇ ਸੰਤੋਖ ਸਿੰਘ ਖਹਿਰਾ ਦੀ ਯਾਦ ਵਿਚ**



ਡਾ. ਹਰਜਿੰਦਰ ਸਿੰਘ ਖਹਿਰਾ | ਹੈਪੀ ਸਿੰਘ ਹੀਰ | ਜਸਕਰਨ ਸਿੰਘ ਧਾਲੀਵਾਲ

## ਕਬੱਡੀ ਦੇ ਤੀਜੇ ਇਨਾਮ ਦੇ ਸਪਾਂਸਰ



ਗੁਰਸਾਹਿਬ ਸਿੰਘ ਤੂਰ | ਗੁਰਦੀਪ ਤੂਰ | ਗੈਰੀ ਤੂਰ | ਸਤੀਸ਼ ਭਾਰਦਵਾਜ | ਸਤਪਾਲ ਬੈਂਸ | ਕੁਲਜੀਤ ਗਿਲਜ਼ੀਆਂ

**ਕਬੱਡੀ ਦਾ ਤੀਜਾ ਇਨਾਮ ਤੂਰ ਅਤੇ ਭਾਰਦਵਾਜ ਪਰਿਵਾਰ ਵਲੋਂ**

## ਵਿਸ਼ੇਸ਼ ਮਹਿਮਾਨ



ਜਸਵਿੰਦਰ ਸਿੰਘ ਪੁਰੇਵਾਲ | ਜਥੇਦਾਰ ਤਾਰਾ ਸਿੰਘ ਸੱਲ੍ਹਾਂ | ਬੱਬੂ ਐਪਲਟਨ | ਸੁਖਵੀਰ ਨਾਰੀਕੇ | ਦੀਦਾਰ ਸਿੰਘ ਧਨੋਆ



ਅਵਤਾਰ ਸਿੰਘ | ਬਲਦੇਵ ਸਿੰਘ ਸੱਲ੍ਹਾਂ | ਗੁਰਮੀਤ ਸਿੰਘ ਸੱਲ੍ਹਾਂ | ਸਰਬਜੀਤ ਸਿੰਘ ਸੱਲ੍ਹਾਂ | ਪਰਮਿੰਦਰ ਸਿੰਘ ਗਰੇਵਾਲ



ਸਨੀ ਧਾਮੀ | ਬੱਬੂ ਧਾਮੀ

**ਚੌਥੀ ਟੀਮ ਦੇ ਸਪਾਂਸਰ (ਧਾਮੀ ਟਰਾਂਸਪੋਰਟ)**



ਬੈਸਟ ਰੇਡਰ ਦਾ ਇਨਾਮ ਸਵ. ਫੁੰਮਣ ਸਿੰਘ ਟਿਵਾਣਾ ਦੀ ਯਾਦ ਵਿਚ ਟਿਵਾਣਾ ਪਰਿਵਾਰ ਵਲੋਂ

**ਬੈਸਟ ਸਟਾਪਰ ਦਾ ਇਨਾਮ ਸਮਰਾ ਪਰਿਵਾਰ ਬਿਲੌਇਟ, ਵਿਸਕਾਨਿਸਨ ਵਲੋਂ**

## ਗੈਸਟ ਆਫ ਆਨਰਜ਼



ਗੁਰਿੰਦਰਜੀਤ ਸਿੰਘ ਗਰੇਵਾਲ | ਸਵ. ਸੰਦੀਪ ਧਾਲੀਵਾਲ | ਮਨਪ੍ਰੀਤ ਜਿੰਮੀ ਲਸੋਈ | ਗੁਰਵੀਰ ਖੰਗੂੜਾ | ਸੋਨੀ ਹਿਊਸਟਨ | ਬਿਕਰਮ ਸਿੱਧੂ | ਸੰਨੀ ਸ਼ੇਰਗਿੱਲ | ਹਨੀ ਢਿੱਲੋਂ | ਸੁੱਖੀ ਸਿੰਘ | ਰਣਬੀਰ ਸਿੰਘ ਧਾਲੀਵਾਲ | ਸਤੀਸ਼ ਖਟਾਣਾ | ਬੀ ਸੀ ਟਰੱਕਿੰਗ ਐਂਡ ਕਵਾਲਿਟੀ ਲਿਕਰਜ਼ | ਗੁਰਮਿੰਦਰ ਪੰਡਾ

## ਗੋਲਡ ਸਪਾਂਸਰ



ਗੁਰਚਰਨ ਸਿੰਘ ਝੱਜ | ਹਰਕਿਸ਼ਨ ਸਿੰਘ ਭੱਟੀ | ਜੈਦੇਵ ਸਿੰਘ ਭੱਠਲ | ਲਖਵੀਰ ਸਿੰਘ ਸਹੋਤਾ | ਬਲਵਿੰਦਰ ਸਿੰਘ | ਚਰਨ ਸਿੰਘ ਢੀਨਾ | ਪਰਮਿੰਦਰ ਸਿੰਘ ਗੋਲਡੀ | ਸੁਖਵਿੰਦਰ ਸਿੰਘ ਘੱਗਰ | ਰਣਦੀਪ ਪਾਲ ਰਿੰਕੂ | ਸਤਪਾਲ ਸੱਤਾ | ਬਿਕਰਮਜੀਤ ਸਿੰਘ ਸੇਖੋਂ | ਜਸਜੀਤ ਸਿੰਘ ਸਿੱਧੂ



ਲੱਕੀ ਸਪਰਾ ਬੇਕਰਜ਼ਫੀਲਡ | ਰਿੰਪੀ ਖੱਟੜਾ | ਕੁਲਦੀਪ ਸਿੰਘ ਲੰਗ | ਧਰਮਿੰਦਰ ਖੱਟੜਾ | ਸਰਬਜੀਤ ਸਿੰਘ ਸਿੱਧੂ | ਬੌਬੀ ਖੱਟੜਾ | ਹਰਿੰਦਰ ਟਿਵਾਣਾ | ਸੱਤਾ ਖੱਟੜਾ | ਮਨਦੀਪ ਸਿੰਘ ਭੁਰਾ | ਰਾਜਿੰਦਰ ਸਿੰਘ ਬੈਂਸ | ਸਤਵਿੰਦਰ ਸੱਤਾ | ਲਵ ਮਿਨਹਾਸ | ਰਾਣਾ ਸਿੰਘ ਵਿਰਕ



ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਅਹੁਦੇਦਾਰ | ਸੰਤੋਖ ਸਿੰਘ ਡੀ. ਸੀ. | ਪਰਮਿੰਦਰ ਵਾਲੀਆ | ਜੋਧ ਸਿੰਘ ਸਿੱਧੂ | ਰਛਪਾਲ ਖੰਗੂੜਾ | ਚਰਨਜੀਤ ਸਮਰਾ | ਰਵੀ ਹੰਝਰਾ | ਦਪਿੰਦਰ ਸਿੰਘ ਧਾਲੀਵਾਲ | ਗੁਰਲਾਲ ਸਿੰਘ ਭੱਠਲ | ਅਮਰੀਕ ਸਿੰਘ ਸ਼ਿਕਾਗੋ | ਤਾਲੀ ਭੱਠਲ

# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ

## ਸਿਲਵਰ ਸਪਾਂਸਰ



ਮਨਜੀਤ ਸਹੋਤਾ
ਬਚਿੱਤਰ ਸਿੰਘ
ਜਸਪਾਲ ਅਟਵਾਲ
ਮਨਜੀਤ ਮੱਟੂ
ਖੜਕ ਸਿੰਘ
ਸੰਦੀਪ ਸਹੋਤਾ
ਕੁਮਾਰ (ਮੁੰਨਾ ਟੀ ਐਂਡ ਟੀ ਰਿਪੇਅਰ)
ਸ਼ਿੰਦਾ ਮੱਲ੍ਹੀ
ਰਣਜੀਤ ਸਿੰਘ ਬਾਜਵਾ
ਜਸਵਿੰਦਰ ਅਟਵਾਲ



ਬਚਨ ਸਿੰਘ ਗਿੱਲ
ਲਾਲੀ ਸਿੱਧੂ
ਕੁਲਵੰਤ ਢਿੱਲੋਂ
ਪਰਮਜੀਤ ਮਹਿਰਾਜ
ਕੰਵਰਵੀਰ ਸਿੰਘ ਕੇਪੀ
ਗੁਰਦੇਵ ਸਿੰਘ ਜੌੜਾ
ਦੀਪੂ ਟੋਰਾਂਟੋ
ਜੱਗੀ ਟਿਵਾਣਾ
ਕਿੰਦਾ ਟਿਵਾਣਾ
ਮੌਂਟੀ ਸਿੰਘ
ਸੁੱਖਾ ਬੱਲ



ਕੁਲਵਿੰਦਰ ਗਿੱਲ
ਮਨਜਿੰਦਰ ਬੈਨੀਪਾਲ
ਸੁਖਬੀਰ ਸੋਹੀ
ਅਜੀਤਪਾਲ ਸਿੰਘ ਬੈਨੀਪਾਲ
ਇੰਦਰਜੀਤ ਗਰੇਵਾਲ
ਸਨੀ ਗਿੱਲ
ਲਖਵਿੰਦਰ ਸਿੰਘ
ਲਖਵੀਰ ਸਿੰਘ ਭੁੱਲਰ
ਕੁਲਵੰਤ ਸੁੰਨਰ
ਸੁਖਾ ਧਾਲੀਵਾਲ
ਇੰਦੂ ਗਾਖਲ
ਮੁਕੰਦ ਸਿੰਘ ਮਾਂਗਟ



ਭਿੰਦਰ ਪੰਮਾ
ਹਰਭਜਨ ਸਿੰਘ ਚਾਹਲ
ਆਗਿਆਪਾਲ ਚਾਹਲ
ਸੁਖਵੰਤ ਪਹਿਲਵਾਨ
ਲੱਕੀ ਸਿੰਘ ਮਿਲਵਾਕੀ
ਬਲਜਿੰਦਰ ਲਾਲੀ
ਨਾਗਰਾ ਭੈਣ-ਭਰਾ
ਕੁਲਵਿੰਦਰ ਬੱਬੀ
ਸਿਕੰਦਰ ਸਿੰਘ ਔਜਲਾ
ਸ. ਚਰਨ ਸਿੰਘ ਨਾਗਰਾ
ਗੁਰਚਰਨ ਝਾਵਰ



ਸੁਖਵੀਰ ਸਿੰਘ ਗਿੱਲ
ਬਲਵੀਰ ਸਿੰਘ ਝਾਵਰ
ਲਖਵੰਤ ਸਿੰਘ ਕੋਮਲ
ਗਗਨਦੀਪ ਸਿੰਘ
ਕਿਰਪਾਲ ਸਿੰਘ
ਰਵਿੰਦਰ ਸਿੰਘ ਰਵੀ
ਗਗਨਦੀਪ ਰੰਧਾਵਾ
ਭੁਪਿੰਦਰ ਸਿੰਘ ਧਾਲੀਵਾਲ
ਤੇਜਵੀਰ ਸੰਧੂ
ਹਰਿੰਦਰ ਸਿੰਘ ਰਾਣਾ
ਜਰਨੈਲ ਸਿੰਘ ਰਾਏ
ਸਤਵੀਰ ਬਾਠ



ਕੁਲਵੰਤ ਨਾਗਰਾ
ਗੁਰਮੇਲ ਸਿੰਘ ਅਟਵਾਲ
ਖੇਮ ਸਿੰਘ ਵਿਰਕ
ਸਰਵਣ ਸਿੰਘ ਟਿਵਾਣਾ
ਦਰਸ਼ਨ ਸਿੰਘ ਬਸਰਾਓਂ
ਬਲਜਿੰਦਰ ਰਾਏ
ਰਾਣਾ ਕੰਗ
ਅਯੁਧਿਆ ਸਲਵਾਨ
ਸੋਨੀ ਸਹੋਤਾ ਸਿਆਟਲ
ਮਨਜੀਤ ਸਿੰਘ
ਪ੍ਰਦੀਪ ਸਲਵਾਨ



ਸੁਖਦੀਪ ਗੁੱਗੂ
ਬਲਕਾਰ ਢਿੱਲੋਂ
ਬਿੰਦਾ ਔਜਲਾ
ਹਰਿੰਦਰ ਸਿੱਧੂ
ਮਨਦੀਪ ਸਿੰਘ
ਮਿੱਤਾ ਸਮਾਣਾ
ਰਾਣਾ ਆਨੰਦਪੁਰ ਸਾਹਿਬ
ਰੌਬੀ ਸੇਖੋਂ
ਅਵਤਾਰ ਕਲੇਰ
ਸ਼ਰਨਪ੍ਰੀਤ ਸਿੰਘ
ਲਾਲੀ ਟਿਵਾਣਾ

**ਸਹਿਯੋਗੀ ਸੱਜਣ:** ਸੁਭਾਸ਼ ਸਿੰਘ, ਅਮਰੀਕਪਾਲ ਸਿੰਘ, ਗੁਰਮੀਤ ਸਿੰਘ, ਗੁਰਮੀਤ ਕਲਸੀ, ਪਰਦੀਪ ਸਿੰਘ, ਹਰਜਿੰਦਰ ਸਿੰਘ, ਅਨਮੋਲਪ੍ਰੀਤ ਸਿੰਘ, ਪਾਲ ਧਾਲੀਵਾਲ, ਤਰਲੋਚਨ ਸਿੰਘ ਗਿੱਲ, ਸਤਨਾਮ ਸਿੰਘ ਸੰਧੂ, ਰਾਜਾ ਵਿਰਕ, ਗੁਰਬਚਨ ਸਿੰਘ, ਕੁਲਵੰਤ ਸਿੰਘ ਨਾਗਰਾ, ਹਰਪਾਲ ਸਿੰਘ ਗਿੱਲ, ਗੁਰਚਰਨ ਸਿੰਘ ਗਿੱਲ, ਸਤਨਾਮ ਸਿੰਘ (ਹੰਟਲੀ), ਜਗਤਾਰ ਸਿੰਘ ਸੈਣੀ, ਹਰਵਿੰਦਰਪਾਲ ਸਿੰਘ ਲੈਲ, ਚਿਤਵੰਤ ਸਿੰਘ, ਗੁਰਮਿੰਦਰ ਸਿੰਘ ਪੰਧੇਰ, ਸਤਵੰਤ ਸਿੰਘ ਅਟਵਾਲ, ਜਗਦੀਪ ਅਤੇ ਹਰਿੰਦਰ ਗਿੱਲ (ਵਿਨੀਪੈਗ), ਟੋਰਾਂਟੋ ਤੋਂ ਹਨੀ ਵਿਰਕ, ਜੋਤੀ ਢਿੱਲੋਂ, ਹਰਵਿੰਦਰ ਕੰਗ, ਨਿਰਮਲ ਬਰਾੜ, ਕਾਕਾ ਚਾਹਲ, ਬਿੱਲਾ ਸਿੱਧੂ ਤੇ ਕਿਰਨਾ ਢਿੱਲੋਂ; ਹਰਜਿੰਦਰ ਸਿੰਘ ਲੱਧਰ, ਸੰਨੀ ਸ਼ਿਕਾਗੋ, ਦੀਪੂ, ਪਰਮਿੰਦਰ ਸਿੰਘ, ਰਣਵੀਰ ਸਿੰਘ, ਜਸ਼ਨਵੀਰ ਸਿੰਘ ਢਿੱਲੋਂ, ਬਾਈ ਗੁਰਮੀਤ ਸਿੰਘ ਨਾਗਰਾ, ਹਰਦੀਪ ਸਹੋਤਾ, ਪਰਦੀਪ ਸਿੰਘ ਬੇਕਰਜ਼ਫੀਲਡ।

# Shere Punjab Sports and Cultural Club, Chicago

## ਸਿਲਵਰ ਸਪਾਂਸਰ




ਕਰਨ ਗਾਖਲ | ਰਵਿੰਦਰ ਗਾਖਲ | ਮਨੀ ਧਾਲੀਵਾਲ | ਰਾਣਾ ਸੇਖੋਂ | ਪੱਪੂ ਫੋਰਟਵੇਨ | ਜਗਤਾਰ ਗਾਖਲ | ਹਨੀ ਮਾਨ | ਨਵਜੋਤ ਗਾਖਲ | ਸੰਦੀਪ ਢਿੱਲੋਂ | ਹੈਪੀ ਗਰੇਵਾਲ



ਰਾਜਿੰਦਰ ਸਿੰਘ ਸੋਨੂੰ | ਅਰਸ਼ਦੀਪ ਭੋਗਲ | ਡਾ. ਵਿਕਰਮ ਸਿੰਘ ਗਿੱਲ | ਗੁਰਪ੍ਰੀਤ ਸਿੱਧੂ | ਪੁਨੀਤ ਢਿੱਲੋਂ | ਸੋਨੀ ਔਜਲਾ | ਗੁਰਮੁਖ ਸਿੰਘ ਭੁੱਲਰ | ਸੋਨੂੰ ਤੇ ਸੁੱਚਾ ਟਿਵਾਣਾ | ਹਰਜਿੰਦਰ ਸਿੰਘ ਓਹਾਇਓ | ਅਜੈਬ ਸਿੰਘ ਸੰਧੂ



ਮਨਰਾਜ ਨੋਨਾ | ਮਨਜੀਤ ਸਿੰਘ | ਪਾਲੀ ਧਾਲੀਵਾਲ | ਹੈਪੀ ਸਿੰਘ | ਨਰਿੰਦਰ ਸਿੰਘ ਸਰਾਂ | ਰਜਿੰਦਰ ਸਿੰਘ ਦਿਆਲ | ਹਰਵਿੰਦਰ ਸਿੰਘ ਬਿੱਲਾ | ਹਰਦੀਪ ਸਿੰਘ ਗਿੱਲ | ਅੰਮ੍ਰਿਤਪਾਲ ਸਿੰਘ ਸੰਘਾ | ਜੱਸੀ ਖਹਿਰਾ | ਗੁਰਪ੍ਰੀਤ ਤੂਰ | ਗੁਰਪ੍ਰੀਤ ਸਿੰਘ ਗੇਹਲਣ



ਹਰਕੀਰਤ ਸਿੰਘ ਸੰਧੂ | ਲਖਬੀਰ ਸਿੰਘ ਸੰਧੂ | ਹਰਜੀਤ ਸਿੰਘ ਗਿੱਲ | ਜੈਰਾਮ ਸਿੰਘ ਕਾਹਲੋਂ | ਬਲਦੇਵ ਸਿੰਘ ਗਿੱਲ | ਰਾਜ ਬੋਪਾਰਾਏ | ਗੁਲਜ਼ਾਰ ਵਿਰਕ | ਜਰਨੈਲ ਸਿੰਘ ਗਰੇਵਾਲ | ਯਾਦਵਿੰਦਰ ਸਿੰਘ ਗਰੇਵਾਲ | ਬਲਵਿੰਦਰ ਸਿੰਘ ਵਿਰਕ | ਮੇਜਰ ਸਿੰਘ ਹਿਊਸਟਨ | ਦੀਪਕ ਸਿੰਘ ਰਾਏ



ਸੁਖਪ੍ਰੀਤ ਸਿੰਘ ਬੱਲ | ਸੁਵਿੰਦਰ ਸਿੰਘ | ਲਵਦੀਪ ਸਿੰਘ | ਮਨੀ ਦਾਤਲਾ | ਨਵਪ੍ਰੀਤ ਸਿੰਘ ਬਾਜਵਾ | ਰਵੀ ਦਾਤਲਾ | ਹੈਪੀ | ਸੁਲਤਾਨ | ਬੱਲੀ ਚੱਠਾ | ਸਾਬੀ ਧੀਰ | ਗੋਰਾ



ਟੋਨੀ ਸੰਘੇੜਾ | ਹਰਜੀਤ ਸਿੰਘ | ਸਿਕੰਦਰ ਸਿੰਘ ਬਿੱਟੂ | ਨਿਧਾਨ ਸਿੰਘ | ਤਾਰੀ | ਦਰਸ਼ਨ ਸਿੰਘ | ਸੀਤਾ ਬੱਲ | ਸਨੀ ਕੁਲਾਰ | ਰੰਮੀ ਗਰੇਵਾਲ | ਪ੍ਰਭਜੋਤ ਘੁੰਮਣ | ਸੁਰਿੰਦਰ ਸਿੰਘ ਭਾਟੀਆ | ਗੁਰਮੁਖ ਸਿੰਘ



ਹੈਰੀ ਗਿੱਲ | ਮਨਜਿੰਦਰ ਮੰਨਾ | ਜਿੰਪੀ ਸਰਪੰਚ | ਅਰੁਨਦੀਪ ਫਰਿਜ਼ਨੋ | ਗੁਰਪ੍ਰੀਤ ਗੁਰੀ | ਸਤਨਾਮ ਸਿੱਧੂ | ਦਮਨ ਅਤੇ ਤਨੂ ਵਿਰਕ | ਜਥੇਦਾਰ ਚਰਨ ਸਿੰਘ | ਸਵ. ਪ੍ਰਿਤਪਾਲ ਸਿੰਘ ਗਿੱਲ ਅਤੇ ਸ. ਰਣਧੀਰ ਸਿੰਘ ਵਿਰਕ

ਗੁਰਦੁਆਰਾ ਸਾਹਿਬਾਨ ਦੀਵਾਨ ਐਵੇਨਿਊ ਸ਼ਿਕਾਗੋ ਅਤੇ ਪੈਲਾਟਾਈਨ, ਵਲੋਂ ਵਿਸ਼ੇਸ਼ ਸਹਿਯੋਗ

TOM CARRIS
@properties

SWERA
SIKH WOMEN ERA

ਬੱਚਿਆਂ ਲਈ ਫਰੀ ਪੀਜ਼ਾ
ਵਲੋਂ: Expedited Transport

Solutions Financial
Mortgage Company

Media
ਰੇਡੀਓ ਚੰਨ

Regal Jewels
Ph: 773-262-4377
www.RegalJewels.Com

# ਪੰਜਾਬ ਦੀ ਨਵੀਂ ਸਰਕਾਰ: ਪਿੰਡ ਹਾਲੇ ਬੱਝਾ ਨਹੀਂ, ਉਚੱਕੇ ਪਹਿਲਾਂ ਹੀ ਸਰਗਰਮ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਦੀ ਨਵੀਂ ਬਣੀ ਸਰਕਾਰ ਆਪਣੇ ਦੋ ਮਹੀਨੇ ਪੂਰੇ ਕਰਨ ਤੋਂ ਪਹਿਲਾਂ ਹੀ ਬਹੁਤ ਸਾਰੇ ਸੰਕਟਾਂ ਨਾਲ ਸਿੱਝਣ ਵਾਲੀ ਸਥਿਤੀ ਵਿਚ ਫਸੀ ਨਜ਼ਰ ਆਉਂਦੀ ਹੈ। ਰਾਜ ਦੀ ਵਿਰੋਧੀ ਧਿਰ ਦੀਆਂ ਪ੍ਰਮੁੱਖ ਤਿੰਨੇ ਪਾਰਟੀਆਂ ਦੇ ਵਫਦ ਪੰਜਾਬ ਦੇ ਗਵਰਨਰ ਕੋਲ ਇਸ ਸਰਕਾਰ ਦੇ ਖ਼ਿਲਾਫ਼ ਮੈਮੋਰੈਂਡਮ ਦੇ ਆਏ ਹਨ ਤੇ ਜਨਤਕ ਤੌਰ ਉੱਤੇ ਇਹ ਮੰਗ ਚੁੱਕਣ ਲੱਗੇ ਹਨ ਕਿ ਇਹ ਸਰਕਾਰ ਅਸਤੀਫਾ ਦੇ ਦੇਵੇ। ਸਾਡੇ ਚੇਤੇ ਵਿਚ ਏਦਾਂ ਦੀ ਕੋਈ ਸਰਕਾਰ ਨਹੀਂ, ਜਿਹੜੀ ਬਣੀ ਨੂੰ ਹਾਲੇ ਦੋ ਮਹੀਨੇ ਨਾ ਹੋਏ ਹੋਣ ਅਤੇ ਉਸ ਦੇ ਖ਼ਿਲਾਫ ਮੰਗ-ਪੱਤਰ ਦੇਣ ਤੇ ਅਸਤੀਫਾ ਮੰਗਣ ਦੀ ਖੇਡ ਚੱਲ ਪਈ ਹੋਵੇ ਅਤੇ ਇਸ ਕੰਮ ਵਿਚ ਆਪਸੀ ਮੱਤਭੇਦ ਲਾਂਭੇ ਰੱਖ ਕੇ ਸਭ ਵਿਰੋਧੀ ਧਿਰਾਂ ਇਕੱਠੀਆਂ ਹੋ ਗਈਆਂ ਹੋਣ। ਕੁਝ ਸੱਜਣ ਇਹ ਕਹਿ ਰਹੇ ਹਨ ਕਿ ਇਸ ਖੇਡ ਦੀਆਂ ਤਾਰਾਂ ਪੰਜਾਬ ਵਿਚੋਂ ਨਹੀਂ, ਬਾਹਰ ਤੋਂ ਹਿਲਾਈਆਂ ਜਾ ਰਹੀਆਂ ਹਨ ਅਤੇ ਪੰਜਾਬ ਵਿਚਲੇ ਇਹ ਆਗੂ ਅਗਲੀਆਂ ਚੋਣਾਂ ਵਿਚ ਆਪੋ ਵਿਚ ਹੱਥ ਮਿਲਾਉਣ ਲਈ ਤਿਆਰੀਆਂ ਕਰਦੇ ਵੀ ਸੁਣਦੇ ਹਨ। ਕਾਂਗਰਸ ਵਾਲੇ ਕਦੀ ਵੀ ਅਕਾਲੀ ਦਲ ਨਾਲ ਸਿੱਧੀ ਸਾਂਝ ਨਹੀਂ ਪਾ ਸਕਦੇ, ਪਰ ਜ਼ਰਾ ਓਹਲੇ ਨਾਲ ਜਿਸ ਤਰ੍ਹਾਂ ਉਹ ਅੱਗੇ ਇੱਕ-ਦੂਸਰੀ ਧਿਰ ਨਾਲ ਮਿਲ ਕੇ ਆਪਣਾ ਬੰਦਾ ਹਰਾਉਣ ਤੇ ਦੂਸਰਿਆਂ ਦਾ ਜਿਤਾਉਣ ਦੀ ਖੇਡ ਖੇਡਦੇ ਹਨ, ਅਗਲੀ ਵਾਰੀ ਏਦਾਂ ਕਰਨ ਲਈ ਅਗੇਤੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਸੁਣੀਂਦੀਆਂ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਵਿਧਾਨ ਸਭਾ ਮੈਂਬਰ ਵਜੋਂ ਸਹੁੰ ਚੁੱਕਣ ਤੋਂ ਪਹਿਲਾਂ ਸੰਗਰੂਰ ਵਾਲੀ ਲੋਕ ਸਭਾ ਸੀਟ ਤੋਂ ਅਸਤੀਫਾ ਦੇ ਦਿੱਤਾ ਸੀ ਤੇ ਉਸ ਦੀ ਉਪ ਚੋਣ ਵੇਲੇ ਇਹ ਪਾਰਟੀਆਂ ਆਪਸ ਵਿਚ ਹੱਥ ਮਿਲਾਉਣ ਤੇ ਨਵੀਂ ਸਰਕਾਰ ਨੂੰ ਠਿੱਬੀ ਲਾਉਣ ਦਾ ਮਨ ਬਣਾਈ ਬੈਠੀਆਂ ਹੋਣ ਦੀ ਚਰਚਾ ਵੀ ਮੀਡੀਆ ਵਿਚ ਹੈ। ਇਹ ਖੇਡ ਕਿਸੇ ਕੰਮ ਆਵੇਗੀ ਕਿ ਨਹੀਂ, ਇਸ ਬਾਰੇ ਕੋਈ ਨਹੀਂ ਦੱਸ ਸਕਦਾ।

ਸਥਿਤੀ ਦਾ ਦੂਸਰਾ ਪਾਸਾ ਇਹ ਹੈ ਕਿ ਪੰਜਾਬ ਇੱਕ ਖਾਸ ਕਿਸਮ ਦੇ ਮਾਫੀਆ ਜਾਲ ਦੀ ਜਕੜ ਵਿਚ ਹੈ ਤੇ ਇਸ ਜਕੜ ਨੂੰ ਤੋੜਨਾ ਨਵੀਂ ਸਰਕਾਰ ਲਈ ਸੌਖਾ ਕੰਮ ਨਹੀਂ। ਨਵੀਂ ਸਰਕਾਰ ਮਾਫੀਆ ਜਕੜ ਨੂੰ ਤੋੜਨਾ ਚਾਹੇ ਤਾਂ ਉਹ ਲੋਕ ਪੰਜਾਬ ਦਾ ਕੰਮ-ਕਾਰ ਠੱਪ ਕਰ ਸਕਣ ਦੀ ਤਾਕਤ ਰੱਖਦੇ ਹਨ। ਮਿਸਾਲ ਵਜੋਂ ਰੇਤ ਦੀਆਂ ਖੱਡਾਂ ਵਿਚ ਹੁੰਦੀ ਨਾਜਾਇਜ਼ ਮਾਈਨਿੰਗ ਰੋਕਣੀ ਹੋਵੇ ਤਾਂ ਉਨ੍ਹਾਂ ਨੂੰ ਖੂੰਜੇ ਧੱਕ ਕੇ ਸਿੱਧੀ ਮਾਈਨਿੰਗ ਨਾਲ ਲੋਕਾਂ ਨੂੰ ਰੇਤ ਦੇਣੀ ਹੋਵੇਗੀ। ਕਹਿਣਾ ਸੌਖਾ ਹੋ ਸਕਦਾ ਹੈ, ਅਮਲ ਵਿਚ ਇਹ ਕੰਮ ਏਨਾ ਸੌਖਾ ਨਹੀਂ। ਮਾਫੀਆ ਲਈ ਕੰਮ ਕਰਦੀ ਧਾੜ ਨੂੰ ਉਨ੍ਹਾਂ ਵੱਲੋਂ ਸਿਰਫ ਇੱਕ ਇਸ਼ਾਰਾ ਮਿਲਣ ਦੀ ਦੇਰ ਹੈ, ਇਹ ਸਾਰੇ ਕੰਮ ਬੰਦ ਕਰ ਕੇ ਬੈਠ ਜਾਣਗੇ ਤੇ ਪੰਜਾਬ ਵਿਚ ਨਾ ਰੇਤ ਮਿਲੇਗੀ, ਨਾ ਬੱਜਰੀ ਤੇ ਨਾ ਉਸਾਰੀ ਦੇ ਕੰਮਾਂ ਲਈ ਲੋੜੀਂਦਾ ਹੋਰ ਸਾਮਾਨ ਮਿਲੇਗਾ। ਸ਼ਰਾਬ ਮਾਫੀਆ ਹਰ ਸਰਕਾਰ ਨੂੰ ਬਲੈਕਮੇਲ



ਕਰਦਾ ਤੇ ਆਪਣੀ ਮਰਜ਼ੀ ਨਾਲ ਠੇਕੇ ਚਲਾਉਂਦਾ ਰਿਹਾ ਹੈ, ਉਸ ਦੀ ਮਰਜ਼ੀ ਦੇ ਬਗੈਰ ਕੰਮ ਕਰਨਾ ਸ਼ੁਰੂ ਕੀਤਾ ਤਾਂ ਅਗਲੇ ਦਿਨਾਂ ਵਿਚ ਸਭ ਠੇਕੇ ਬੰਦ ਕਰ ਦੇਣਗੇ ਅਤੇ ਸਰਕਾਰ ਕੋਲ ਬਦਲ ਨਹੀਂ ਹੋਵੇਗਾ। ਜਿਨ੍ਹਾਂ ਫੈਕਟਰੀਆਂ ਵਿਚ ਸ਼ਰਾਬ ਬਣਾ ਕੇ ਸਪਲਾਈ ਹੁੰਦੀ ਹੈ, ਉਨ੍ਹਾਂ ਨਾਲ ਮਾਫੀਆ ਦੀਆਂ ਸਾਂਝਾਂ ਤਾਂ ਹੋ ਸਕਦੀਆਂ ਹਨ, ਨਵੀਂ ਸਰਕਾਰ ਦੀਆਂ ਨਹੀਂ।

ਮੈਂ ਬਹੁਤ ਸਾਰੇ ਏਦਾਂ ਦੇ ਖੇਤਰ ਗਿਣਾ ਸਕਦਾ ਹਾਂ, ਜਿਨ੍ਹਾਂ ਵਿਚ ਮਾਫੀਆ ਆਪਣੀ ਮਰਜ਼ੀ ਮੁਤਾਬਕ ਸਾਰਾ ਕੁਝ ਚੱਲਦਾ ਰੱਖਣ ਦੀ ਆਦੀ ਹੈ ਅਤੇ ਨਵੀਂ ਸਰਕਾਰ ਬਣਦੇ ਸਾਰ ਉਸ ਦੇ ਸਰਗਣੇ ਮੀਟਿੰਗਾਂ ਲਾਉਂਦੇ ਤੇ ਸਰਕਾਰ ਦੇ ਨਾਸੀਂ ਧੂੰਆਂ ਦੇਣ ਲਈ ਗੋਂਦਾਂ ਗੁੰਦਦੇ ਸੁਣੇ ਜਾਂਦੇ ਹਨ। ਅੱਜ-ਕੱਲ੍ਹ ਪੰਚਾਇਤੀ ਜ਼ਮੀਨਾਂ ਦੇ ਕਬਜ਼ੇ ਛੁਡਾਉਣ ਵਾਲੀ ਮੁਹਿੰਮ ਨਵੀਂ ਸਰਕਾਰ ਦੇ ਪੰਚਾਇਤ ਮੰਤਰੀ ਨੇ ਸ਼ੁਰੂ ਕੀਤੀ ਅਤੇ ਕਈ ਥਾਈਂ ਏਦਾਂ ਕਬਜ਼ੇ ਛੁਡਾਏ ਹਨ। ਸਾਡੀ ਸਮਝ ਸੀ ਕਿ ਪੰਜਾਬ ਵਿਚ ਪੰਜਾਹ ਹਜ਼ਾਰ ਏਕੜ ਜ਼ਮੀਨਾਂ ਉੱਤੇ ਨਾਜਾਇਜ਼ ਕਬਜ਼ੇ ਹੋ ਸਕਦੇ ਹਨ, ਪਰ ਪੰਚਾਇਤ ਵਿਭਾਗ ਦੇ ਇੱਕ ਸੀਨੀਅਰ ਅਫਸਰ ਨੇ ਇਹ ਹੈਰਾਨੀ ਵਾਲੀ ਗੱਲ ਕਹਿ ਦਿੱਤੀ ਕਿ ਪੰਜਾਬ ਵਿਚ ਛੇ ਲੱਖ ਏਕੜ ਜ਼ਮੀਨ ਵੀ ਨਾਜਾਇਜ਼ ਕਬਜ਼ੇ ਹੇਠ ਹੋ ਸਕਦੀ ਹੈ। ਇਹ ਕਬਜ਼ੇ ਸਿਆਸੀ ਲੋਕਾਂ ਨੇ ਕੀਤੇ ਹਨ, ਸੀਨੀਅਰ ਸਿਵਲ ਜਾਂ ਪੁਲਸ ਅਫਸਰਾਂ ਨੇ ਵੀ ਅਤੇ ਉਨ੍ਹਾਂ ਦੀ ਸ਼ਹਿ ਨਾਲ ਸੰਬੰਧਤ ਪਿੰਡਾਂ ਵਿਚ ਬਦਮਾਸ਼ਾਂ ਨੇ ਵੀ ਇਹੋ ਕੁਝ ਕੀਤਾ ਪਿਆ ਹੈ। ਇਸ ਹਫਤੇ ਸਾਨੂੰ ਇਹ ਖਬਰ ਪੜ੍ਹਨ ਨੂੰ ਮਿਲੀ ਕਿ ਜਲੰਧਰ ਜ਼ਿਲ੍ਹੇ ਦੇ ਇੱਕ ਛੋਟੇ ਜਿਹੇ ਪਿੰਡ ਦੀ ਬਾਈ ਏਕੜ ਪੰਚਾਇਤੀ ਜ਼ਮੀਨ ਉੱਤੇ ਇੱਕ ਸੀਨੀਅਰ ਆਈ ਏ ਐੱਸ ਅਫਸਰ ਨੇ ਸਾਲ 1987 ਵਿਚ ਨਾਜਾਇਜ਼ ਕਬਜ਼ਾ ਕੀਤਾ ਸੀ, ਪੈਂਤੀ ਸਾਲ ਲੰਘ ਗਏ ਤੇ ਕਿਸੇ ਸਰਕਾਰ ਦੇ ਵਕਤ ਵੀ ਇਹ ਕਬਜ਼ਾ ਨਹੀਂ ਛੁਡਾਇਆ ਗਿਆ। ਉਹ ਅਫਸਰ ਰਿਟਾਇਰ ਹੋਣ ਦੇ ਬਾਅਦ ਸੰਸਾਰ ਤੋਂ ਚਲਾ ਗਿਆ ਤਾਂ ਉਸ ਦੇ ਪਰਿਵਾਰ ਨੇ ਬਾਅਦ ਵਿਚ ਵੀ ਕਬਜ਼ਾ ਕਰੀ ਰੱਖਿਆ ਸੀ। ਨਵੀਂ ਸਰਕਾਰ ਨੇ ਆ ਕੇ ਛੁਡਾ ਲਿਆ ਹੈ। ਮਾਝੇ ਵਿਚਲੇ ਇੱਕ ਪਿੰਡ ਬਾਰੇ ਪਤਾ ਲੱਗਾ ਹੈ ਕਿ ਓਥੇ ਕਈ ਸੌ ਏਕੜ ਜ਼ਮੀਨ ਉੱਤੇ ਜਿਸ ਜ਼ੋਰਾਵਰ ਦਾ ਨਾਜਾਇਜ਼ ਕਬਜ਼ਾ ਹੈ, ਉਸ ਹਲਕੇ ਦਾ ਵਿਧਾਇਕ ਅਕਾਲੀ ਹੋਵੇ ਜਾਂ ਕਾਂਗਰਸੀ, ਜਿੱਤਣ ਪਿੱਛੋਂ ਸਾਰੇ ਵਿਧਾਇਕ ਉਸ ਪਿੰਡ ਵਿਚ ਓਸੇ ਦੇ ਘਰ ਆਉਂਦੇ ਸਨ ਅਤੇ ਸਰਕਾਰੀ ਸਮਾਗਮਾਂ ਵਿਚ ਉਸ ਨੂੰ ਟਰਾਫੀਆਂ ਅਤੇ ਮੂਮੈਂਟੋ ਮਿਲਦੇ ਹਨ। ਜਦੋਂ ਰਾਜਨੀਤੀ ਦਾ ਚੱਕਾ ਕਿਸੇ ਪਾਸਿਉਂ ਵੀ ਘੁੰਮੇ, ਉਸ ਦਾ ਘਰ ਰਾਜਨੀਤੀ ਦਾ ਧੁਰਾ ਬਣਿਆ ਰਹਿੰਦਾ ਹੈ ਤਾਂ ਕਬਜ਼ਾ ਕੌਣ ਤੁੜਾਏਗਾ? ਨਵੀਂ ਸਰਕਾਰ ਨੇ ਕਹਿ ਦਿੱਤਾ ਹੈ ਕਿ ਏਦਾਂ ਦੇ ਕਬਜ਼ੇ ਤੁੜਾਉਣੇ ਹਨ ਤਾਂ ਅਫਸਰਸ਼ਾਹੀ ਦਾ ਇੱਕ ਹਿੱਸਾ ਡਿਊਟੀ ਵਜੋਂ ਇਸ ਸਰਕਾਰ ਦੇ ਨਾਲ ਤੁਰਿਆ ਜਾਂਦਾ ਦਿਸਦਾ ਹੈ, ਪਰ ਅੰਦਰੋਂ ਪੁਰਾਣੀਆਂ ਸਾਂਝ ਦੀਆਂ ਤੰਦਾਂ ਹੋਣ ਕਾਰਨ ਉਹ ਹਰ ਅਗਲੇ ਕਦਮ ਦੀ ਅਗੇਤੀ ਸੂਹ ਪੁਰਾਣੇ ਮਿੱਤਰਾਂ ਨੂੰ ਦੇ ਸਕਦੇ ਹਨ। ਨਵੀਂ ਸਰਕਾਰ ਕੁਝ ਕੰਮ ਕਰੇਗੀ ਜਾਂ ਅਫਸਰਾਂ ਦੇ ਫੋਨ ਟੈਪਿੰਗ ਕਰਨ ਦੇ ਲਈ ਵਕਤ ਜ਼ਾਇਆ ਕਰਦੀ ਰਹੇਗੀ, ਇਹ ਵੀ ਬਹੁਤ ਵੱਡਾ ਸਵਾਲ ਹੈ, ਜਿਸ ਦਾ ਜਵਾਬ ਨਹੀਂ ਮਿਲਦਾ।

ਸਰਕਾਰੀ ਸਕੀਮਾਂ ਨੂੰ ਵਰਤਣ ਵਾਲਾ ਮਾਫੀਆ ਅੱਜ ਵੀ ਸਕੱਤਰੇਤ ਵਿਚ ਫਿਰਦਾ ਹੈ ਤੇ ਉਹ ਕਿਸ ਤਰ੍ਹਾਂ ਕੰਮ ਕਰਦਾ ਹੈ, ਇਸ ਦੀ ਇੱਕ ਵੰਨਗੀ ਅਸੀਂ ਦੱਸ ਸਕਦੇ ਹਾਂ। ਕਈ ਸਾਲ ਪਹਿਲਾਂ ਇੱਕ ਛੋਟੇ ਸ਼ਹਿਰ ਦੇ ਬਾਹਰਵਾਰ ਸਸਤੀ ਜਿਹੀ ਜ਼ਮੀਨ ਲਈ ਅਚਾਨਕ ਗ੍ਰਾਹਕ ਆਏ ਅਤੇ ਮੁੱਲ ਪੁੱਛ ਕੇ ਜਿੰਨਾ ਕਿਸਾਨਾਂ ਨੇ ਦੱਸਿਆ, ਉਸ ਤੋਂ ਦਸ ਹਜ਼ਾਰ ਰੁਪਏ ਕਿੱਲੇ ਦੇ ਵੱਧ ਨਾਲ ਕਰੀਬ ਡੇਢ ਕਰੋੜ ਰੁਪਏ ਦੀ ਜ਼ਮੀਨ ਖਰੀਦ ਕੇ ਨਕਦ ਪੈਸੇ ਦੇ ਕੇ ਰਜਿਸਟਰੀ ਕਰਵਾ ਲਈ। ਆਮ ਤੌਰ ਉੱਤੇ ਏਦਾਂ ਖਰੀਦੀ ਜ਼ਮੀਨ ਦੀ ਸਰਕਾਰੀ ਰਿਕਾਰਡ ਵਿਚ ਐਂਟਰੀ, ਜਿਸ ਨੂੰ ਇੰਤਕਾਲ ਕਿਹਾ ਜਾਂਦਾ ਹੈ, ਹੋਣ ਵਿਚ ਪੰਜ-ਸੱਤ ਮਹੀਨੇ ਲੱਗ ਸਕਦੇ ਹਨ, ਪਰ ਹੈਰਾਨੀ ਦੀ ਗੱਲ ਹੈ ਕਿ ਉਸ ਜ਼ਮੀਨ ਦਾ ਇੰਤਕਾਲ ਦੋ ਦਿਨਾਂ ਵਿਚ ਕਰ ਦਿੱਤਾ ਗਿਆ ਅਤੇ ਘੇਰੇ-ਘੇਰੇ ਕੰਡੇਦਾਰ ਤਾਰ ਦੀ ਵਾੜ ਕਰ ਦਿੱਤੀ ਗਈ। ਅਗਲੇ ਹਫਤੇ ਅਖਬਾਰਾਂ ਵਿਚ ਇਸ਼ਤਿਹਾਰ ਛਪਿਆ ਕਿ ਉਸ ਜ਼ਮੀਨ ਉੱਤੇ ਫਲਾਣਾ ਸਰਕਾਰੀ ਪ੍ਰਾਜੈਕਟ ਲੱਗਣਾ ਹੈ, ਨਾ ਪੰਜ-ਦਸ ਫੁੱਟ ਵੱਧ ਅਤੇ ਨਾ ਘੱਟ, ਖਰੀਦੀ ਗਈ ਸਾਰੀ ਜ਼ਮੀਨ ਉਸ ਨਕਸ਼ੇ ਵਿਚ ਆ ਗਈ ਅਤੇ ਸਰਕਾਰੀ ਰੇਟ ਮੁਤਾਬਕ ਸਾਢੇ ਸੱਤ ਕਰੋੜ ਰੁਪਏ ਉਸ ਟੋਲੀ ਦੀ ਜੇਬ ਵਿਚ ਪੈ ਗਏ, ਜਿਨ੍ਹਾਂ ਨੇ ਮਸਾਂ ਡੇਢ ਕਰੋੜ ਦੀ ਜ਼ਮੀਨ ਖਰੀਦੀ ਸੀ। ਇਸ ਘਪਲੇ ਦੀ ਸ਼ਿਕਾਇਤ ਹੋਈ ਤਾਂ ਜਾਂਚ ਅਫਸਰ ਵੀ ਉਨ੍ਹਾਂ ਦੇ ਆਪਣੇ ਹੋਣ ਕਰਕੇ ਰਿਪੋਰਟ ਵਿਚ ਇਹ ਲਿਖ ਦਿੱਤਾ ਕਿ ਇਹ ਸਿਰਫ ਕੋ-ਇਨਸੀਡੈਂਸ (ਮੌਕਾ-ਮੇਲ) ਸੀ, ਉਂਜ ਇਸ ਵਿਚ ਕੋਈ ਸਾਜ਼ਿਸ਼ ਵਰਗੀ ਗੱਲ ਨਜ਼ਰ ਨਹੀਂ ਆਈ। ਜਿਨ੍ਹਾਂ ਲੋਕਾਂ ਨੇ ਉਹ ਚੁਸਤੀ ਕੀਤੀ ਸੀ, ਇਸ ਵਕਤ ਵੀ ਉਹ ਲੋਕ ਪੰਜਾਬ ਦੇ ਸਿਵਲ ਸਕੱਤਰੇਤ ਵਿਚ ਘੁੰਮਦੇ ਨਜ਼ਰ ਪੈ ਜਾਂਦੇ ਹਨ ਤੇ ਆਮ ਕਰਕੇ ਬਹੁਤ ਵੱਡੇ ਅਫਸਰਾਂ ਕੋਲ ਬੈਠੇ ਦਿਖਾਈ ਦੇਂਦੇ ਹਨ। ਨਵੀਂ ਬਣੀ ਸਰਕਾਰ ਨੂੰ ਇਸ ਚੱਕਰ ਦਾ ਪਤਾ ਹੀ ਨਹੀਂ ਲੱਗਦਾ।

ਸਾਡੀ ਸਮਝ ਹੈ ਅਤੇ ਲੱਗਦਾ ਹੈ ਕਿ ਪੰਜਾਬ ਦੇ ਲੋਕਾਂ ਦੀ ਸਮਝ ਵੀ ਇਹੋ ਹੈ ਕਿ ਨਵੀਂ ਸਰਕਾਰ ਦੇ ਮੁੱਖ ਮੰਤਰੀ ਜਾਂ ਉਸ ਦੇ ਮੰਤਰੀਆਂ ਦੀ ਨੀਤ ਵਿਚ ਕੋਈ ਖੋਟ ਨਾ ਵੀ ਹੋਵੇ ਤਾਂ ਉਨ੍ਹਾਂ ਦੇ ਘੇਰੇ ਜਿਹੜੀ ਬਦਮਾਸ਼ਾਂ ਦੀ ਧਾੜ ਫਿਰਦੀ ਹੈ, ਉਸ ਤੋਂ ਬਚ ਕੇ ਕੰਮ ਕਰਨਾ ਉਨ੍ਹਾਂ ਲਈ ਬਹੁਤ ਔਖਾ ਹੈ। ਇਹ ਸ਼ਤਰੰਜੀ ਖੇਡ ਹੈ, ਜਿਸ ਵਿਚ ਬਦਮਾਸ਼ ਕਾਮਯਾਬ ਨਾ ਹੋਏ ਤਾਂ ਸਦਾ ਲਈ ਮੈਦਾਨ ਤੋਂ ਨਿਕਲ ਜਾਣਗੇ ਅਤੇ ਉਹ ਏਨੇ ਕੱਚੇ ਖਿਡਾਰੀ ਨਹੀਂ ਕਿ ਇਹ ਨੌਬਤ ਆਉਣ ਦੀ ਉਡੀਕ ਕਰਨਗੇ। ਪੰਜਾਬੀ ਦਾ ਇੱਕ ਮੁਹਾਵਰਾ ਹੈ ਕਿ 'ਪਿੰਡ ਹਾਲੇ ਬੱਝਾ ਨਹੀਂ ਅਤੇ ਉਚੱਕੇ ਪਹਿਲਾਂ ਆ ਗਏ ਹਨ'। ਪੰਜਾਬ ਦੀ ਨਵੀਂ ਸਰਕਾਰ ਦੇ ਬਣਨ ਮਗਰੋਂ ਸੈਕਟਰੀਏਟ ਵਿਚ ਏਦਾਂ ਦੇ ਬੰਦੇ ਘੁੰਮਦੇ ਵੇਖ ਕੇ ਵੀ ਇਹੋ ਗੱਲ ਜਾਪਦੀ ਹੈ।

# ਵਰਤਮਾਨ ਬਨਾਮ ਰੂੜੀਵਾਦ ਦਾ ਮਸਲਾ

ਪਿਛਲੇ ਦਿਨੀਂ ਅਕਾਲ ਤਖ਼ਤ ਸਾਹਿਬ ਤੋਂ ਆਪਣੇ ਅਕਾਦਮਿਕ ਕੰਮ ਲਈ ਪਾਬੰਧੀ ਦਾ ਐਲਾਨ ਹਾਸਲ ਕਰ ਚੁੱਕੇ ਡਾ. ਓਅੰਕਾਰ ਸਿੰਘ ਦਾ ਮਸਲਾ ਦਰਅਸਲ ਗੁਰਬਾਣੀ ਉਚਾਰਨ ਜਾਂ ਮਿਲਾਵਟ ਦਾ ਨਹੀਂ, ਬਲਕਿ ਰੂੜੀਵਾਦ ਬਨਾਮ ਆਧੁਨਿਕਤਾ ਦਾ ਮਸਲਾ ਹੈ। ਮੈਂ ਚੰਗੀ ਤਰ੍ਹਾਂ ਜਾਣਦਾ/ਸਮਝਦਾ ਹਾਂ ਕਿ ਇਸ ਸਪੱਸ਼ਟੀਕਰਨ ਤੋਂ ਬਗ਼ੈਰ ਕੱਚ ਘਰੜ ਬੁੱਧੀ ਮੇਰੇ ਦੁਆਰਾ ਵਰਤੇ ਗਏ ਸ਼ਬਦ ਆਧੁਨਿਕਤਾ ਨੂੰ ਆਪਣੀਆਂ ਹੀ

ਡਾ. ਪਰਮਿੰਦਰ ਸਿੰਘ ਸ਼ੌਂਕੀ

ਆਧੁਨਿਕ ਅਕਾਦਮਿਕ ਦ੍ਰਿਸ਼ਟੀਆਂ ਕਾਰਨ ਪੱਛਮੀ/ਯੂਰਪੀ/ਬਸਤੀਵਾਦੀ ਮਾਨਸਿਕਤਾ ਨਾਲ ਜੋੜਨਗੀਆਂ, ਪਰ ਮੈਂ ਸਪੱਸ਼ਟ ਕਰ ਰਿਹਾ ਹਾਂ ਕਿ ਇੱਥੇ ਆਧੁਨਿਕਤਾ ਦਾ ਅਰਥ ਮਹਿਜ਼ ਵਰਤਮਾਨ ਹੈ, ਜਿਸ ਨੂੰ ਅਸੀਂ ਸਾਡੇ ਸਮਿਆਂ ਵਿਚ ਵੀ ਆਖ ਸਕਦੇ ਹਾਂ। ਸਾਡੇ ਸਮਿਆਂ ਦੀ ਇਕ ਵੱਡੀ ਸਮੱਸਿਆ ਹਮੇਸ਼ਾ ਇਹ ਰਹਿੰਦੀ ਹੈ ਕਿ ਇਹ ਬੀਤ ਚੁੱਕੇ ਦੇ ਹੇਰਵੇ ਦਾ ਆਦਰਸ਼ੀਕਰਨ ਕਰਕੇ ਚੱਲਦਾ ਹੈ, ਹਾਲਾਂਕਿ ਫਰੈਂਚ ਚਿੰਤਕ ਦੈਰਿਦਾ ਦੇ ਹਵਾਲੇ ਨਾਲ ਮੈਂ ਖ਼ੁਦ ਅਤੀਤ ਨੂੰ ਪ੍ਰਤੀਰੋਧ ਦੇ ਇਕ ਅਹਿਮ ਅੰਗ ਵਜੋਂ ਸਵੀਕਾਰਿਆ ਹੈ, ਪਰ ਇਹ ਹਮੇਸ਼ਾ ਸਹੀ ਨਹੀਂ ਹੁੰਦਾ, ਸਗੋਂ ਸਾਨੂੰ ਇਸ ਦਾ ਢੁਕਵਾਂ ਹਿੱਸਾ ਵਰਤਮਾਨ ਵਿਚ ਲੈ ਕੇ ਚੱਲਣਾ ਅਤੇ ਬਾਕੀ ਨੂੰ ਛੱਡਣਾ ਪੈਂਦਾ ਹੈ। ਧਰਮ ਅਤੇ ਧਰਮ ਸ਼ਾਸਤਰ ਦੀਆਂ ਜ਼ਿਆਦਾਤਰ ਸਮੱਸਿਆਵਾਂ ਇਸ ਸਾਥ ਦੇ ਛੱਡਣ ਦੇ ਦਵੰਦ ਦਾ ਹੀ ਨਤੀਜਾ ਹੁੰਦੀਆਂ ਹਨ। ਡਾ. ਓਅੰਕਾਰ ਸਿੰਘ ਦਾ ਮਸਲਾ ਇਸ ਦੀ ਹੀ ਤਾਜ਼ਾ ਉਦਾਹਰਨ ਹੈ ਪਰ ਇਸ ਤੋਂ ਪਹਿਲਾਂ ਆਪਾਂ ਉਸ ਦੀ ਚਰਚਾ ਕਰੀਏ, ਇਕ ਉਦਾਹਰਨ ਵੇਖਦੇ ਹਾਂ:

16ਵੀਂ ਸਦੀ ਵਿਚ ਆਕਸਫੋਰਡ ਦੇ ਪ੍ਰਸਿੱਧ ਧਰਮ ਸ਼ਾਸਤਰੀ ਜਾਨ ਵਿਕੀਲਫ਼ ਨੇ ਆਪਣੇ ਵਲੋਂ ਸੰਪੂਰਨ ਬਾਈਬਲ ਦਾ ਪਹਿਲਾ ਅੰਗਰੇਜ਼ੀ ਅਨੁਵਾਦ ਇਸ ਖ਼ਿਆਲ ਨੂੰ ਮੁੱਖ ਰੱਖ ਕੇ ਕੀਤਾ ਸੀ ਕਿ ਮਨੁੱਖ ਈਸ਼ਵਰ ਪ੍ਰਤੀ ਸਿੱਧੇ ਤੌਰ 'ਤੇ ਉਤਰਦਾਈ ਹੈ ਅਤੇ ਕਿਉਂਕਿ ਬਾਈਬਲ ਸਾਰੇ ਲੋਕਾਂ ਲਈ ਹੈ, ਇਸ ਲਈ ਇਸ ਦੀ ਪਹੁੰਚ ਹਰੇਕ ਵਿਅਕਤੀ ਤੱਕ ਹੋਣੀ ਚਾਹੀਦੀ ਹੈ, ਪਰ ਯੂਰਪ ਅੰਦਰਲੀ ਚਰਚ ਆਫ਼ ਰੋਮ ਪੋਪ ਦੀ ਅਗਵਾਈ ਵਿਚ ਇਸ ਤਰ੍ਹਾਂ ਦੇ ਅਨੁਵਾਦ ਖਿਲਾਫ਼ ਝੰਡਾ ਚੁੱਕ ਕੇ ਖੜ੍ਹੀ ਹੋ ਗਈ, ਕਿਉਂਕਿ ਉਸ ਦਾ ਮੰਨਣਾ ਸੀ ਕਿ ਬਾਈਬਲ ਈਸ਼ਵਰੀ ਰਚਨਾ ਹੈ ਅਤੇ ਇਸ ਵਿਚ ਕਿਸੇ ਵੀ ਤਰ੍ਹਾਂ ਦਾ ਕੋਈ ਫੇਰਬਦਲ ਨਹੀਂ ਹੋ ਸਕਦਾ। ਇਸ ਲਈ ਪੋਪ ਨੇ ਨਾ ਸਿਰਫ਼ ਵਿਕੀਲਫ਼ ਦੇ ਅਨੁਵਾਦ ਦਾ ਵਿਰੋਧ ਹੀ ਕੀਤਾ, ਬਲਕਿ ਉਸ ਨੂੰ ਪਾਪ ਐਲਾਨਦੇ ਹੋਏ, ਅੰਗਰਜ਼ੀ ਵਿਚ ਅਨੁਵਾਦ ਕੀਤੀ ਗਈ ਇਸ ਬਾਈਬਲ ਦਾ ਬਾਈਕਾਟ ਕਰਨ ਲਈ ਸਾਰੀਆਂ ਚਰਚਾਵਾਂ ਤੇ ਪਰੋਵਿਜ਼ਨਲ ਕੌਂਸਲਾਂ ਨੂੰ ਸੁਨੇਹਾ ਵੀ ਲਗਾਇਆ, ਪਰ ਇਸ ਸਭ ਦੇ ਬਾਵਜੂਦ ਵੀ ਵਿਕੀਲਫ਼ ਦੀ ਬਾਈਬਲ ਦੇ ਪਰਵੇ ਦੁਆਰਾ ਸੋਧੇ ਪਾਠ ਦੀਆਂ ਸਾਲ 1408 ਵਿਚ 150 ਦੇ ਕਰੀਬ ਕਾਪੀਆਂ ਤਿਆਰ ਹੋ ਗਈਆਂ ਸਨ। ਵਿਲੀਕਫ਼ ਤੋਂ ਬਾਅਦ ਟਿੰਡਲ ਨੇ ਵੀ ਚਰਚ ਦੇ ਉਸ ਪਾਖੰਡੀ ਰਵੱਈਏ 'ਤੇ ਵੱਡੀ ਸੱਟ ਮਾਰੀ ਜਿਹੜਾ ਬਾਈਬਲ ਨੂੰ ਲੋਕ ਭਾਸ਼ਾ ਵਿਚ ਅਨੁਵਾਦ ਕਰਨ ਦੇ ਖ਼ਿਲਾਫ ਸੀ। ਹਾਲਾਂਕਿ ਚਰਚ ਨੇ ਸਾਲ 1526 ਵਿਚ ਟਿੰਡਲ ਦੁਆਰਾ ਕੀਤੇ ਗਏ ਬਾਈਬਲ ਦੇ ਅੰਗਰੇਜ਼ੀ ਅਨੁਵਾਦ ਨੂੰ ਚੌਰਾਹੇ ਵਿਚ ਸਾੜਿਆ ਸੀ, ਪਰ ਇਸ ਨਾਲ ਕੀ ਹੋਇਆ..। ਕੁਝ ਨਹੀਂ, ਸਗੋਂ ਬਾਈਬਲ ਅੰਗਰੇਜ਼ੀ ਦੇ ਨਾਲ ਨਾਲ ਹੋਰਨਾਂ ਯੂਰਪੀ ਭਾਸ਼ਾਵਾਂ ਵਿਚ ਅਨੁਵਾਦ ਕੀਤੀ ਜਾਣ ਲੱਗੀ ਤੇ ਅੱਜ ਸਾਨੂੰ ਇਸ ਦਾ ਦੁਨੀਆ ਦੀਆਂ ਤਕਰੀਬਨ ਸਾਰੀਆਂ ਭਾਸ਼ਾਵਾਂ ਵਿਚ ਪਾਠ ਮਿਲਦਾ ਹੈ ਅਤੇ ਇਹ ਸੰਸਾਰ ਦੀ ਸਭ ਤੋਂ ਵੱਧ ਅਨੁਵਾਦ ਹੋਣ ਵਾਲੀ ਰਚਨਾ ਬਣੀ ਹੋਈ ਹੈ।

ਹੁਣ ਆਪਾਂ ਡਾ. ਓਅੰਕਾਰ ਸਿੰਘ ਦੇ ਕੇਸ ਵੱਲ ਵਾਪਸ ਆਉਂਦੇ ਹਾਂ। ਡਾ. ਓਅੰਕਾਰ ਸਿੰਘ ਸਤਿਗੁਰੂ ਅਤੇ ਗੁਰਬਾਣੀ ਨੂੰ ਪ੍ਰਣਾਇਆ ਹੋਇਆ ਨਿਮਰ ਗੁਰਸਿੱਖ ਹੈ, ਜਿਹੜਾ ਆਪਣੀ ਸਾਰੀ ਕਿਰਤ ਕਮਾਈ ਇਸ ਕਾਰਜ ਵਿਚ ਇਹ ਸੋਚ ਕੇ ਲਗਾ ਰਿਹਾ ਹੈ ਕਿ ਵਿਦੇਸ਼ ਰਹਿੰਦੇ ਉਹ ਸਿੱਖ ਅਤੇ ਬੱਚੇ ਜਿਹੜੇ ਕਿਸੇ ਗ੍ਰੰਥੀ ਕੋਲ ਜਾ ਕੇ ਵਿਧੀਵਧ ਰੂਪ ਵਿਚ ਗੁਰਬਾਣੀ ਸੰਥਿਆ ਨਹੀਂ ਲੈ ਸਕਦੇ, ਪਰ ਪਾਠ ਕਰਨਾ ਚਾਹੁੰਦੇ ਹਨ, ਉਹ ਗ਼ਲਤ ਪਾਠ ਨਾ ਕਰਨ, ਇਸ ਲਈ ਉਨ੍ਹਾਂ ਨੂੰ ਇਕ ਪ੍ਰਮਾਣਿਕ ਪਾਠ ਅਜੋਕੀ ਪੰਜਾਬੀ ਭਾਸ਼ਾ ਵਿਚ ਵਿਸ਼ੇਸ਼ ਦਿਸ਼ਾ ਨਿਰਦੇਸ਼ ਦੇ ਕੇ ਪ੍ਰਦਾਨ ਕੀਤਾ ਜਾਏ। ਦੂਜਾ ਉਨ੍ਹਾਂ ਦੀ ਇੱਛਾ ਹੈ ਕਿ ਪੰਜ ਸਦੀਆਂ ਬੀਤ ਜਾਣ ਦੇ ਬਾਵਜੂਦ ਵੀ ਅੱਜ ਜਿਹੜੀ ਸਿੱਖ ਕੌਮ ਗੁਰਬਾਣੀ ਦਾ ਇਕ ਸਮਾਨ ਪਾਠ ਨਹੀਂ ਕਰ ਪਾ ਰਹੀ, ਉਸ ਦੀਆਂ ਨਵੀਆਂ ਪੀੜ੍ਹੀਆਂ ਇਸ ਪਾਠ ਦੇ ਉਚਾਰਨ ਦਾ ਇਕ ਸਾਂਝਾ ਤਰੀਕਾ ਰੱਖਣ ਤਾਂ ਜੋ ਪਾਠ ਉਚਾਰਨ ਦਾ ਪ੍ਰਮਾਣਿਕ ਪ੍ਰਬੰਧ ਕਾਇਮ ਹੋ ਸਕੇ। ਇਸ ਕੰਮ ਲਈ ਉਨ੍ਹਾਂ ਨੇ ਇਕ ਪਾਸੇ ਗੁਰਬਾਣੀ ਦਾ ਮੂਲ ਪਾਠ ਰੱਖਿਆ ਹੈ, ਦੂਜੇ ਪਾਸੇ ਉਸ ਦਾ ਵੱਖੋ ਵੱਖਰੀਆਂ ਭਾਸ਼ਾਵਾਂ ਵਿਚ ਉਚਾਰਨ। ਪਰ ਰੂੜੀਵਾਦੀਆਂ ਨੂੰ ਇਹ ਕਿਵੇਂ ਹਜ਼ਮ ਹੋ ਸਕਦਾ ਹੈ? ਉਨ੍ਹਾਂ ਇਸ ਨੂੰ ਗੁਰਬਾਣੀ ਨਾਲ ਛੇੜਛਾੜ ਦਾ ਮਸਲਾ ਬਣਾ ਕੇ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚਾ ਦਿੱਤਾ। ਇਸ ਕੰਮ ਲਈ ਦੋ ਬੰਦਿਆਂ ਨੇ ਅਹਿਮ ਭੂਮਿਕਾ ਨਿਭਾਈ ਹੈ, ਡਾਕਟਰ ਗੁਰਮੇਲ ਸਿੰਘ ਅਤੇ ਡਾ. ਸਤਿੰਦਰ ਸਿੰਘ ਨੇ। ਇਨ੍ਹਾਂ ਦੋਵਾਂ ਦੀ ਸਮੱਸਿਆ ਇਹ ਹੈ ਕਿ ਇਹ ਚਾਹੁੰਦੇ ਹਨ ਕਿ ਗੁਰਬਾਣੀ ਪਾਠ ਦਾ ਜੋ ਵਿਧਾਨ ਸਾਨੂੰ ਪਤਾ ਹੈ, ਕੇਵਲ ਉਹੋ ਹੀ ਸਹੀ ਹੈ, ਬਾਕੀ ਸਭ ਗ਼ਲਤ ਹਨ। ਗੁਰਮੇਲ ਸਿੰਘ ਤਾਂ ਅਜਿਹੀ ਸਨਕੀ ਪ੍ਰਵਿਰਤੀ ਦਾ ਸ਼ਿਕਾਰ ਹੈ ਕਿ ਉਸ ਦਾ ਮੰਨਣਾ ਹੈ ਕਿ ਪਾਠ ਜਿਵੇਂ ਲਿਖਿਆ ਹੈ, ਉਸੇ ਤਰ੍ਹਾਂ ਹੀ ਪੜ੍ਹਿਆ ਜਾਏ। ਪਰ ਕੀ ਇਹ ਸੰਭਵ ਹੈ? ਗੁਰਮੇਲ ਸਿੰਘ ਖ਼ੁਦ ਅਜਿਹਾ ਕਰ ਕੇ ਦਿਖਾ ਦੇਣ ਤਾਂ ਮੈਂ ਜਿੱਥੇ ਕਹਿਣਗੇ ਸਜ਼ਾ ਭੁਗਤਣ ਲਈ ਤਿਆਰ ਹਾਂ। ਖ਼ੁਦ ਦਮਦਮੀ ਟਕਸਾਲ ਆਪਣੇ ਵਿਦਿਆਰਥੀਆਂ ਨੂੰ ਦੱਸਦੀ ਹੈ ਕਿ ਇਸ ਸ਼ਬਦ ਦਾ ਉਚਾਰਨ ਇਸ ਪ੍ਰਕਾਰ ਕਰਨਾ ਹੈ। ਇਸ ਤੱਥ ਨੂੰ ਕੌਣ ਝੁਠਲਾ ਸਕਦਾ? ਕੋਈ ਹੈ? ਹੁਣ ਜੇਕਰ ਸਾਰੀਆਂ ਧਿਰਾਂ ਇਹ ਮੰਨ ਕੇ ਚੱਲਦੀਆਂ ਹਨ ਕਿ ਪਾਠ ਉਚਾਰਨ ਦਾ ਇਕ ਤਰੀਕਾ ਹੈ, ਵਿਧੀ-ਵਿਧਾਨ ਹੈ ਤਾਂ ਫਿਰ ਉਸ ਤਰੀਕੇ ਨੂੰ ਲਿਖ਼ਤ ਰੂਪ ਦੇਣ ਨਾਲ ਡਾ. ਓਅੰਕਾਰ ਸਿੰਘ ਨੇ ਕੀ ਗ਼ਲਤ ਕੀਤਾ ਹੈ? ਇਸ ਤਰ੍ਹਾਂ ਦਾ ਹੀ ਲਿਖ਼ਤੀ ਰੂਪ ਜਦੋਂ ਕਿ ਦਮਦਮੀ ਟਕਸਾਲ ਨੇ ਆਪਣੇ ਗੁਰਬਾਣੀ ਪਾਠ ਦਰਪਣ ਵਿਚ ਦਿੱਤਾ ਹੋਇਆ ਹੈ ਅਤੇ ਸਾਲਾਂਬੱਧੀ ਇਸ ਉੱਤੇ ਪਾਠ ਬੋਧ ਸਮਾਗਮਾਂ ਵਿਚ ਚਰਚਾ ਹੁੰਦੀ ਰਹੀ ਹੈ।

ਹਾਂ ਇਸ ਮਸਲੇ ਵਿਚ ਜੋ ਹੋ ਸਕਦਾ ਸੀ, ਉਹ ਇਹ ਹੈ ਕਿ ਅਕਾਲ ਤਖ਼ਤ ਸਾਹਿਬ ਤੋਂ ਇਹ ਦਿਸ਼ਾ ਨਿਰਦੇਸ਼ ਜਾਰੀ ਹੁੰਦੇ ਕਿ ਇਸ ਉਚਾਰਨ ਸੋਧ ਨੂੰ ਅਕਾਲ ਤਖਤ ਸਾਹਿਬ ਤੋਂ ਨਿਯੁਕਤ ਹੋਰਨਾਂ ਵਿਦਵਾਨਾਂ ਦੀ ਰਾਏ ਅਤੇ ਸੋਧ ਸਮੇਤ ਪ੍ਰਕਾਸ਼ਿਤ ਕੀਤਾ ਜਾਏ। ਪਰ ਨਹੀਂ, ਜਥੇਦਾਰ ਜੀ ਤੋਂ ਅਜਿਹੀ ਉਮੀਦ ਕਿਵੇਂ ਰੱਖੀਏ ਕਿ ਉਹ ਕਿਸੇ ਮਸਲੇ ਨੂੰ ਸੁਲਝਾਉਣ ਲਈ ਸੰਜੀਦਾ ਹਨ? ਜਿਥੋਂ ਤਕ ਮੇਰਾ ਮੰਨਣਾ ਹੈ ਕਿ ਅੱਜ ਬੇਸ਼ੱਕ ਰੂੜੀਵਾਦੀ ਝੂਠ ਅਤੇ ਕੁਫ਼ਰ ਦੇ ਸਿਰ 'ਤੇ ਇਸ ਕੰਮ ਨੂੰ ਬੰਦ ਵੀ ਕਰਵਾ ਦੇਣ, ਪਰ ਇਹ ਹੋਏਗਾ ਜ਼ਰੂਰ। ਕਿਉਂਕਿ ਚਰਚ ਦਾ ਇਤਿਹਾਸ ਦੱਸਦਾ ਹੈ ਕਿ ਰੂੜੀਵਾਦ ਧਰਮ ਉੱਪਰ ਹਮੇਸ਼ਾ ਕਾਬਜ਼ ਤਾਂ ਰਹਿੰਦੇ ਹਨ, ਪਰ ਇਕ ਸਮਾਂ ਆਉਂਦਾ ਜਦੋਂ ਉਹ ਅਤਿ-ਵਿਚਾਰੇ ਬਣ ਕੇ ਰਹਿ ਜਾਂਦੇ ਹਨ। ਪਿਛਲੇ ਕੁਝ ਸਮੇਂ ਤੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਦੀਆਂ ਸਾਹਮਣੇ ਆ ਰਹੀਆਂ ਭੂਮਿਕਾਵਾਂ ਉਨ੍ਹਾਂ ਦੀ ਇਸ ਬੇਚਾਰਗੀ ਨੂੰ ਸਪੱਸ਼ਟ ਕਰ ਰਹੀਆਂ ਹਨ।

# ਮਾਂ ਦਾ ਇੱਕ ਦਿਨ ਹੁੰਦਾ? ਜਾਂ ਮਾਂ ਬਿਨਾਂ ਵੀ ਕੋਈ ਦਿਨ ਹੁੰਦਾ?

ਸੁਖਚੈਨ ਸਿੰਘ ਕੁਰੜ
ਫੋਨ: 94635-51814

ਇੱਕ ਅੱਖਰ ਇੱਕ ਲਗ ਤੇ ਇੱਕ ਲਗਾਖਰ ਨੂੰ ਵਰਤਦਿਆਂ ਜੇ ਦੁਨੀਆਂ 'ਤੇ ਸਭ ਤੋਂ ਖ਼ੂਬਸੂਰਤ, ਸਭ ਤੋਂ ਨਿੱਕਾ ਸ਼ਬਦ, ਸਭ ਤੋਂ ਪਿਆਰੇ ਅਹਿਸਾਸ ਦੇ ਰੂਪ 'ਚ ਲਿਖਣਾ ਹੋਵੇ ਤਾਂ ਉਹ ਮਾਂ (ਮੱਮੇ ਕੰਨਾ ਤੇ ਉਤੇ ਬਿੰਦੀ) ਹੀ ਹੈ। ਪੂਰੀ ਦੁਨੀਆਂ ਵਿਚ ਮਈ ਮਹੀਨੇ ਦਾ ਦੂਜਾ ਹਫਤਾ 'ਮਾਂ-ਦਿਵਸ' ਨੂੰ ਸਮਰਪਿਤ ਹੁੰਦਾ ਹੈ। ਪੂਰੀ ਦੁਨੀਆਂ ਨੂੰ ਇੱਕ ਪਾਸੇ ਰੱਖ ਕੇ ਜਦੋਂ ਅਸੀਂ ਆਪਣੇ ਪੰਜਾਬ ਦੀ ਧਰਤੀ ਦੇ ਬਾਸ਼ਿੰਦੇ ਹੋਣ ਦਾ ਮਾਣ ਮਹਿਸੂਸ ਕਰਦੇ ਹਾਂ ਤਾਂ ਸਾਡੇ ਮਨ 'ਚ ਇਹੀ ਖਿਆਲ ਆਉਂਦੈ ਕਿ ਮਾਂ ਦਾ ਇੱਕ ਦਿਨ ਹੁੰਦਾਂ? ਜਾਂ ਮਾਂ ਬਿਨਾਂ ਵੀ ਕੋਈ ਦਿਨ ਹੁੰਦਾਂ? ਦੁਨੀਆਂ 'ਤੇ ਕਿਸੇ ਵੀ ਇਨਸਾਨ ਨੂੰ ਉਹਦੇ ਆਪਣੇ-ਆਪ ਨਾਲੋਂ ਵੀ ਜੇ ਕੋਈ ਵੱਧ ਜਾਣਦਾ ਤਾਂ ਉਹ ਮਾਂ ਹੀ ਹੁੰਦੀ ਹੈ। ਬਾਕੀ ਦੁਨੀਆਵੀ ਰਿਸ਼ਤਿਆਂ ਨਾਲ ਇਨਸਾਨ ਦੀ ਸਾਂਝ ਜਨਮ ਲੈਣ ਤੋਂ ਬਾਅਦ ਕੁੱਝ ਸਾਲਾਂ ਬਾਅਦ ਹੌ.ਲੀ-ਹੌ.ਲੀ ਬਣਨੀ ਸ਼ੁਰੂ ਹੁੰਦੀ ਹੈ ਪਰ ਬੱਚੇ ਦੀ ਮਾਂ ਨਾਲ ਸਾਂਝ ਕੁਦਰਤ ਵੱਲੋਂ ਕੁੱਖ ਵਿਚ ਹੀ ਬਣਨੀ ਤੈਅ ਹੁੰਦੀਂ ਹੈ। ਇਹੀ ਤਾਂ ਫ਼ਰਕ ਹੈ, ਇਸੇ ਸਾਂਝ ਨੇ ਹੀ ਤਾਂ ਮਾਂਵਾਂ ਤੇ ਬੱਚਿਆਂ ਦਾ ਮੋਹ ਬਣਾਈ ਰੱਖਣਾ। ਅੱਜ ਇੱਥੇ ਬੇਸ਼ੱਕ ਅਸੀਂ ਦੁਨੀਆਂ ਦੀ ਭੀੜ ਵਿਚ ਲੱਗੀ ਹੋਈ ਦੌੜ ਨਾ.ਲ ਇਹ ਦਿਹਾੜੇ ਮਨਾਉਣ ਦੀਆਂ ਰਵਾਇਤਾਂ ਨਿਭਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਾਂ ਪਰ ਇੱਥੇ ਇਹ ਵਿਚਾਰਨ ਦੀ ਵੀ ਲੋੜ ਹੈ, ਕਿਤੇ ਸਾਡੇ ਇਹ ਮੋਹ-ਮਮਤਾ ਦੇ ਰਿਸ਼ਤੇ ਦਿਖਾਵਿਆਂ ਦੇ 'ਸੋ-ਪੀਸ'' ਤਾਂ ਨਹੀਂ ਬਣ ਰਹੇ? ਹੁਣ ਧਿਆਨ ਨਾਲ ਆਪਣੇ ਆਲੇ-ਦੁਆਲੇ ਦੇਖੋ, ਆਪਣੇ ਪਰਿਵਾਰ 'ਚ ਦੇਖੋ, ਕਿਤੇ ਇੱਕ ਪਰਿਵਾਰ ਦੇ ਸਾਰੇ ਪਰਿਵਾਰਕ ਮੈਂਬਰ ਇੱਕ-ਦੂਜੇ ਵੱਲੋਂ ਮੂੰਹ ਘੁੰਮਾ ਕੇ ਵੱਖੋ-ਵੱਖਰੇ ਕਮਰਿਆਂ 'ਚ ਬੈਠੇ ਸਿਰਫ਼ ਸੋਸਲ ਮੀਡੀਆ 'ਤੇ ਹੀ ਮਾਂ-ਦਿਵਸ ਤਾਂ ਨਹੀਂ ਮਨਾ ਰਹੇ? ਅਸਲ 'ਚ ਸਾਡਾ ਮੋਹ ਕਿੱਥੇ ਨਿਭਾਇਆ ਜਾ ਰਿਹਾ? ਕਿਤੇ ਘਰਾਂ ਤੇ ਜ਼ਮੀਨਾਂ ਦੀ ਵੰਡ ਕਰਦਿਆਂ ਕਿਸੇ ਧੀ-ਪੁੱਤ ਦੇ ਹਿੱਸੇ ਨਾ ਆਈਆਂ ਸਾਡੀਆਂ ਮਾਂਵਾਂ ਬਿਰਧ ਆਸ਼ਰਮਾਂ 'ਚ ਤਾਂ ਨਹੀਂ ਰੁਲ ਰਹੀਆਂ? ਕਿਤੇ ਮਿੱਟੀ 'ਚ ਖੇਡ ਕੇ ਲਿੱਬੜ ਕੇ ਆਏ ਨਿਆਣਿਆਂ 'ਤੇ ਮਾਂਵਾਂ ਖਿਝ ਤਾਂ



ਨਹੀਂ ਰਹੀਆਂ? ਕਿਤੇ ਆਪਣੇ ਨਿੱਕੇ ਨਿਆਣਿਆਂ ਨੂੰ ਰੋਂਦਿਆਂ ਵਰਾਉਣ ਲਈ ਮਾਂਵਾਂ ਮੋਬਾਇਲ ਫੋਨਾਂ ਦੇ ਸਹਾਰੇ ਆਪਣੀਆਂ ਜੁੰਮੇਵਾਰੀਆਂ ਤੋਂ ਤਾਂ ਨਹੀ ਸੁਰਖੁਰੂ ਹੋ ਰਹੀਆਂ? ਅੱਜ ਜੇ ਵਿਸ਼ਵ ਵਿਚ ਮਾਂ-ਦਿਵਸ ਮਨਾ ਕੇ ਮਾਂ ਦੀ ਮਮਤਾ ਲਈ ਮੋਹ ਜਤਾਇਆ ਜਾ ਰਿਹਾ ਤਾਂ ਬਹੁਤ ਕੁਝ ਸਾਨੂੰ ਸਮਝਣ ਦੀ ਲੋੜ ਹੈ। ਜਿਥੇ ਸਾਡੀਆਂ ਮਾਂਵਾਂ ਨੂੰ ਆਪਣੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੋਂ ਮਾਤਾ ਤ੍ਰਿਪਤਾ, ਮਾਤਾ ਖੀਵੀ, ਮਾਤਾ ਭਾਨੀ, ਮਾਤਾ ਨਾਨਕੀ, ਮਾਤਾ ਗੁਜਰੀ, ਮਾਤਾ ਸੁੰਦਰੀ, ਮਾਈ ਭਾਗੋ, ਰਾਜਕੁਮਾਰੀ ਸੋਫ਼ੀਆ ਦਲੀਪ ਸਿੰਘ ਤੇ ਤੇ ਬੀਬੀ ਗੁਲਾਬ ਕੌਰ ਵਰਗੀਆਂ ਮਹਾਨ ਮਾਂਵਾਂ ਦੀਆਂ ਸ਼ਖ਼ਸੀਅਤਾਂ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ। ਉਥੇ ਨਾਲ ਹੀ ਸਾਡੀ ਪੀੜ੍ਹੀ ਦੇ ਧੀਆਂ-ਪੁੱਤਰਾਂ ਨੂੰ ਇਨ੍ਹਾਂ ਮਹਾਨ ਮਾਂਵਾਂ ਦੇ ਧੀਆਂ-ਪੁੱਤਰ ਹੋਣ ਦਾ ਫ਼ਰਜ਼ ਨਿਭਾਉਣ ਦੀ ਜਾਚ ਸਿੱਖ ਕੇ ਇੱਕੀਵੀਂ ਸਦੀ ਵਿਚ 'ਪੂਰਨ' ਤੇ 'ਸਰਵਣ' ਨੂੰ ਜਿਉਂਦੇ ਰੱਖਣ ਦੀ ਵੀ ਲੋੜ ਹੈ।

ਰਾਮ, ਅੱਲ੍ਹਾ, ਗੌਡ, ਵਾਹਿਗੁਰੂ, ਸਭ ਆਪੋ ਆਪਣੀ ਥਾਂ,

ਸਭ ਨੂੰ ਇੱਕੋਂ ਥਾਂ ਜੇ ਦੇਖਣਾ, ਸੱਜਣਾ ਕਹਿ ਦੇਈਂ ਮੂੰਹੋਂ 'ਮਾਂ'

ਮਾਂ-ਦਿਵਸ ਤੇ ਇਨ੍ਹਾਂ ਵਿਚਾਰਾਂ ਨੂੰ ਪੜ੍ਹਦਿਆਂ ਤੁਸੀਂ ਆਪਣੇ ਘਰ ਵਿਚ ਬੈਠੇ-ਬੈਠੇ ਮੰਮੀ, ਮੰਮਾ, ਮੌਮ ਸ਼ਬਦ ਦੀ ਥਾਂ ਆਪਣੀ ਮਾਂ ਨੂੰ ਇੱਕ ਵਾਰ ਉਚੀ ਦੇਣੇ ਮਾਂ ਕਹਿਕੇ ਅਵਾਜ਼ ਤਾਂ ਦੇਣਾ ਸੱਚੀਂ! ਤੁਹਾਡੀ ਮਾਂ ਲਈ ਜ਼ਿੰਦਗੀ ਦਾ ਇਹ ਸਭ ਤੋਂ ਖ਼ੂਬਸੂਰਤ ਪਲ ਹੋਵੇਗਾ। ਸਾਡੇ ਪੰਜਾਬ ਦੀ ਧਰਤੀ ਹਿੱਸੇ ਅੰਮੀ, ਅੰਮੜੀ, ਅੰਮਾਂ, ਅੰਬੋ, ਮਾਂ, ਬੀਬੀ, ਬੇਬੇ, ਝਾਈ ਅਤੇ ਮਾਤਾ ਵਰਗੇ ''ਮਾਘੀ ਦੀ ਸੁੱਚੜੀ ਸੰਗਰਾਂਦ'' ਵਰਗੇ ਸ਼ਬਦ ਆਏ ਹਨ। ਇਹੋ ਸਾਡੀ ਖ਼ੁਸ਼ਕਿਸਮਤੀ ਹੈ। ਇਹੋ ਸਾਡੀਆਂ ਮਾਂਵਾਂ ਦੀਆਂ ਸਿਖਾਈਆਂ ਬੋਲੀਆਂ ਦੀ ਅਮੀਰੀ ਹੈ। ਆ'' ਅੱਜ ਵਾਅਦਾ ਕਰੀਏ ਕਿ ਇਸੇ ਮਾਂ-ਬੋਲੀ ਦੀ ਅਮੀਰੀ ਨਾ.ਲ ਅਸੀਂ ਆਪਣੀਆਂ ਮਾਂਵਾਂ ਦੀ ਮਮਤਾ ਤੇ ਮੋਹ ਨੂੰ ਹਮੇਸ਼ਾ ਲਈ ਜਿਉਂਦੇ ਰੱਖ ਸਕੀਏ।

## ਮਦਰ'ਜ਼ ਡੇਅ

ਮਈ ਦੇ ਦੂਜੇ ਸੰਡੇ ਨੂੰ,
ਮਿੱਥਿਆ ਦਿਨ ਹੈ ਖ਼ਾਸ।
ਟੱਬਰ ਰਲ-ਮਿਲ ਬੈਠਦੇ,
ਮਾਤਾ ਦੇ ਚਰਨਾਂ ਪਾਸ।
ਮਾਂ ਦੇ ਮਿਲ ਗੁਣ ਗਾਂਦੇ,
ਨਾਲੇ ਆਖਦੇ ਧੰਨਵਾਦ।
ਅਕ੍ਰਿਤਘਣ ਨਹੀਂ ਕਹਾਂਦੇ,
ਦਿਨ ਰੱਖਦੇ ਨੇ ਯਾਦ।

ਮਦਰ ਡੇ ਮਨਾਂਦੇ ਇੱਥੇ,
ਚੁੱਕੀ ਫਿਰਨ ਸੁਗਾਤਾਂ।
ਫੁੱਲਾਂ ਦੇ ਗੁਲਦਸਤੇ ਲੈਕੇ,
ਹੱਸ ਹੱਸ ਕਰਦੇ ਬਾਤਾਂ।
ਨਾਲ ਚਾਵਾਂ ਦੇ ਤੁਰ ਪੈਂਦੇ,
ਜਿੱਥੇ ਮਾਂ ਰਹੇ ਇਕੱਲੀ।
ਗੋਰਾ-ਗੋਰੀ ਮੌਜਾਂ ਲੈਂਦੇ,
ਮਾਂ ਨਰਸਿੰਗ ਹੋਮ ਘੱਲੀ।

ਰੱਖਣ ਸੁਗਾਤਾਂ ਅੱਗੇ,
ਘੁੱਟ ਘੁੱਟ ਪਾਉਂਦੇ ਜੱਫੀ।
ਲਾਡ ਨਾਲ ਹੱਥ ਚੁੰਮਦੇ,
ਨਾਲੇ ਮੂੰਹ 'ਤੇ ਲੈਂਦੇ ਪੱਪੀ।
ਇੰਝ ਦਿਨ ਲੰਘ ਜਾਂਦਾ,
ਫਿਰ ਸਾਲ ਲਈ ਛੁੱਟੀ।
ਮੁੜ ਕੇ ਨਾ ਪਿਛੇ ਤੱਕਦੇ,
ਨਾ ਦੇਂਦੇ ਫਿਰ ਕੌਡੀ ਫੁੱਟੀ।

ਆਪਣੇ ਵਤਨੀਂ ਤੱਕੀਏ ਤਾਂ,
ਹਰ ਦਿਨ ਹੈ ਮਾਂ ਦਾ।
ਸਵੇਰ ਤੋਂ ਲੈਕੇ ਸ਼ਾਮ ਤਾਈਂ,
ਡੰਕਾ ਵੱਜਦਾ ਹੈ ਮਾਂ ਦਾ।
ਪੁੱਤ ਨੂੰਹਾਂ ਪਾਣੀ ਭਰਦੇ,
ਕਿਤੇ ਬੇਬੇ ਨਾ ਗੁੱਸੇ ਹੋਵੇ।
ਬਾਪੂ ਵੀ ਰੱਖੇ ਪੂਛ ਦਬਾ ਕੇ,
ਖੁਦ ਦੀ ਨਾ ਭੰਡੀ ਹੋਵੇ।

*-ਸੇਵਾ ਸਿੰਘ ਨੂਰਪੁਰੀ*

---

## ਮਾਵਾਂ

ਜਿਸ ਵੇਲੇ ਤੁਰ ਜਾਂਦੀਆਂ ਮਾਵਾਂ।
ਸਿਰ ਤੋਂ ਨੇ ਉਠ ਜਾਂਦੀਆਂ ਛਾਵਾਂ।
ਮਾਂ ਵਰਗਾ ਕਿਤੋਂ ਪਿਆਰ ਨ੍ਹੀਂ ਮਿਲਦਾ,
ਭਾਵੇਂ ਸਾਰੀ ਦੁਨੀਆਂ ਗਾਹਵਾਂ।
ਜ਼ਨਤ ਵਰਗਾ ਸੁੱਖ ਮਿਲਦਾ ਏ,
ਮਾਂ ਘੁੱਟ ਲੈਂਦੀ ਜਦ ਵਿਚ ਬਾਹਵਾਂ।
ਖ਼ੁਦ ਉਹ ਦੁੱਖਾਂ ਵਿਚ ਵੀ ਹੁੰਦੀਆਂ,
ਬੱਚਿਆਂ ਦੇ ਲਈ ਕਰਨ ਦੁਆਵਾਂ।
ਮਾਵਾਂ ਸੁੱਖਾਂ ਸੁੱਖਦੀਆਂ ਰਹਿੰਦੀਆਂ,
ਆਉਣ ਨਾ ਨੇੜੇ ਇੱਲ ਬਲਾਵਾਂ।
ਖਾਣੇ ਸਭ ਲਜ਼ੀਜ਼ ਨੇ ਭੁੱਲਦੇ,
ਮਾਂ ਹੱਥੋਂ ਜਦ ਖਾਣਾ ਖਾਵਾਂ।

*-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'*

---

## ਮਾਂ ਤੇਰੀ ਛਾਂ ਹੇਠ ਬੈਠਣ ਨੂੰ

ਮਾਂ ਤੇਰੀ ਛਾਂ ਹੇਠ ਬੈਠਣ ਨੂੰ
ਅੱਜ ਬੜਾ ਹੀ ਦਿਲ ਕਰਦਾ ਏ
ਤੂੰ ਲਾਡ-ਲਡਾਵੇ ਤੇਰੀ ਗੋਦ ਵਿਚ
ਸੌਣ ਨੂੰ ਜੀ ਕਰਦਾ ਏ।

ਮੁੜ ਆਵੇ ਉਹ ਵੇਲਾ
ਭੋਰਾ ਵਸਾਹ ਨਹੀਂ ਸੀ ਕਰਦੀ ਮੇਰਾ
ਅੱਜ ਫਿਰ ਉਹ ਗੱਲਾਂ ਕਹਿਣ ਨੂੰ
ਦਿਲ ਕਰਦਾ ਏ।
ਤੱਕ ਲੈਂਦੀ ਹਾਂ ਜਦ
ਮੋਹ ਮਮਤਾ ਕਿਸੇ ਦੀ
ਤਾਂ ਦਿਲ ਹੌਕਾ ਜਿਹਾ ਭਰਦਾ ਏ
ਲੱਖ ਕੋਸ਼ਿਸ਼ ਕੀਤੀ ਏ, ਤੈਨੂੰ ਮਿਲਣੇ ਦੀ
ਪਰ ਬੜਾ ਲੰਮਾ ਪੈਂਡਾ, ਤੇਰੇ ਘਰ ਦਾ ਏ
ਕੁੱਟ ਕੇ ਦੇਸੀ ਘਿਓ ਦੀ ਚੂਰੀ
ਤੂੰ ਖਵਾਉਂਦੀ ਸੀ
ਨਾ ਹੀ ਉਹ ਛੰਨਾ ਹੁਣ
ਚੂਰੀ ਨਾਲ ਭਰਦਾ ਏ।

ਤੇਰੀਆਂ ਯਾਦਾਂ ਵਿਚ
ਅੱਖਾਂ ਰੋਣ ਨੀ ਮਾਏ
ਇਹ ਹੰਝੂ ਵੀ ਨਾ ਹਾੜਿਆਂ ਹੱਟਦਾ ਏ
ਤੇਰੇ ਮੁੜ ਆਉਣ ਦਾ
ਵਹਿਮ ਜੋ ਦਿਲ ਅੰਦਰ ਏ
ਨਾ ਉਹ ਮਾਰਿਆਂ ਮਰਦਾ ਏ।
ਜਦ ਮੇਰੇ ਕੋਈ ਸੱਟ ਲੱਗ ਜਾਂਦੀ
ਝੱਟ ਤੇਰੇ ਕਲ਼ੇਜੇ ਖੋਹ ਜਿਹੀ ਪੈ ਜਾਂਦੀ
ਬੜਾ ਡੂੰਘਾ ਹੋ ਗਿਆ ਏ
ਮਾਂ ਜ਼ਖ਼ਮ ਦਿਲ ਦਾ
ਨਾ ਕਿਸੇ ਦੇ ਭਰਿਆਂ ਭਰਦਾ ਏ ।

ਮਾਵਾਂ ਬਿਨਾਂ ਜ਼ਿੰਦਾ ਲਾਸ਼ ਹੈ
ਜ਼ਿੰਦਗੀ ਬੱਚਿਆਂ ਦੀ
ਹੁਣ ਨਾ ਵਹਿਮ ਮਨ 'ਚੋਂ ਹਟੱਦਾ ਏ
ਜੇ ਖੁੱਸ ਜਾਵੇ ਕਿਸੇ ਦੀ ਮਮਤਾ
ਤਾਂ ਜੱਗ ਉਚੀ-ਉਚੀ ਹੱਸਦਾ ਏ।
ਧਾਲੀਵਾਲ ਨੂੰ ਤੇਰੇ ਬਾਝੋਂ,
ਕੁੱਝ ਨਹੀਂ ਭਾਉਂਦਾ
'ਗਗਨ' ਦਾ ਦਿਲ,
ਤੇਰੇ ਰਾਹੇ ਆ ਖੜਦਾ ਏ
ਬੜਾ ਸਮਾਂ ਹੋ ਗਿਆ ਮਾਂ
ਤੇਰੀ ਬੁੱਕਲ ਵਿਚ ਬੈਠੀ ਨੂੰ
ਮਾਂ ਤੇਰੀ ਛਾਵੇਂ ਬੈਠਣ ਨੂੰ,
ਬੜਾ ਦਿਲ ਕਰਦਾ ਏ।

*-ਪ੍ਰੋ. ਗਗਨਦੀਪ ਕੌਰ ਧਾਲੀਵਾਲ*

# ਪਰਿਵਾਰ ਦੀ ਸਭ ਤੋਂ ਮਹੱਤਵਪੂਰਨ ਕੜੀ-ਮਾਂ

ਮਾਸਟਰ ਪ੍ਰੇਮ ਸਰੂਪ ਛਾਜਲੀ
ਫੋਨ: 94171-34982

ਸਾਰੇ ਪਰਿਵਾਰ ਦੀਆਂ ਖਾਣ-ਪੀਣ, ਪਹਿਨਣ, ਆਰਾਮ ਤੇ ਮਨੋਰੰਜਨ ਵਰਗੀਆਂ ਜ਼ਰੂਰਤਾਂ ਪੂਰੀਆਂ ਕਰਦੀ ਮਾਂ ਦੀ ਵੀ ਕੋਈ ਜ਼ਰੂਰਤ ਹੈ, ਇਹ ਸਮਝਣ ਦੀ ਕੋਸ਼ਿਸ਼ ਕਦੇ ਕੋਈ ਨਹੀਂ ਕਰਦਾ। ਪਰਿਵਾਰ ਲਈ ਪੂਰੀ ਤਰ੍ਹਾਂ ਸਮਰਪਿਤ ਮਾਂ ਦੀ ਸਭ ਤੋਂ ਵੱਡੀ ਜ਼ਰੂਰਤ ਪਰਿਵਾਰ ਵੱਲੋਂ ਮਿਲਣ ਵਾਲਾ ਪਿਆਰ ਤੇ ਸਨਮਾਨ ਹੈ। ਦੂਜੀ-ਪਰਿਵਾਰ ਦਾ ਆਪਸ ਵਿਚ ਪਿਆਰ ਤੇ ਵਿਸ਼ਵਾਸ। ਆਪਣੇ ਬੱਚਿਆਂ ਲਈ, ਪਰਿਵਾਰ ਲਈ ਕੰਮ ਕਰਦੀ ਮਾਂ ਸਾਰੀ ਉਮਰ ਨਾ ਥੱਕਦੀ ਹੈ ਅਤੇ ਨਾ ਹੀ ਅੱਕਦੀ ਹੈ ਪਰ ਇਹ ਸਭ ਕਰਦੀ ਹੋਈ ਉਹ ਬੱਚਿਆਂ ਉਪਰ ਆਪਣਾ ਪੂਰਾ ਹੱਕ ਸਮਝਦੀ ਹੈ। ਉਨ੍ਹਾਂ ਦੀ ਬੇਹਤਰੀ ਲਈ ਉਹ ਸਾਰੇ ਫ਼ੈਸਲੇ ਪੂਰਨ ਅਧਿਕਾਰ ਨਾਲ ਲੈਂਦੀ ਹੈ। ਬੱਚਿਆਂ ਦੀ ਅੱਲ੍ਹੜ ਅਵਸਥਾ ਤਕ ਤਾਂ ਸਭ ਠੀਕ ਚੱਲਦਾ ਹੈ। ਪਰਿਵਾਰ ਵਿਚ ਸਥਿੱਤੀ ਉਦੋਂ ਖਰਾਬ ਹੋਣ ਲਗਦੀ ਹੈ, ਜਦੋਂ ਬੱਚਿਆਂ ਦੀ ਆਪਣੀ ਮਰਜ਼ੀ ਮਜ਼ਬੂਤੀ ਫੜ੍ਹਨ ਲੱਗਦੀ ਹੈ। ਮੱਧਵਰਗੀ ਪਰਿਵਾਰਾਂ ਵਿਚ ਜਵਾਨ ਹੋ ਰਹੇ ਬੱਚਿਆਂ ਦੇ ਜ਼ਿਆਦਾਤਰ ਮਸਲੇ, ਮਿਲਣ ਵਾਲੀਆਂ ਸਹੂਲਤਾਂ ਅਤੇ ਆਜ਼ਾਦੀ ਨਾਲ ਸਬੰਧਤ ਹੀ ਹੁੰਦੇ ਹਨ। ਮਾਂ-ਬਾਪ ਸਹੂਲਤਾਂ ਆਪਣੀ ਆਰਥਿਕ ਸਮਰੱਥਾ ਅਨੁਸਾਰ ਅਤੇ ਆਜ਼ਾਦੀ ਸਮਾਜਿਕ ਦਾਇਰੇ ਵਿਚ ਰਹਿ ਕੇ ਹੀ ਦੇ ਸਕਦੇ ਹਨ ਕਿਉਂਕਿ ਟੀ.ਵੀ. ਅਤੇ ਇੰਟਰਨੈਟ ਨੇ ਮਲਟੀ-ਨੈਸ਼ਨਲ ਕੰਪਨੀਆਂ ਦੀ ਚਕਾਚੌਂਧ ਹਰ ਘਰ ਵਿਚ ਪਹੁੰਚਾ ਦਿੱਤੀ ਹੈ, ਇਸ ਲਈ ਬੱਚਿਆਂ ਲਈ ਜਿੱਥੇ ਗੈਰ-ਜ਼ਰੂਰੀ ਚੀਜ਼ਾਂ ਤੇ ਜ਼ਰੂਰਤਾਂ ਵਿਚ ਫ਼ਰਕ ਕਰਨਾ ਮੁਸ਼ਕਲ ਹੋ ਗਿਆ ਹੈ, ਉਥੇ ਮਾਂ ਬਾਪ ਲਈ ਬੱਚਿਆਂ ਨੂੰ ਇਹ ਸਮਝਾ ਸਕਣਾ ਵੀ ਮੁਸ਼ਕਿਲ ਹੋ ਗਿਆ ਹੈ। ਜੋ ਚੀਜ਼ਾਂ ਮਾਂ ਬਾਪ ਨੂੰ ਫ਼ਜ਼ੂਲ-ਖਰਚੀ ਲੱਗਦੀਆਂ ਹਨ, ਉਹ ਬੱਚਿਆਂ ਲਈ ਜ਼ਰੂਰਤ ਬਣ ਗਈਆਂ ਹਨ। ਪਿਤਾ ਦੇ ਗੁੱਸੇ ਦਾ ਕਾਰਨ ਅਤੇ ਮਾਂ ਲਈ ਪਰੇਸ਼ਾਨੀ ਦਾ ਸਬੱਬ ਬਹੁਤੀ ਵਾਰ ਬੱਚਿਆਂ ਦੀਆਂ ਗ਼ੈਰ ਜ਼ਰੂਰੀ ਖਾਹਿਸ਼ਾਂ ਹੀ ਹੁੰਦੀਆਂ ਹਨ। ਪਿਤਾ ਕਿਉਂਕਿ ਵਿਹਾਰਕ ਹੈ ਇਸ ਲਈ ਉਸ ਵਿਚ ਇਰਾਦੇ ਦੀ ਮਜ਼ਬੂਤੀ ਵੀ ਹੈ। ਮਾਂ ਵੀ ਵਿਹਾਰਕ ਤਾਂ ਹੁੰਦੀ ਹੈ ਪਰ ਬੱਚਿਆਂ ਪ੍ਰਤੀ ਸਖ਼ਤ ਰਵੱਈਆ ਵਰਤਣਾ ਬਹੁਤੀ ਵਾਰੀ ਉਸ ਦੇ ਵੱਸ ਦਾ ਨਹੀਂ ਹੁੰਦਾ। ਉਸ ਦੀ ਮਮਤਾ ਉਸ ਦੀ ਕਮਜ਼ੋਰੀ ਵੀ ਹੈ ਅਤੇ ਸ਼ਕਤੀ ਵੀ। ਜਿੱਥੇ ਉਹ ਜਵਾਨ ਬੱਚਿਆਂ ਨੂੰ ਵੀ ਪੂਰੇ ਹੱਕ ਨਾਲ ਸਮਝਾਉਣ, ਝਿੜਕਣ ਤੇ ਉਨ੍ਹਾਂ ਦੀਆਂ ਖਾਹਿਸ਼ਾਂ ਪੂਰੀਆਂ ਕਰਨ ਵਿਚ ਮਜ਼ਬੂਤੀ ਦਿਖਾਉਂਦੀ ਹੈ, ਉਥੇ ਪਿਤਾ ਦੀ ਫਟਕਾਰ ਵਿਚ ਬੱਚਿਆਂ ਦੀ ਢਾਲ ਵੀ ਬਣ ਜਾਂਦੀ ਹੈ ਅਤੇ ਕਈ ਵਾਰ ਬੱਚਿਆਂ ਨੂੰ ਬੇਲੋੜੀ ਸ਼ਹਿ ਦੇਣ ਦਾ ਇਲਜ਼ਾਮ ਵੀ ਸਹਿੰਦੀ ਹੈ। ਪਿਤਾ ਅਤੇ ਬੱਚਿਆਂ ਦਰਮਿਆਨ ਸੰਤੁਲਨ ਬਣਾਈ ਰੱਖਣ ਦੀ ਕੋਸ਼ਿਸ਼ ਵਿਚ ਇੱਕ ਮਾਂ ਬੇਹਿਸਾਬ ਤਣਾਅ ਝੱਲਦੀ ਹੈ। ਮੌਜੂਦਾ ਸਮੇਂ ਵਿਚ ਆਪਣੇ ਆਪ ਵਿਚ ਗੁਆਚੇ ਬੱਚੇ ਮਾਂ ਦੇ ਰੁਤਬੇ ਅਤੇ ਸਥਿਤੀ ਵਿਚ ਫ਼ਰਕ ਸਮਝਣੋ ਅਸਮਰੱਥ ਨਜ਼ਰ ਆਉਂਦੇ ਹਨ। ਉਹ ਮਾਂ ਅਤੇ ਪਿਤਾ ਦੋਹਾਂ ਨੂੰ ਆਪਣੀਆਂ ਖਾਹਿਸ਼ਾਂ ਪੂਰੀਆਂ ਕਰਨ ਦਾ ਸਾਧਨ ਸਮਝਣ ਲੱਗ ਪਏ ਹਨ। ਸਾਰਾ ਦਿਨ ਪਰਿਵਾਰ ਦੀਆਂ ਜ਼ਰੂਰਤਾਂ ਲਈ ਸਾਧਨ ਜੁਟਾਉਂਦੇ ਪਿਤਾ ਅਤੇ ਖਾਣ-ਪੀਣ, ਪਹਿਨਣ ਦੇ ਫ਼ਿਕਰ ਵਿਚ ਲੱਗੀ ਮਾਂ ਲਈ ਬੱਚਿਆਂ ਦੇ ਦਿਲਾਂ ਵਿਚੋਂ ਹਮਦਰਦੀ ਘੱਟ ਤੇ ਫਰਮਾਇਸ਼ਾਂ ਵੱਧ ਨਿਕਲਦੀਆਂ ਹਨ। ਬੱਚੇ ਸੁਆਰਥੀ ਹੁੰਦੇ ਜਾ ਰਹੇ ਹਨ। ਦੁੱਖ ਤਾਂ ਉਥੇ ਹੁੰਦਾ ਹੈ ਜਿੱਥੇ ਬੱਚੇ ਪਿਤਾ ਨਾਲ ਘੱਟ ਪਰ ਮਾਂ ਨਾਲ ਅਕਸਰ ਹੀ ਦੁਰਵਿਹਾਰ ਕਰਦੇ ਨਜ਼ਰ ਆਉਂਦੇ ਹਨ। ਬੇਮੁਹਾਰ ਹੁੰਦੇ ਜਾ ਰਹੇ ਬੱਚਿਆਂ ਦੀ ਚਿੰਤਾ ਵਿਚ ਪਿਤਾ ਦਾ ਸੁਭਾਅ ਗੁੱਸੇਖ਼ੋਰ ਤੇ ਸਰੀਰ ਬੀਮਾਰੀਆਂ ਸਹੇੜ ਰਿਹਾ ਹੈ। ਮਾਂ ਪਰਿਵਾਰਕ ਅਸੰਤੁਲਨ ਤੋਂ ਪਰੇਸ਼ਾਨ ਤੇ ਬੇਬੱਸ ਹੁੰਦੀ ਜਾ ਰਹੀ ਹੈ। ਇਸ ਲਈ ਮਾਂ-ਬਾਪ ਦੋਹਾਂ ਨੂੰ ਆਪਸੀ ਸੂਝ-ਬੂਝ ਨਾਲ ਚੱਲਣਾ ਪਵੇਗਾ। ਪਿਤਾ ਨੇ ਕਿਉਂਕਿ ਘਰ ਤੋਂ ਬਾਹਰ ਦੇ ਕੰਮ ਵੀ ਦੇਖਣੇ ਹਨ ਇਸ ਲਈ ਘਰ ਦੇ ਕੰਮਾਂ ਵਿਚ ਜ਼ਿਆਦਾ ਸਮਾਂ ਦੇਣਾ ਆਸਾਨ ਨਹੀਂ ਹੈ। ਇਸ ਤੋਂ ਇਲਾਵਾ ਪਿਤਾ ਚਾਹੇ ਕਿੰਨਾ ਵੀ ਸ਼ਾਂਤ ਸੁਭਾਅ ਵਾਲਾ ਹੋਵੇ, ਮਾਂ ਵਰਗਾ ਠਰੰਮ੍ਹਾ ਉਸ ਵਿਚ ਨਹੀਂ ਆ ਸਕਦਾ। ਇਸ ਲਈ ਇਹ ਜ਼ਿੰਮੇਵਾਰੀ ਵੀ ਮੁੱਖ ਤੌਰ 'ਤੇ ਮਾਂ ਦੀ ਹੀ ਬਣਦੀ ਹੈ। ਬੱਚਿਆਂ ਦੇ ਮਾਮਲੇ ਵਿਚ ਮਾਂ ਬਾਪ ਦੋਵੇਂ ਹੀ ਇਹ ਸਮਝ ਲੈਣ ਕਿ ਇਹ ਮਸਲੇ ਇੱਕ ਦੂਜੇ 'ਤੇ ਹਾਵੀ ਹੋ ਕੇ ਫ਼ੈਸਲੇ ਲੈਣ ਵਾਲੇ ਨਹੀਂ ਹੁੰਦੇ, ਨਾ ਹੀ ਇਸ ਵਿਚ ਕਿਸੇ ਤਰ੍ਹਾਂ ਦੀ ਹਉਮੈਂ ਨੂੰ ਆਉਣ ਦੇਣਾ ਚਾਹੀਦਾ ਹੈ। ਮਾਂ ਬਾਪ ਦੋਵੇਂ ਹੀ ਬੱਚਿਆਂ ਦਾ ਭਲਾ ਸੋਚਦੇ ਹਨ



ਤੇ ਜ਼ਿੰਦਗੀ ਭਰ ਉਨ੍ਹਾਂ ਲਈ ਜੂਝਦੇ ਹਨ। ਇਸ ਵਿਚ ਕਿਸੇ ਦਾ ਯੋਗਦਾਨ ਵੱਧ ਜਾਂ ਘੱਟ ਨਹੀਂ ਹੁੰਦਾ ਪਰ ਕੁਦਰਤੀ ਤੌਰ 'ਤੇ ਮਾਂ ਤੇ ਬੱਚੇ ਦਾ ਸਬੰਧ ਕੁਝ ਅਜਿਹਾ ਹੁੰਦਾ ਹੈ ਕਿ ਉਹ ਬੱਚਿਆਂ ਨੂੰ ਜ਼ਿਆਦਾ ਚੰਗੀ ਤਰ੍ਹਾਂ ਸਮਝਦੀ ਹੈ। ਅਜਿਹੀ ਸਥਿਤੀ ਵਿਚ ਪਿਤਾ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਪਤਨੀ ਦਾ ਮਨੋਬਲ ਵਧਾਵੇ। ਉਸ 'ਤੇ ਵਿਸਵਾਸ ਰੱਖੇ। ਮਾਂ ਬੇਸ਼ੱਕ ਪੜ੍ਹੀ-ਲਿਖੀ ਹੋਵੇ ਜਾਂ ਅਨਪੜ੍ਹ ਉਸ ਵਿਚ ਬੱਚਿਆਂ ਨੂੰ ਸਮਝਾ ਸਕਣ ਦੀ ਸਮਰੱਥਾ ਹੁੰਦੀ ਹੀ ਹੈ। ਦਰਅਸਲ ਇੱਕ ਔਰਤ ਮਾਂ ਦੇ ਰੂਪ ਵਿਚ ਚਾਹੇ ਕਿੰਨੀ ਵੀ ਮਜ਼ਬੂਤ ਕਿਉਂ ਨਾ ਹੋਵੇ, ਪਤਨੀ ਦੇ ਰੂਪ ਵਿਚ ਉਹ ਕਮਜ਼ੋਰ ਹੀ ਹੁੰਦੀ ਹੈ। ਪਤੀ ਦਾ ਇਹ ਭਰੋਸਾ ਉਸ ਨੂੰ ਡੋਲਣ ਤੋਂ ਬਚਾਈ ਰੱਖੇਗਾ। ਇੱਕ ਦੂਜੇ ਤੋਂ ਛੁਪਾ ਕੇ ਬੱਚੇ ਦੀ ਕਦੀ ਕੋਈ ਜ਼ਰੂਰਤ ਪੂਰੀ ਨਾ ਕੀਤੀ ਜਾਵੇ। ਬੱਚਿਆਂ ਨੂੰ ਜ਼ਿੰਮੇਵਾਰ ਬਣਾਇਆ ਜਾਏ। ਆਪਣੀ ਮਮਤਾ ਦਾ ਕਮਜ਼ੋਰ ਪਹਿਲੂ ਬੱਚਿਆਂ 'ਤੇ ਉਜਾਗਰ ਨਾ ਹੋਣ ਦਿਓ ਬਲਕਿ ਆਪਣੇ ਫ਼ੈਸਲੇ ਮਜ਼ਬੂਤੀ ਨਾਲ ਲਵੋ। ਉਨ੍ਹਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਦੇ ਨਾਲ-ਨਾਲ ਫ਼ਰਜ਼ਾਂ ਬਾਰੇ ਵੀ ਸੁਚੇਤ ਕਰੋ। ਮਾਂ ਹੀ ਇਹ ਸਭ ਕੰਮ ਕਰ ਸਕਦੀ ਹੈ। ਪਿਆਰ ਦੇ ਨਾਲ-ਨਾਲ ਅਨੁਸ਼ਾਸਨ ਦਾ ਆਪਣਾ ਮਹੱਤਵ ਹੈ। ਬੱਚਿਆਂ ਨੂੰ ਵੀ ਮਾਂ-ਬਾਪ ਦੀ ਸਥਿਤੀ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ।

ਬਹੁਤ ਵਾਰੀ ਬੱਚੇ ਪਿਤਾ ਦੀ ਸਖ਼ਤੀ ਦਾ ਬਦਲਾ ਮਾਂ 'ਤੇ ਗੁੱਸਾ ਕਰਕੇ ਉਤਾਰਦੇ ਹਨ। ਉਹ ਮਾਂ ਕੋਲੋਂ ਆਪਣੇ ਕੰਮ ਕਰਾਉਣੇ ਅਤੇ ਨਾ ਹੋਣ ਦੀ ਸੂਰਤ ਵਿਚ ਗੁੱਸਾ ਕਰਨਾ ਆਪਣਾ ਅਧਿਕਾਰ ਸਮਝਦੇ ਹਨ। ਅਜਿਹੇ ਬੱਚਿਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਪਾਲ ਕੇ ਕਿਸੇ ਸਮਰੱਥ ਬਣਾ ਸਕਣ ਵਾਲੀ ਮਾਂ ਨਾ ਕਮਜ਼ੋਰ ਹੁੰਦੀ ਹੈ ਨਾ ਹੀ ਬੇਵੱਸ। ਮਾਂ ਹੀ ਹਰ ਪਰਿਵਾਰ ਦਾ ਧੁਰਾ ਹੁੰਦੀ ਹੈ। ਉਸ ਦੀ ਗੈਰ ਮੌਜੂਦਗੀ ਵਿਚ ਕੁਝ ਵੀ ਆਪਣੀ ਜਗ੍ਹਾ ਕਾਇਮ ਨਹੀਂ ਰਹਿੰਦਾ। ਨਾ ਘਰ ਦਾ ਮਾਹੌਲ, ਨਾ ਪਿਆਰ, ਨਾ ਰਿਸ਼ਤੇ।

ਅੱਜ ਦਾ ਇਨਸਾਨ ਮਤਲਬੀ ਬਣਦਾ ਜਾ ਰਿਹਾ ਹੈ। ਜ਼ਰਾ ਦਿਲ 'ਤੇ ਹੱਥ ਰੱਖ ਕੇ ਸੋਚ ਕੇ ਵੇਖੋ ਅੱਜ ਸਮਾਜ ਸਵਾਰਥਪੁਣੇ ਦੇ ਅਜਿਹੇ ਦੌਰ 'ਚੋਂ ਲੰਘ ਰਿਹਾ ਹੈ। ਜਿਥੇ ਇਨਸਾਨ ਰਿਸ਼ਤਿਆਂ ਨੂੰ ਲੀਰੋ-ਲੀਰ ਕਰਕੇ ਰਾਖ ਕਰਨ ਲਈ ਮਿੰਟ ਨਹੀਂ ਲਾਉਂਦਾ। ਸਮਾਜ ਵਿਚ ਕਿੰਨੀਆਂ ਮਾਵਾਂ ਆਪਣੀ ਔਲਾਦ ਦੀ ਬੇਕਦਰੀ ਦਾ ਸ਼ਿਕਾਰ ਹੋਈਆਂ ਬਿਰਧ ਆਸ਼ਰਮਾਂ ਵਿਚ ਦਿਨ ਕੱਟ ਰਹੀਆਂ ਹਨ। ਸਾਨੂੰ ਬਜ਼ੁਰਗ ਮਾਂ ਬਾਪ ਨੂੰ ਬਿਰਧ ਆਸ਼ਰਮਾਂ 'ਚ ਭੇਜਣ ਦੀ ਬਜਾਇ ਉਨ੍ਹਾਂ ਦੀ ਖੁਦ ਸੇਵਾ ਕਰਨੀ ਚਾਹੀਦੀ ਹੈ।

ਘਰ ਵਿਚ ਮਾਂ ਪ੍ਰਕਾਸ਼ ਵਾਂਗ ਹੁੰਦੀ ਹੈ, ਮਾਂ ਦੇ ਦਿੱਤੇ ਹੋਏ ਸੰਸਕਾਰ ਅਤੇ ਦੁਆਵਾਂ ਹਮੇਸ਼ਾਂ ਔਲਾਦ ਲਈ ਚਾਨਣ ਮੁਨਾਰਾ ਅਤੇ ਰਾਹ ਦਸੇਰਾ ਬਣਦੀਆਂ ਰਹਿੰਦੀਆਂ ਹਨ। ਮੈਂ ਖ਼ੁੱਦ ਮਾਂ ਦੇ ਦਿੱਤੇ ਸੰਸਕਾਰਾਂ ਦੀ ਬਦੌਲਤ ਅੱਜ ਇਕ ਸਕੂਲ ਟੀਚਰ ਦੇ ਕਾਬਿਲ ਬਣਿਆਂ ਹਾਂ। ਮੇਰਾ ਮੰਨਣਾ ਹੈ ਕਿ ਮਾਂ ਦੀ ਬਦੌਲਤ ਹੀ ਬੱਚੇ ਵੱਡੇ-ਵੱਡੇ ਮੁਕਾਮਾਂ 'ਤੇ ਫਤਹਿ ਹਾਸਲ ਕਰਦੇ ਹਨ।

# ਖ਼ੁਦ ਦਾ ਖ਼ੁਦ ਨੂੰ ਮਿਲਣਾ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਖ਼ੁਦ ਦੇ ਖ਼ੁਦ ਨਾਲ ਜੁੜਨ ਦੀ ਮਹੱਤਤਾ ਨੂੰ ਦਰਸਾਇਆ ਹੈ। ਉਨ੍ਹਾਂ ਅਨੁਸਾਰ ਖ਼ੁਦ ਨਾਲ ਖ਼ੁਦ ਦੇ ਜੁੜਨ ਲਈ ਮਨ ਵਿਚ ਚਾਹਨਾ ਹੋਣੀ ਜ਼ਰੂਰੀ ਹੈ ਤੇ ਖ਼ੁਦ ਨਾਲ ਖ਼ੁਦ ਦਾ ਜੁੜਨਾ ਹੀ ਕ੍ਰਿਸ਼ਮੇ ਕਰਦਾ ਹੈ।***

ਬੰਦਾ ਹਮੇਸ਼ਾ ਭੱਜ-ਦੌੜ ਵਿਚ। ਕਦੇ ਨਹੀਂ ਲੈਂਦਾ ਆਪਣੀ ਸਾਰ। ਨਹੀਂ ਉਸਨੂੰ ਖ਼ੁਦ ਦੀ ਪ੍ਰਵਾਹ। ਆਪਣੀਆਂ ਮਾਨਸਿਕ ਤੇ ਭਾਵਨਾਤਮਿਕ ਲੋੜਾਂ ਤੋਂ ਸਦਾ ਅਣਦੇਖੀ। ਪਰਿਵਾਰਕ ਅਤੇ ਸਮਾਜਿਕ ਜ਼ਿੰਮੇਵਾਰੀਆਂ ਤੋਂ ਖ਼ੁਦ ਹੀ ਦੂਰੀ ਬਣਾਉਣ ਵਿਚ ਰੁਚਿਤ।

ਬੰਦੇ ਨੂੰ ਜੀਵਨ ਦੌੜ ਵਿਚ ਚਿੱਤ-ਚੇਤਾ ਵੀ ਨਹੀਂ ਕਿ ਉਹ ਕੀ ਹੈ? ਕਿਉਂ ਇਸ ਤਰ੍ਹਾਂ ਕਰਦਾ ਹੈ? ਕਿਸ ਲਈ ਕਰਦਾ ਹੈ ਅਤੇ ਕਿਹੜੀਆਂ ਜ਼ਰੂਰਤਾਂ ਵਿਚੋਂ ਜ਼ਿੰਦਗੀ ਨੂੰ ਸੁਖਨ ਮਿਲਦਾ? ਕਿਹੜੀ ਪੂਰਤੀ ਵਿਚੋਂ ਸੰਤੁਸ਼ਟੀ ਦਾ ਅਹਿਸਾਸ ਹੋਣਾ ਅਤੇ ਕਿਹੜੇ ਮਾਰਗ 'ਤੇ ਜਾਂਦਿਆਂ ਮੰਜ਼ਲ ਨੇ ਨਤਮਸਤਕ ਹੋਣਾ?

ਬੰਦਾ ਜਾਣਦਾ ਹੀ ਨਹੀਂ ਕਿ ਇਸ ਅੰਨ੍ਹੀ ਦੌੜ ਦਾ ਅੰਤ ਕੀ ਏ? ਕਿਹੜੇ ਖੂਹ-ਖਾਤੇ ਵਿਚ ਇਸ ਨੇ ਮਨੁੱਖ ਨੂੰ ਸੁੱਟਣਾ? ਕਿਹੜੀਆਂ ਹਾਬੜੀਆਂ ਭਾਵਨਾਵਾਂ ਨੇ ਉਸਨੂੰ ਨਿਗਲ ਜਾਣਾ? ਕਿਹੜੇ ਬੇਦਰਦ ਜ਼ਮਾਨੇ ਨੇ ਉਸਨੂੰ ਪੈਰਾਂ ਵਿਚ ਰੋਂਦ ਨੇ ਅੱਗੇ ਨਿਕਲ ਜਾਣਾ ਅਤੇ ਫਿਰ ਬੰਦੇ ਦੇ ਪੱਲੇ ਪਛਤਾਵੇ ਤੋਂ ਬਗੈਰ ਬਚਣਾ ਵੀ ਕੀ ਆ?

ਬੰਦੇ ਨੂੰ ਇਸਦੀ ਸਾਰ ਹੀ ਨਹੀਂ ਕਿ ਉਹ ਕਿਹੜੀਆਂ ਰਾਹਾਂ ਦਾ ਪਾਂਧੀ ਅਤੇ ਇਨ੍ਹਾਂ ਰਾਹਾਂ ਨੇ ਕਿਹੜੇ ਰੁਖ਼ਸਾਰਾਂ ਵੰਨੀਂ ਮੁਹਾਰ ਮੋੜਨਾ? ਇਨ੍ਹਾਂ ਰਾਹਾਂ ਵਿਚ ਉਗੀਆਂ ਵਾੜਾਂ, ਕੰਡਿਆਂ, ਖਾਈਆਂ ਅਤੇ ਖੱਡਾਂ ਨੇ ਮਨੁੱਖ ਨੂੰ ਉਸਦੀ ਔਕਾਤ ਦੇ ਰੂ-ਬ-ਰੂ ਕਰਨਾ? ਬੰਦੇ ਨੇ ਫਿਰ ਇਕ ਬਿੰਦੂ 'ਤੇ ਖੜਿਆਂ ਹੀ ਸਾਹਾਂ ਦਾ ਭਵਜਲ ਤਰਨਾ।

ਬੰਦਾ ਮਹਿਲਾਂ-ਮੁਨਾਰਿਆਂ ਦੀ ਉਸਾਰੀ ਵਿਚ ਅਜਿਹਾ ਗਲ਼ਤਾਨ ਕਿ ਉਸਨੂੰ ਭੁੱਲ ਹੀ ਗਿਆ ਕਿ ਉਹ ਤਾਂ ਰਾਤ ਦਾ ਰਾਹੀ ਹੀ ਬਣਿਆ ਰਿਹਾ। ਰਾਤ ਨੂੰ ਸੌਣ ਲਈ ਇਕ ਛੱਤ ਦੀ ਲੋੜ। ਕਈ ਵਾਰ ਲੋਕ ਅੰਬਰ ਦੀ ਛੱਤ ਹੇਠ ਤਾਰਿਆਂ ਨਾਲ ਗੱਲਾਂ ਕਰਦਿਆਂ ਹੀ 'ਨੇਰਿਆਂ ਦੀ ਸੰਗਤਾ ਨੂੰ ਮਾਣਦਿਆਂ ਆਪਣਾ ਜੀਵਨ-ਸਫ਼ਰ ਜਾਰੀ ਰੱਖਦੇ।

ਬੰਦੇ ਦੀ ਕੇਹੀ ਫਿਤਰਤ ਕਿ ਉਹ ਆਪਣੀਆਂ ਕਈ ਪੁਸ਼ਤਾਂ ਦੀ ਪਨਪ-ਪਨਾਹੀ ਲਈ ਧਨ ਜੋੜਨ ਦੀ ਅਜੇਹੀ ਲਾਲਸਾ ਦਾ ਸ਼ਿਕਾਰ ਹੋ ਜਾਂਦਾ ਕਿ ਉਸ ਦੀਆਂ ਸੱਤ ਪੁਸ਼ਤਾਂ ਬੈਠ ਕੇ ਖਾ ਸਕਦੀਆਂ ਨੇ। ਇਹ ਸੋਚ ਉਸ ਧਾਰਨਾ ਵਿਚੋਂ ਪੈਦਾ ਹੁੰਦੀ ਜਦ ਬੰਦੇ ਨੂੰ ਸ਼ੰਕਾ ਹੁੰਦੀ ਕਿ ਉਸਦੀ ਔਲਾਦ ਨਲਾਇਕ, ਹੋਛੀ ਅਤੇ ਅਪੰਗ ਹੋਵੇਗੀ। ਕੀ ਉਸਨੂੰ ਇੰਨਾ ਵਿਸ਼ਵਾਸ ਨਹੀਂ ਕਿ ਆਉਣ ਵਾਲੀਆਂ ਨਸਲਾਂ ਲਈ ਕੁਝ ਕਰਨ ਲਈ ਛੱਡ ਜਾਵੇ। ਕਿਧਰੇ ਉਹ ਤੁਹਾਡੀ ਅਮੀਰੀ ਤੇ ਅਯਾਸ਼ੀ ਵਿਚ ਉਲਝੀ ਤੁਹਾਡੇ ਲਈ ਸਮਾਜਿਕ ਨਮੋਸ਼ੀ ਨਾ ਬਣ ਜਾਵੇ।

ਬੰਦਾ ਆਪਣੀ ਅਲਮਾਰੀ ਨੂੰ ਵੱਖੋ-ਵੱਖ ਬਰਾਂਡਾਂ, ਸਟਾਈਲ ਅਤੇ ਰੰਗਾਂ ਦੇ ਕੱਪੜਿਆਂ ਨਾਲ ਭਰ ਲੈਂਦਾ। ਉਸਨੂੰ ਇਹ ਯਾਦ ਹੀ ਨਹੀਂ ਰਹਿੰਦਾ ਕਿ ਤਨ ਢੱਕਣ ਲਈ ਸਿਰਫ਼ ਇਕ ਹੀ ਕੁੜਤੇ-ਪਜਾਮੇ ਦੀ ਲੋੜ ਹੁੰਦੀ ਅਤੇ ਕੱਫ਼ਣ ਲਈ ਸਿਰਫ਼ ਢਾਈ ਮੀਟਰ ਦਾ ਚਿੱਟਾ ਲੱਠਾ ਹੁੰਦਾ। ਜਦ ਬੰਦਾ ਆਖ਼ਰੀ ਸਫ਼ਰ 'ਤੇ ਤੁਰ ਜਾਂਦਾ ਤਾਂ ਅਲਮਾਰੀਆਂ ਵਿਚ ਪਏ ਕੱਪੜੇ ਅਣਵਰਤਿਆਂ ਹੋਣ 'ਤੇ ਝੂਰਦੇ। ਉਹੀ ਕੱਪੜੇ ਫਿਰ ਦਾਨ ਦੇ ਰੂਪ ਵਿਚ ਕਿਸੇ ਮੰਗਤੇ ਦਾ ਪਿੰਡਾ ਢੱਕਦੇ। ਬੰਦੇ ਨੂੰ ਸ਼ਾਇਦ ਇਹ ਭੁੱਲ ਹੀ ਗਿਆ ਕਿ ਉਸਦੇ ਬਜ਼ੁਰਗਾਂ ਕੋਲ ਅਕਸਰ ਹੀ ਇਕ ਜਾਂ ਦੋ ਲੀੜੇ ਹੀ ਪਹਿਨਣ ਵਾਲੇ ਹੁੰਦੇ ਸਨ ਉਹ ਜ਼ਿੰਦਗੀ ਦੇ ਸੁਖਨ ਦਾ ਸਿਰਨਾਵਾਂ ਹੁੰਦੇ ਸਨ।

ਬੰਦੇ ਦਾ ਖੁਦ ਨਾਲੋਂ ਟੁੱਟਣ ਦਾ ਇਹ ਕੇਹਾ ਵਿਕਰਾਲ ਰੂਪ ਕਿ ਉਸਨੂੰ ਆਪਣੇ ਸਫ਼ਰ ਦਾ ਖ਼ਿਆਲ ਹੀ ਨਹੀਂ ਰਿਹਾ ਕਿ ਉਹ ਕਿਥੋਂ ਆਇਆ? ਕਿਥੇ ਤੇ ਕਿਵੇਂ ਤੁਰਿਆ? ਕਿੰਨਾ ਪੈਂਡਾ ਤੈਅ ਕੀਤਾ? ਕਿਹੜੇ ਹੋਰ ਰਾਹਾਂ ਦੀ ਖਾਕ ਛਾਣ ਕੇ ਆਖ਼ਰੀ ਸਫ਼ਰੀ-ਅਲਵਿਦਾ ਦਾ ਅਲਾਪ ਆਪਣੀ ਰੂਹ ਦੇ ਨਾਮ ਲਾਉਣਾ? ਉਹ ਦੁਨਿਆਵੀ ਸਫ਼ਰ ਪੂਰੇ ਕਰਨ ਲਈ ਕੇਹਾ ਉਲਾਰ ਕਿ ਉਹ ਖੁਦ ਦੇ ਹਵਾਈ ਜਹਾਜ਼ ਤੇ ਮਹਿੰਗੀਆਂ ਕਾਰਾਂ ਦੇ ਕਾਫ਼ਲੇ ਨਾਲ ਵੀ ਸੰਤੁਸ਼ਟ ਨਹੀਂ। ਉਸਦੀ ਲਾਲਸਾ ਹਰ ਪ੍ਰਾਪਤੀ ਅਤੇ ਸੁੱਖ-ਸਾਧਨ ਨਾਲ ਹੋਰ ਉਲਾਰ ਹੋ ਜਾਂਦੀ। ਸਭ ਕੁਝ ਹੜੱਪਣ ਦੀ ਕੇਹੀ ਬਿਰਤੀ ਕਿ ਉਹ ਸਭ ਕੁਝ ਹੁੰਦਿਆਂ ਵੀ ਕੰਗਾਲ। ਜਦ ਕਿ ਖੁਦ ਨਾਲ ਜੁੜਿਆ ਬੰਦਾ ਕੁਝ ਨਾ ਹੁੰਦਿਆਂ ਵੀ ਖੁਸ਼ਹਾਲ। ਬੰਦੇ ਦੀ ਕੇਹੀ ਤਰਾਸਦੀ ਕਿ ਉਹ ਭੋਖੜੇ ਦਾ ਸ਼ਿਕਾਰ ਕਿਉਂਕਿ ਤ੍ਰਿਪਤੀ ਰੂਹ ਦੀ ਹੁੰਦੀ। ਤਨ ਦੀ ਭੁੱਖ ਦਾ ਕੋਈ ਅੰਤ ਨਹੀਂ ਹੁੰਦਾ।

ਬੰਦਾ ਖੁਦ ਨਾਲੋਂ ਕੇਹਾ ਤਿੜਕਿਆ ਕਿ ਉਹ ਰਸਾਤਲ ਵਿਚ ਡਿਗਦਾ ਹੀ ਜਾ ਰਿਹਾ। ਉਸਦਾ ਕੋਈ ਆਖਰੀ ਪੜਾਅ ਨਜ਼ਰ ਨਹੀਂ ਆ ਰਿਹਾ। ਇੰਦਰਾਵੀ ਲਾਲਸਾਵਾਂ ਵਿਚ ਕੇਹਾ ਜਕੜਿਆ ਕਿ ਉਹ ਅੱਖਾਂ ਨਾਲ ਦੇਖਣ ਤੇ ਕੰਨਾਂ ਨਾਲ ਸੁਣਨ ਤੋਂ ਆਤੁਰ, ਲੱਤਾਂ ਨਾਲ ਤੁਰਨ ਤੋਂ ਆਕੀ ਅਤੇ ਜ਼ੁਬਾਨ ਵੀ ਥਥਲਾਉਣ ਦੇ ਬਾਵਜੂਦ ਉਹ ਆਪਣੀਆਂ ਸਰੀਰਕ ਇੰਦਰੀਆਂ ਨੂੰ ਕਾਬੂ ਕਰਨ ਦੇ ਅਸਮਰੱਥ। ਇਸ ਅਸਮਰੱਥਾ ਵਿਚੋਂ ਹੀ ਮਨੁੱਖ ਦੀ ਸੰਕੀਰਨਤਾ ਜ਼ਾਹਰ ਹੁੰਦੀ ਕਿ ਉਹ ਉਮਰ ਬਿਤਾ ਕੇ ਵੀ ਅਤ੍ਰਿਪਤੀ ਦਾ ਹਉਕਾ ਬਣਿਆ ਰਿਹਾ। ਬਰਸਾਤਾਂ ਵਿਚ ਵੀ ਮਾਰੂਥਲ਼ਾਂ ਵਿਚ ਭਟਕਦਾ ਰਿਹਾ। ਦਰਿਆ ਵਰਗਾ ਹੁੰਦਾ ਵੀ ਬਰੇਤਿਆਂ ਦੀ ਜੂਨ ਹੰਢਾਉਣ ਲਈ ਮਜਬੂਰ। ਬਹਾਰਾਂ ਦਾ ਸਿਰਨਾਵਾਂ ਹੁੰਦਿਆਂ ਵੀ ਪੱਤਝੜਾਂ ਦਾ ਹਾਣੀ ਰਿਹਾ।



ਅੰਬਰ ਜੇਡ ਪ੍ਰਵਾਜ਼ ਵਾਲਾ ਬੰਦਾ ਸਿਰਫ਼ ਰਸਾਤਲ ਗਰਕਣੀ ਦਾ ਨਾਮ ਹੀ ਬਣਿਆ ਰਿਹਾ।

ਬੰਦੇ ਦੀ ਖੁਦ ਪ੍ਰਤੀ ਅਵੱਗਿਆ ਹੀ ਹੈ ਕਿ ਉਹ ਭੀੜ ਵਿਚ ਹੁੰਦਿਆਂ ਵੀ ਇਕੱਲਤਾ ਹੰਢਾਉਣ ਲਈ ਮਜਬੂਰ। ਘਰ ਵਿਚ ਹੁੰਦਆਂ ਵੀ ਕਮਰੇ ਦਾ ਕੈਦੀ। ਬਾਹਰ ਚਾਨਣ ਹੁੰਦਿਆਂ, ਤਾਕੀਆਂ ਤੇ ਰੌਸ਼ਨਦਾਨ ਬੰਦ ਕਰ ਕੇ ਹਨੇਰੇ ਦਾ ਸਾਥ ਮਾਨਣਾ ਲੋਚਦਾ। ਇਸ ਲੋਚਾ ਨੇ ਬੰਦੇ ਨੂੰ ਖੁਦ ਨਾਲੋਂ ਬਹੁਤ ਦੂਰ ਕਰ ਦਿਤਾ। ਇਸ ਦੂਰੀ ਨੂੰ ਤੈਅ ਕਰਨਾ ਹੁਣ ਉਸਦੇ ਵੱਸ ਹੀ ਨਹੀਂ ਰਿਹਾ ਅਤੇ ਹੁਣ ਉਹ ਬੇਵੱਸੀ ਦੇ ਆਲਮ ਵਿਚ ਖੁਦ ਦਾ ਸਿਵਾ ਸੇਕਣ ਲਈ ਮਜਬੂਰ।

ਬੰਦੇ ਦੇ ਮਨ ਵਿਚ ਆਪਣੇ ਆਲੇ-ਦੁਆਲੇ ਨੂੰ ਜਾਨਣ, ਕੁਦਰਤ ਨੂੰ ਸਮਝਣ ਅਤੇ ਸਮਾਜ ਵਿਚ ਵਾਪਰਦੀ ਹਰ ਘਟਨਾ ਨੂੰ ਨੀਝ ਨਾਲ ਦੇਖਣ ਅਤੇ ਸਮਝਣ ਦੀ ਉਤੇਜਨਾ ਹੀ ਪੈਦਾ ਨਹੀਂ ਹੋਈ ਸਗੋਂ ਬਾਹਰੀ ਦੌੜ ਵਿਚ ਹੀ ਉਲਝ ਕੇ ਰਹਿ ਗਿਆ। ਉਸਨੂੰ ਪਤਾ ਹੀ ਨਹੀਂ ਲੱਗਾ ਕਿ ਉਸਦੇ ਅੰਦਰ ਕੀ ਵਾਪਰ ਰਿਹਾ ਹੈ? ਉਸਦੀ ਅੰਦਰਲੀ ਟੁੱਟ ਭੱਜ ਨੇ ਉਸਨੂੰ ਕਿਵੇਂ ਲਾਚਾਰ ਅਤੇ ਮਜ਼ਲੂਮ ਬਣਾ ਦਿੱਤਾ? ਉਸਦੇ ਅੰਤਰੀਵ ਵਿਚ ਕਿਹੜੇ ਉਤਰਾਅ- ਚੜ੍ਹਾਅ ਆਏ? ਇਨ੍ਹਾਂ ਵਿਚ ਉਹ ਕਿਵੇਂ ਗੋਤੇ ਖਾ ਰਿਹਾ? ਇਨ੍ਹਾਂ ਮੂੰਹ ਜ਼ੋਰ ਛੱਲਾਂ ਸਾਹਵੇਂ ਉਹ ਕਿੰਨਾ ਨਿੰਮੋਝੂਣਾ ਹੈ? ਉਸਦੀ ਕਮਜ਼ੋਰੀ ਅਤੇ ਕਾਇਰਤਾ ਨੂੰ ਇਸ ਪੱਖੋਂ ਸਮਝਿਆ ਜਾ ਸਕਦਾ ਕਿ ਉਹ ਬੁਜ਼ਦਿਲ ਬਣ ਕੇ ਉਮਰ ਗੁਜ਼ਾਰਨ ਵਿਚ ਭਲਾ ਸਮਝਣ ਲੱਗ ਪਿਆ। ਉਸਦੇ ਮਨ ਵਿਚ ਖ਼ੌਫ ਪੈਦਾ ਹੋ ਗਿਆ ਕਿ ਖੁਦ ਦੇ ਅੰਤਰ ਝਾਤੀ ਮਾਰਨ ਦੇ ਉਹ ਕਾਬਲ ਹੀ ਨਹੀਂ। ਜੇਕਰ ਝਾਤੀ ਮਾਰੀ ਤਾਂ ਅੰਦਰਲੇ ਕੂੜ-ਕਬਾੜ ਅਤੇ ਇਸਦੀ ਬੂਅ ਮਾਰਦੀ ਗੰਦਗੀ ਦਾ ਸਾਹਮਣਾ ਕਿੰਝ ਕਰਾਂਗਾ?

ਬੰਦੇ ਦਾ ਖ਼ੁਦ ਨਾਲੋਂ ਟੁੱਟਣਾ ਬਹੁਤ ਕਸ਼ਟਮਈ। ਦਰਦ ਦਾ ਵਹਿੰਦਾ ਦਰਿਆ। ਇਸਦੀ ਤਾਸੀਰ ਵਿਚ ਖੁਰ ਜਾਂਦੀਆਂ ਨੇ ਤਦਬੀਰਾਂ ਅਤੇ ਰੁੱਸ ਜਾਂਦੀਆਂ ਨੇ ਤਕਦੀਰਾਂ। ਇਹ ਅਜੇਹੀ ਦਰਦ ਕਿ ਇਸਦੀ ਪੀੜਾ ਤੋਂ ਅਸੀਂ ਸਦਾ ਅਵੇਸਲੇ ਰਹਿੰਦੇ। ਪਰ ਜਦ ਇਹ ਪੀੜਾ ਆਪਣੀ ਪਰਮ ਸੀਮਾ 'ਤੇ ਹੁੰਦੀ ਤਾਂ ਉਸ ਵਕਤ ਜੀਵਨ ਦਾ ਪੜਾਅ ਅਜੇਹਾ ਹੁੰਦਾ ਕਿ ਖ਼ੁਦ ਨੂੰ ਖੋਜਣ ਅਤੇ ਖੁਦ ਦੀ ਨੇੜਤਾ ਦਾ ਮੌਕਾ ਹੀ ਨਹੀਂ ਹੁੰਦਾ।

ਬੰਦੇ ਦਾ ਖੁਦ ਲਈ ਜੁੜਨ ਵਾਸਤੇ ਜ਼ਰੂਰੀ ਹੁੰਦਾ ਏ ਬੰਦੇ ਦਾ ਖੁਦ ਨੂੰ ਪੜ੍ਹਨਾ, ਸਮਝਣਾ ਅਤੇ ਇਸ ਸਮਝ ਵਿਚੋਂ ਆਪਣੀਆਂ ਜੀਵਨ ਤਰਜੀਹਾਂ ਨੂੰ ਵਿਉਂਤਣਾ। ਇਸਦੀ ਤਰਕੀਬ ਨਾਲ ਅੰਤਰੀਵੀ ਖੁਸ਼ੀ ਅਤੇ ਸਕੂਨ ਨੂੰ ਮਿਲੀ ਤਰਜੀਹ ਹੀ ਹੁੰਦੀ ਕਿ ਬੰਦਾ ਸਮਾਜ ਵਿਚ ਵਿਚਰਦਿਆਂ ਵੀ ਹਮੇਸ਼ਾ ਖ਼ੁਦ ਨਾਲ ਜੁੜਿਆ ਰਹਿੰਦਾ।

ਬੰਦਾ ਜਦ ਖ਼ੁਦ ਨਾਲ ਜੁੜਦਾ ਤਾਂ ਉਹ ਸਭ ਤੋਂ ਪਹਿਲਾਂ ਆਪਣੀਆਂ ਕਮੀਆਂ, ਕਮੀਨਗੀਆਂ ਅਤੇ ਕਰਤੂਤਾ ਦੇ ਰੂਬਰੂ ਹੁੰਦਾ। ਇਨ੍ਹਾਂ ਤੋਂ ਨਿਜ਼ਾਤ ਪਾਉਣ ਲਈ ਖ਼ੁਦ ਨੂੰ ਅੰਦਰੋਂ ਬਦਲਦਾ ਕਿਉਂਕਿ ਬਾਹਰੀ ਬਦਲਾਅ ਸਿਰਫ਼ ਮਖੌਟਾ ਜਦ ਕਿ ਅੰਤਰੀਵੀ ਬਦਲਾਅ ਪਾਕੀਜ਼ਗੀ ਦਾ ਪ੍ਰਮਾਣ।

ਬੰਦੇ ਦੇ ਖੁਦ ਨਾਲ ਜੁੜਨ ਲਈ ਜ਼ਰੂਰੀ ਹੈ ਕਿ ਉਹ ਪਾਰਦਰਸ਼ੀ ਹੋਵੇ, ਕੂੜ ਕਪਟ ਤੋਂ ਨਿਰਲੇਪ, ਨਿੱਜੀ ਮੁਫ਼ਾਦ ਤੋਂ ਅਲੂਫ਼ ਹੋਵੇ। ਸਿਰਫ਼ ਸਰਬੱਤ ਦੇ ਭਲੇ ਦੀ ਕਾਮਨਾ ਦਾ ਤਲਬਗਾਰ ਹੋਵੇ।

ਖ਼ੁਦ ਨਾਲ ਜੁੜਨ ਦਾ ਸਭ ਤੋਂ ਵੱਡਾ ਹਾਸਲ ਹੁੰਦਾ ਕਿ ਮਨੁੱਖ ਖ਼ੁਦ ਹੀ ਖੁਦ ਦਾ ਸਾਥ ਮਾਣਦਾ। ਆਪਣੇ ਹਿੱਸੇ ਦੀ ਜ਼ਿੰਦਗੀ ਖ਼ੁਦ ਨਾਲ ਜਿਉਂਦਾ ਅਤੇ ਖ਼ੁਦ ਵਿਚੋਂ ਖ਼ੁਦਾਈ ਦਾ ਦੀਦਾਰ ਕਰਦਾ ਹੈ।

ਬੰਦਾ ਖ਼ੁਦ ਨਾਲ ਜੁੜ ਕੇ ਹੀ ਖ਼ੁਦ ਨਾਲ ਸੰਵਾਦ ਰਚਾਉਂਦਾ। ਖ਼ੁਦ ਨੂੰ ਪ੍ਰਸ਼ਨ ਵੀ ਕਰਦਾ ਅਤੇ ਉਤਰ ਵੀ ਬਣਦਾ। ਖ਼ੁਦ ਵਿਚੋਂ ਆਪਣੀ ਖੁਦਦਾਰੀ ਨੂੰ ਵੀ ਪਛਾਣਦਾ ਅਤੇ ਖੁਦਾਈ ਨੂੰ ਵੀ ਰਹਿਮਤੀ ਨਜ਼ਰ ਦੀ ਆਬਸ਼ਾਰ ਬਣਾਉਂਦਾ। ਖ਼ੁਦ ਹੀ ਖ਼ਾਮੋਸ਼ ਵੀ ਹੁੰਦਾ ਅਤੇ ਖ਼ੁਦ ਖ਼ੌਰੂ ਵੀ ਪਾਉਂਦਾ। ਖ਼ੁਦ ਨੱਚਦਾ ਵੀ ਅਤੇ ਖ਼ੁਦ ਨੂੰ ਨਚਾਉਂਦਾ ਵੀ। ਖ਼ੁਦ ਨੂੰ ਰੁਸਾਉਂਦਾ ਵੀ ਅਤੇ ਮਨਾਉਂਦਾ ਵੀ। ਖ਼ੁਦ ਨੂੰ ਨਫਰਤ ਵੀ ਕਰਦਾ ਅਤੇ ਖ਼ੁਦ ਨੂੰ ਭਾਉਂਦਾ ਵੀ। ਖ਼ੁਦ ਨਾਲ ਝਗੜਦਾ ਵੀ ਤੇ ਖ਼ੁਦ ਹੀ ਖ਼ੁਦ ਨਾਲ ਜੰਗਬੰਦੀ ਦਾ ਐਲਾਨ ਵੀ ਕਰਦਾ।

ਬੰਦੇ ਦੇ ਖ਼ੁਦ ਦਾ ਖ਼ੁਦ ਨਾਲ ਜੁੜਨਾ ਅਸਾਨ ਨਹੀਂ ਹੁੰਦਾ। ਖ਼ੁਦ ਤੋਂ ਖ਼ੁਦ ਦੀ ਦੂਰੀ ਬਹੁਤ ਘੱਟ ਵੀ ਅਤੇ ਬਹੁਤ ਲੰਮੇਰੀ ਵੀ। ਇਸਨੂੰ ਪੂਰਾ ਕਰਨ ਲਈ ਬੰਦੇ ਦੇ ਮਜ਼ਬੂਤ ਮਾਨਸਿਕ ਧਰਾਤਲ ਦੀ ਲੋੜ। ਇਹ ਮਨ ਹੀ ਹੁੰਦਾ ਜਿਹੜਾ ਕਿਸੇ ਵੀ ਕਾਰਜ ਨੂੰ ਅਸਾਨ ਜਾਂ ਔਖਾ ਬਣਾਉਂਦਾ। ਕਿਸੇ ਕੰਮ ਨੂੰ ਅਵੱਗਿਆ ਵੀ ਸਮਝਦਾ ਪਰ ਉਹੀ ਕੰਮ ਨੂੰ ਅਰਪਿਤ ਵੀ ਹੋ ਜਾਂਦਾ। ਮਨ ਦੀਆਂ ਮੁਹਾਰਾਂ ਚੜ੍ਹਦੇ ਸੂਰਜ ਵੰਨੀਂ ਮੋੜਨ ਵਾਲਿਆਂ ਦੇ ਹਰ ਕਦਮ ਵਿਚ ਸੂਰਜ ਦੀ ਵਿਛਾਈ ਹੁੰਦੀ ਅਤੇ ਉਹ ਚਾਨਣ-ਰਾਹਾਂ ਦਾ ਦਸਤਾਵੇਜ਼ ਹੁੰਦੇ। ਕਦੇ ਚੰਨ ਦੀ ਕਾਤਰ ਤੋਂ ਰੌਸ਼ਨੀ ਦੇ ਭਰ ਵਗਦੇ ਦਰਿਆ ਦਾ ਮੁਹਾਣ ਬਣਨਾ, ਦੇਖਣਾ ਜ਼ਿੰਦਗੀ ਦੇ ਅਰਥ ਹੀ ਬਦਲ ਜਾਣਗੇ।

ਖ਼ੁਦ ਨਾਲ ਖ਼ੁਦ ਦਾ ਜੁੜਨਾ ਇਵੇਂ ਹੀ ਹੁੰਦਾ ਜਿਵੇਂ ਦੁਨਿਆਵੀ ਕਾਰਜ ਕਰਦਿਆਂ, ਖ਼ੁਦ ਨਾਲ ਸੰਵਾਦ ਰਚਾਉਂਦੇ ਰਹਿਣਾ। ਮਨ ਦੀ ਬੀਹੀ ਵਿਚ ਗਾਉਂਦੇ ਰਹਿਣਾ। ਕਦਮਾਂ ਵਿਚ ਤਾਲ ਉਪਜਾਉਂਦੇ ਰਹਿਣਾ ਅਤੇ ਇਨਾਇਤਾਂ ਵਿਚੋਂ ਬਖ਼ਸ਼ਿਸਾਂ ਦਾ ਭੰਡਾਰ ਆਪਣੇ ਨਾਮ ਲਾਉਂਦੇ ਰਹਿਣਾ।

ਖ਼ੁਦ ਦਾ ਖ਼ੁਦ ਨਾਲ ਜੁੜਨਾ, ਸਿਰਫ਼ ਬੰਦਾ ਹੀ ਕਰ ਸਕਦਾ। ਇਹ ਬੰਦੇ ਦੇ ਖ਼ੁਦ ਲਈ ਹੀ ਹੁੰਦਾ ਕਿਉਂਕਿ ਖ਼ੁਦ ਵਿਚੋਂ ਹੀ ਬੰਦੇ ਦੇ ਅਸਲੀ ਵਿਅਕਤੀਤਵ ਨੇ ਪ੍ਰਗਟਣਾ ਹੁੰਦਾ ਅਤੇ ਇਸ ਵਿਚੋਂ ਹੀ ਪਤਾ ਲੱਗਦਾ ਕਿ ਬੰਦਾ ਸਮਾਜ ਲਈ ਕੀ ਹੈ? ਸਮਾਜ ਨੂੰ ਕੀ ਦੇ ਰਿਹਾ ਹੈ? ਉਸਦੀ ਦੇਣ ਰਾਹੀਂ ਸਮਾਜ ਉਸਨੂੰ ਕਿਸ ਅੱਖ ਨਾਲ ਦੇਖ ਰਿਹਾ ਹੈ? ਇਹ ਸਮਾਜ ਦੇ ਦੀਦਿਆਂ ਵਿਚ ਤੁਹਾਡਾ ਬਿੰਬ ਹੀ ਹੁੰਦਾ ਜਿਸਨੇ ਤੁਹਾਡੇ ਜਾਣ ਤੋਂ ਬਾਅਦ ਵੀ ਲੋਕ ਚੇਤਿਆਂ ਵਿਚ ਵੱਸਦੇ ਰਹਿਣਾ ਹੁੰਦਾ। ਦੁਨਿਆਵੀ ਕਾਰਜ ਕਰਦਿਆਂ, ਸਮਾਜ ਸੇਵਾ ਨੂੰ ਅਰਪਿਤ ਜਿਊੜੇ ਉਹ ਹੁੰਦੇ ਜਿਹੜੇ ਖ਼ੁਦ ਨਾਲ ਜੁੜੇ ਹੁੰਦੇ ਜਿਨ੍ਹਾਂ ਨੂੰ ਆਪਣੇ ਮੂਲ ਦੀ ਪਛਾਣ ਹੋ ਗਈ ਹੁੰਦੀ ਹੈ।

ਖ਼ੁਦ ਨਾਲੋਂ ਖ਼ੁਦ ਦੀ ਦੂਰੀ ਦੀ ਤੜਫ਼ ਵਿਚੋਂ ਹੀ ਕਲਮ ਨੂੰ ਇਹ ਕਹਿਣ ਲਈ ਮਜਬੂਰ ਹੋਣਾ ਪੈਂਦਾ ;

ਮੈਥੋਂ ਮੇਰੇ ਕੋਲੋਂ
ਮੇਰੀ ਦੂਰੀ ਜਰੀ ਨਹੀਉਂ ਜਾਂਦੀ।
ਖ਼ੁਦ ਹੀ ਅੰਦਰਲੀ ਖ਼ਾਲੀ ਥਾਂ
ਭਰੀ ਨਹੀਉਂ ਜਾਂਦੀ।
ਜਦ ਖ਼ੁਦ ਹੀ ਖ਼ੁਦ ਦਾ
ਹੁੰਗਾਰਾ ਹੀ ਨਾ ਭਰੇ,
ਫਿਰ ਚੁੱਪ ਦੀ ਨਦੀ
ਰੂਹ ਨਾਲ ਤਰੀ ਨਹੀਉਂ ਜਾਂਦੀ।
ਹੋਵੇ ਖ਼ੁਦ ਦਾ ਤੁਸੱਵਰ ਜਾਂ
ਨੈਣਾਂ ਵਿਚ ਤਾਰੀ,
ਤਦ ਖ਼ੁਦ ਨਾਲ ਖ਼ੁਦ ਜੰਗ
ਲੜੀ ਨਹੀਉਂ ਜਾਂਦੀ।
ਜਿਹੜਾ ਸੱਜਣ ਸੁਨੇਹਾ ਧਰੇ
ਫ਼ਿਜ਼ਾ ਵਿਚ ਹਉਕਾ,
ਲਿਖੀ ਪੌਣਾਂ ਤੇ ਇਬਾਰਤ ਉਦੋਂ
ਪੜ੍ਹੀ ਨਹੀਉਂ ਜਾਂਦੀ।
ਜੀਹਨੇ ਪਾਣੀ 'ਚ ਹੰਘਾਲੀ
ਪਾਣੀ ਜਹੀ ਤਸ਼ਬੀਹ,
ਆਈ ਸੁਪਨੇ 'ਚ ਯਾਦ ਯਾਰੋ
ਪੜ੍ਹੀ ਨਹੀਉਂ ਜਾਂਦੀ।
ਜੀਹਦਾ ਤਿੱਖੜ ਦੁਪਿਹਰੀਂ
ਸੜੇ ਲੂਆਂ ਵਿਚ ਪਿੰਡਾ,
ਉਹਨੂੰ ਸਾਵਣ ਦੀ ਰੁੱਤ ਕਾਹਤੋਂ
ਵਰੀ ਨਹੀਉਂ ਜਾਂਦੀ।
ਹੁੰਦੀ ਖ਼ੁਦ ਤੋਂ ਬੇਨਿਆਜ਼ੀ
ਸਦਾ ਕਬਰਾਂ ਦਾ ਵਾਸ,
ਉਦੀਂ ਖ਼ੁਦ ਦੀ ਜ਼ਿਆਰਤ ਕਦੇ
ਕਰੀ ਨਹੀਉਂ ਜਾਂਦੀ।

ਖ਼ੁਦ ਨਾਲ ਖ਼ੁਦ ਦਾ ਜੁੜਨਾ ਹੀ ਕ੍ਰਿਸ਼ਮੇ ਕਰਦਾ। ਭਾਵੇਂ ਇਹ ਅਲੋਕਾਰੀਆਂ ਕਲਾਂ-ਕਿਰਤਾਂ ਹੋਣ। ਨਵੀਆਂ ਖੋਜਾਂ ਨਾਲ ਸੰਸਾਰ ਵਿਚ ਨਵੀਆਂ ਸੰਭਾਵਨਾਵਾਂ ਅਤੇ ਸੁਪਨਿਆਂ ਦੀ ਤਾਮੀਰਦਾਰੀ ਕਰਨੀ ਹੋਵੇ। ਕੋਈ ਵਿਲੱਖਣ ਲਿਖਤ ਹੋਵੇ ਜਾਂ ਕਲਮ ਵਿਚੋਂ ਉਕਰੀ ਕੋਈ ਅਗਾਮੀ ਅਜੂਨੀ ਕਾਵਿ-ਕਿਰਤ ਹੋਵੇ ਜੋ ਸਮਾਂ ਸੀਮਾ ਨੂੰ ਸਦੀਵੀ ਤੌਰ 'ਤੇ ਵਿਸਾਰ ਦੇਵੇ। ਯਾਦ ਰੱਖਣਾ ਕਿ ਆਵੇਸ਼ ਵਿਚੋਂ ਨਿਕਲੀਆਂ ਕਲਾਂ-ਕਿਰਤਾਂ ਸਿਰਫ਼ ਖ਼ੁਦ ਨਾਲ ਖ਼ੁਦ ਦੇ ਸੰਵਾਦ ਵਿਚੋਂ ਹੀ ਸਿਰਜੀਆਂ ਜਾਂਦੀਆਂ। ਸਮੁੱਚੀ ਗੁਰਬਾਣੀ, ਬੁੱਲੇ ਸ਼ਾਹ, ਵਾਰਸ਼ ਸਾਹ ਜਾਂ ਬਾਬਾ ਫਰੀਦ ਦੇ ਸਲੋਕ ਆਦਿ ਆਵੇਸ਼ ਵਿਚੋਂ ਰੂਹ ਦੀਆਂ ਰਮਜ਼ਾਂ ਦੀ ਰੰਗਰੇਜ਼ਤਾ ਹੈ ਜਿਸਨੇ ਸਮੁੱਚੀ ਖ਼ੁਦਾਈ ਨੂੰ ਆਪਣੇ ਰੰਗ ਵਿਚ ਰੰਗਿਆ।

ਖ਼ੁਦ ਨਾਲ ਖ਼ੁਦ ਦੇ ਜੁੜਨ ਲਈ ਮਨ ਵਿਚ ਚਾਹਨਾ ਦਾ ਪੈਦਾ ਹੋਣਾ ਜ਼ਰੂਰੀ। ਫਿਰ ਚਾਹਤ ਦੀ ਪੂਰਤੀ ਲਈ ਬੰਦੇ ਕੋਲ ਬਹੁਤ ਸਾਰੀਆਂ ਤਜਵੀਜ਼ਾਂ ਵੀ ਦਸਤਕ ਬਣਨ ਲਈ ਕਾਹਲੀਆਂ। ਇਹ ਤਜਵੀਜ਼ਾਂ ਤਨ ਦੀ ਲੋੜ ਨਹੀਂ ਸਗੋਂ ਮਨ ਦੀ ਤੀਬਰਤਾ ਅਤੇ ਤੀਰਬਤਾ ਨੇ ਹੀ ਤਾਂਘ ਬਣ ਕੇ ਮਨ ਦੀਆਂ ਬਾਹਰੀ ਮੁਹਾਰਾਂ ਨੂੰ ਅੰਤਰੀਵ ਵੱਲ ਮੋੜਨਾ ਹੁੰਦਾ। ਫਿਰ ਬੰਦਾ ਦੁਨਿਆਵੀ ਦੁੱਖ-ਸੁੱਖ ਤੋਂ ਬੇਨਿਆਜ਼, ਭੁੱਖ-ਪਿਆਸ ਤੋਂ ਅਵੇਸਲਾ ਹੁੰਦਾ। ਖ਼ੁਦ ਨਾਲ ਜੁੜ ਕੇ ਕਿਥੇ ਰਹਿੰਦੀ ਏ ਖ਼ੁਦ ਦੀ ਸੁੱਧ-ਬੁੱਧ। ਇਕ ਅਲਹਾਮੀ ਆਵੇਸ਼ਤਾ ਮਨੁੱਖ ਤੇ ਤਾਰੀ ਹੁੰਦੀ। ਇਸਦੀ ਲੋਰ ਵਿਚ ਮਨੁੱਖ ਲਈ ਜੀਵਨ-ਸਫ਼ਰ ਵਿਚ ਸੁੰਨਤਾ, ਸਹਿਜਤਾ ਸੁੰਦਰਤਾ ਅਤੇ ਸੰਵੇਦਨਾ ਦਾ ਅਜੇਹਾ ਅਹਿਸਾਸ ਹੁੰਦਾ ਕਿ ਉਹ ਖ਼ੁਦ ਵਿਚ ਹੀ ਸੰਤੁਸ਼ਟ ਤੇ ਸਹਿਜ ਦਾ ਸਿਰਨਾਵਾਂ ਹੋ ਜਾਂਦਾ।

ਖ਼ੁਦ ਦਾ ਖ਼ੁਦ ਨਾਲ ਜੁੜਨਾ ਹਰ ਮਨੁੱਖ ਦੀ ਲੋੜ। ਪਰ ਬਹੁਤ ਵਿਰਲੇ ਹੀ ਹੁੰਦੇ ਜਿਹੜੇ ਇਸ ਅਹਿਸਾਸ ਨੂੰ ਜਿਉਣ ਲਈ ਆਪਣੇ ਆਪ ਨੂੰ ਨਿਵੇਕਲੇ ਅਤੇ ਨਰੋਏ ਰਾਹਾਂ ਦੀ ਪ੍ਰਦਰਖ਼ਣਾ ਕਰਨ ਲਈ ਤਿਆਰ ਕਰਦੇ। ਫਿਰ ਇਨ੍ਹਾਂ ਰਾਹਾਂ ਵਿਚੋਂ ਜੀਵਨ ਦੀਆਂ ਸੁਗੰਧਿਤ ਸੁਗਾਤਾਂ ਨਾਲ ਝੋਲੀਆਂ ਭਰ ਕੇ, ਗਲੀਆਂ ਵਿਚ ਵਿਚਰਦੇ ਦਰਵੇਸ਼ਾਂ ਵਾਂਗ ਉਚੇ ਹੋਕਰੇ ਲਾਉਂਦੇ। ਜੀਵਨ-ਅਕਾਰਥਾ ਵਿਚੋਂ ਜੀਵਨੀ ਸੁੱਚਤਾ ਨੂੰ ਸੁੱਤੀਆਂ ਸੋਚਾਂ ਦੇ ਨਾਮ ਲਾਉਂਦੇ ਅਤੇ ਫ਼ਿਜ਼ਾ ਵਿਚ ਪੈਰਾ ਪਾਉਂਦੇ ਇਸਨੂੰ ਆਪਣੇ ਬੋਲਾਂ ਨਾਲ ਜਿਊਣ ਜੋਗੀ ਕਰਦੇ।

ਕਦੇ ਕਦਾਈਂ ਮਨ ਵਿਚ ਅਜੇਹੇ ਦਰਵੇਸ਼ਾਂ ਵਰਗੀ ਬਿਰਤੀ ਪੈਦਾ ਕਰਨ ਦੀ ਲੋਚਾ ਪੈਦਾ ਕਰਨੀ। ਤੁਸੀਂ ਖ਼ੁਦ ਨਾਲ ਖ਼ੁਦ ਦੇ ਜੁੜਨ ਦੀ ਪ੍ਰਕਿਰਿਆ ਦੀ ਪ੍ਰਤਿੱਗਿਆ ਬਣ ਜਾਵੋਗੇ।

# ਸਮਾਜ

"ਹਾਂ ਜੀ, ਤਾਂ ਫਿਰ ਅਸੀਂ ਰਿਸ਼ਤਾ ਪੱਕਾ ਸਮਝੀਏ! ਪਰ ਇਕ ਸ਼ੰਕਾ ਹੈ, ਤੁਹਾਨੂੰ ਬੁਰਾ ਨਾ ਲੱਗੇ ਤਾਂ ਪੁੱਛ ਲਵਾਂ?"



"ਜੀ ਜੀ, ਜ਼ਰੂਰ ਪੁੱਛੋ, ਮਨ ਵਿਚ ਨਾ ਰੱਖੋ।"

"ਇੰਨਾ ਹੋਣਹਾਰ, ਕਾਬਲ, ਅਫ਼ਸਰ ਬੇਟਾ ਅਤੇ ਤੁਸੀਂ ਦਾਜ ਵਿਚ ਕੁਝ ਨਹੀਂ ਮੰਗ ਰਹੇ। ਸ਼ੱਕ ਹੁੰਦਾ ਹੈ ਮਨ ਵਿਚ ਕਿਤੇ ਕੁਝ...।"

"ਬਸ ਇਹੋ ਸ਼ੱਕ ਤਾਂ ਮੁੱਖ ਕਾਰਨ ਹੈ ਦਾਜ ਪ੍ਰਥਾ ਨੂੰ ਜਾਰੀ ਰੱਖਣ ਦਾ... ਤੁਹਾਡੇ ਵਰਗੇ ਲੋਕ ਹੀ ਜਦੋਂ ਸਮਾਜ ਵਿਚ ਅਜਿਹੀ ਮਾਨਸਿਕਤਾ ਰੱਖਣਗੇ ਤਾਂ ਫਿਰ ਬਿਨਾਂ ਦਾਜ ਤੋਂ ਵਿਆਹ-ਸ਼ਾਦੀਆਂ ਕਿਵੇਂ ਹੋਣਗੀਆਂ?"

"ਕਹਿ ਤਾਂ ਠੀਕ ਰਹੇ ਹੋ ਤੁਸੀਂ! ਪਰ ਬਿਨਾਂ ਦਾਜ ਤੋਂ ਧੀ ਨੂੰ ਵਿਦਾ ਕਰਾਂਗਾ ਤਾਂ ਸਮਾਜ ਕੀ ਕਹੇਗਾ...?"

"ਠੀਕ ਹੈ ਭਾਈ ਸਾਹਿਬ! ਫਿਰ ਜਿਵੇਂ ਤੁਸੀਂ ਠੀਕ ਸਮਝੋ, ਕਰੋ...। "

ਮੂਲ: ਡਾ. ਅਨਿਲ ਸ਼ਰਮਾ 'ਅਨਿਲ'
ਅਨੁ: ਪ੍ਰੋ. ਨਵ ਸੰਗੀਤ ਸਿੰਘ
91+94176-92015

# 'ਇਪਟਾ' ਦੀ ਚੜ੍ਹਤ ਵਾਲਾ ਦੌਰ

## ਮੇਰੀ ਫਿਲਮੀ ਆਤਮ-ਕਥਾ



ਬਲਰਾਜ ਸਾਹਨੀ

***ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਅਦਾਕਾਰ ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਲਿਖਾਰੀ ਵੀ ਸੀ। ਉਸ ਨੇ ਆਪਣੇ ਫਿਲਮੀ ਰੁਝੇਵਿਆਂ ਵਿਚੋਂ ਲਿਖਣ ਲਈ ਸਮਾਂ ਕੱਢਿਆ ਅਤੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਾਰਤਕ ਦੀਆਂ ਕਈ ਕਿਤਾਬਾਂ ਪਾਈਆਂ। ਅਦਾਕਾਰੀ ਦੀ ਦੁਨੀਆ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਂਤੀ ਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਇਥੇ ਹੀ ਉਸ ਨੂੰ ਰਾਬਿੰਦਰਨਾਥ ਟੈਗੋਰ ਤੋਂ ਸਬਕ ਮਿਲਿਆ ਕਿ ਕੋਈ ਵੀ ਬੰਦਾ ਆਪਣੀ ਮਾਂ-ਬੋਲੀ ਵਿਚ ਹੀ ਆਪਣੇ ਵਿਚਾਰ ਆਹਲਾ ਢੰਗ ਨਾਲ ਪ੍ਰਗਟ ਕਰ ਸਕਦਾ ਹੈ। ਅਸੀਂ ਆਪਣੇ ਪਾਠਕਾਂ ਨਾਲ ਉਸ ਦੀ ਲੰਮੀ ਅਤੇ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕਰ ਰਹੇ ਹਾਂ।***

'ਜ਼ੁਬੈਦਾ' ਦੀ ਕਾਮਯਾਬੀ ਪਿਛੋਂ ਇਪਟਾ (ਇੰਡੀਅਨ ਪੀਪਲ'ਜ਼ ਥੀਏਟਰ ਐਸੋਸੀਏਸ਼ਨ) ਦੇ ਸਾਥੀ ਮੇਰੀ ਹਰ ਗੱਲ ਮੰਨਣ ਲਈ ਤਿਆਰ ਸਨ। ਮੈਂ ਇਸ ਗੱਲ ਉਪਰ ਜ਼ੋਰ ਪਾਇਆ ਕਿ ਅਲੱਗ-ਅਲੱਗ ਭਾਸ਼ਾਵਾਂ ਦੀਆਂ ਅਲੱਗ-ਅਲੱਗ ਟੋਲੀਆਂ ਬਣਾਈਆਂ ਜਾਣ। ਸਿਧਾਂਤਕ ਤੌਰ ਉਤੇ ਇਹ ਅਸੂਲ ਇਪਟਾ ਵਿਚ ਪਹਿਲਾਂ ਤੋਂ ਹੀ ਪਰਵਾਨਿਤ ਸੀ ਪਰ ਹੁਣ ਇਸ ਉਪਰ ਅਮਲ ਵੀ ਜ਼ਿਆਦਾ ਮਿਹਨਤ ਨਾਲ ਕੀਤਾ ਜਾਣ ਲੱਗ ਪਿਆ। ਵੇਖਦਿਆਂ-ਵੇਖਦਿਆਂ ਗੁਜਰਾਤੀ, ਮਰਾਠੀ, ਅੰਗਰੇਜ਼ੀ ਭਾਸ਼ਾਵਾਂ ਦੇ ਵੀ ਉੱਤਮ ਸ਼ਰੇਣੀ ਦੇ ਗਰੁੱਪ ਤਿਆਰ ਹੋ ਗਏ। ਹੋਰ ਤਾਂ ਹੋਰ, ਤੈਲਗੂ ਭਾਸ਼ਾ ਦਾ ਵੀ ਨਾਟਕ-ਮੰਡਲ ਬਣ ਗਿਆ। ਨਾਟਕ-ਮੰਡਲਾਂ ਤੋਂ ਇਲਾਵਾ ਇਪਟਾ ਦਾ ਕੁੱਲ-ਹਿੰਦ ਨਰਿਤ-ਮੰਡਲ ਸੀ ਜੋ ਆਪਣੀ ਸ਼ਾਨ ਰੱਖਦਾ ਸੀ। ਉਦੇ ਸ਼ੰਕਰ ਦਾ ਕੇਂਦਰ ਟੁੱਟਣ ਪਿਛੋਂ ਉਸ ਦੇ ਲਗਭਗ ਸਾਰੇ ਹੀ ਪ੍ਰਮੁਖ ਕਲਾਕਾਰ ਇਸ 'ਸੈਂਟਰਲ ਸਕਵਾਡ' ਵਿਚ ਸ਼ਾਮਲ ਹੋ ਚੁੱਕੇ ਸਨ। ਉਸ ਵਿਚ ਕਿਤਨੀਆਂ ਮਹਾਨ ਹਸਤੀਆਂ ਸ਼ਾਮਲ ਸਨ, ਇਹਨਾਂ ਨਾਵਾਂ ਤੋਂ ਹੀ ਪਰਗਟ ਹੋ ਜਾਂਦਾ ਹੈ - ਰਵੀ ਸ਼ੰਕਰ, ਸਚੀਨ ਸ਼ੰਕਰ, ਸ਼ਾਂਤੀ ਬਰਧਨ, ਅਵਨੀ ਦਾਸ ਗੁਪਤਾ, ਪ੍ਰੇਮ ਧਵਨ, ਦੀਨਾ ਗਾਂਧੀ, ਗੁੱਲ ਬਰਧਨ, ਬਿਨਾਏ ਰਾਏ, ਉਸਤਾਦ ਅਲੀ ਅਕਬਰ ਖਾਨ, ਅਤੇ ਕਿਤਨੇ ਹੀ ਹੋਰ।

ਏਸੇ ਤਰ੍ਹਾਂ, ਨਾਟਕ ਦੇ ਵਿਭਾਗਾਂ ਨੂੰ ਵੀ ਮਾਮਾ ਵਾਰੇਰਕਰ (ਮਰਾਠੀ), ਚੰਦਰਵਦਨ ਮਹਿਤਾ (ਗੁਜਰਾਤੀ), ਗੁਣਵੰਤ ਰਾਓ ਆਚਾਰੀਆ (ਗੁਜਰਾਤੀ), ਪ੍ਰਿਥਵੀ ਰਾਜ ਕਪੂਰ, ਦੁਰਗਾ ਖੋਟੇ ਆਦਿਕ ਚੋਟੀ ਦੇ ਸਾਹਿਤਕਾਰਾਂ ਅਤੇ ਕਲਾਕਾਰਾਂ ਦਾ ਸਹਿਯੋਗ ਪ੍ਰਾਪਤ ਸੀ। ਇਹ ਲੋਕ ਕੇਵਲ ਦੂਰ ਬੈਠ ਕੇ ਸਰਪਰਸਤੀ ਨਹੀਂ ਸਨ ਕਰਦੇ ਸਗੋਂ ਇਪਟਾ ਦੇ ਬਾਕਾਇਦਾ ਮੈਂਬਰ ਸਨ, ਇਪਟਾ ਲਈ ਡਰਾਮੇ ਲਿਖਦੇ ਸਨ, ਉਹਨਾਂ ਵਿਚ ਪਾਰਟ ਕਰਦੇ ਸਨ। ਦੁਰਗਾ ਖੋਟੇ ਨੇ ਸਭ ਤੋਂ ਪਹਿਲਾਂ ਸਟੇਜ ਉੱਪਰ ਕੰਮ ਇਪਟਾ ਦੇ ਨਾਟਕ ਵਿਚ ਹੀ ਕੀਤਾ ਸੀ।

ਇਪਟਾ ਦੀ ਤਹਿਰੀਕ ਕੇਵਲ ਬੰਬਈ ਵਿਚ ਹੀ ਨਹੀਂ, ਸਾਰੇ ਹਿੰਦੁਸਤਾਨ ਵਿਚ ਤੇਜ਼ੀ ਨਾਲ ਫੈਲ ਰਹੀ ਸੀ, ਤੇ ਹਰ ਪ੍ਰਾਂਤ ਵਿਚ ਸਰਬ-ਉੱਚ ਲੇਖਕ ਤੇ ਕਲਾਕਾਰ ਉਸ ਦੇ ਘੇਰੇ ਵਿਚ ਖੁਸ਼ੀ ਨਾਲ ਆ ਰਹੇ ਸਨ। ਪ੍ਰਾਂਤ-ਪ੍ਰਾਂਤ ਦੇ ਕਲਾਕਾਰ ਉਸ ਦੇ ਘੇਰੇ ਵਿਚ ਖੁਸ਼ੀ ਨਾਲ ਆ ਰਹੇ ਸਨ। ਪ੍ਰਾਂਤ-ਪ੍ਰਾਂਤ ਦੇ ਕਲਾਕਾਰ ਇਕ-ਦੂਜੇ ਨਾਲ ਅਨੋਖੇ ਪ੍ਰੇਮ-ਸੂਤਰ ਵਿਚ ਪਰੁਤੇ ਜਾ ਰਹੇ ਸਨ। ਨਵੀਂ ਪੀੜ੍ਹੀ ਲਈ ਯਕੀਨ ਕਰਨਾ ਔਖਾ ਹੈ ਕਿ ਕਦੇ ਇੰਜ ਵੀ ਹੁੰਦਾ ਸੀ।

ਸਵਾਲ ਉਠਦਾ ਹੈ, ਇਪਟਾ ਦੀ ਇਤਨੀ ਸ਼ੀਘਰ ਤੇ ਜ਼ਬਰਦਸਤ ਲੋਕ-ਪ੍ਰੀਅਤਾ ਦਾ ਕਾਰਨ ਕੀ ਸੀ? ਇਤਨਾ ਵਡਾ ਅੰਦੋਲਨ ਆਪ-ਮੁਹਾਰੇ ਨਹੀਂ ਖੜ੍ਹਾ ਹੋ ਸਕਦਾ।

ਇਸ ਦਾ ਕਾਰਨ, ਮੈਂ ਸਮਝਦਾ ਹਾਂ, ਉਸ ਵੇਲੇ ਕਮਿਊਨਿਸਟ ਪਾਰਟੀ ਦੀਆਂ ਸਹੀ ਨੀਤੀਆਂ ਸਨ। ਉਹਨਾਂ ਨੀਤੀਆਂ ਦਾ ਲੋਕਾਂ ਦੇ ਦਿਲ ਉਤੇ ਝੱਟ ਅਸਰ ਪੈਂਦਾ ਸੀ। ਮੈਨੂੰ ਯਾਦ ਹੈ, ਜਿੱਥੇ ਵੀ ਖਲੋ ਕੇ ਅਸੀਂ ਪ੍ਰੇਮ ਧਵਨ ਦਾ ਕੋਈ ਗੀਤ ਗਾਉਂਦੇ, ਲੋਕੀਂ ਖਾਹ-ਮਖਾਹ ਖੜੇ ਹੋ ਕੇ ਸੁਣਨ ਲਗ ਪੈਂਦੇ ਸਨ, ਤੇ ਉਹਨਾਂ ਦੇ ਚਿਹਰਿਆਂ ਉਤੇ ਗੰਭੀਰ ਸੋਚ ਦਾ ਭਾਵ ਉੱਘੜ ਆਉਂਦਾ ਸੀ। ਇਹਨਾਂ ਨੀਤੀਆਂ ਵਿਚ ਸੱਚੀ ਰਾਸ਼ਟਰੀਅਤਾ ਸੀ, ਤੇ ਸੱਚੀ ਅੰਤਰ-ਰਾਸ਼ਟਰੀਅਤਾ ਵੀ। ਉਹ ਮਸਲਿਆਂ ਨੂੰ ਬੜੀ ਸਪੱਸ਼ਟਤਾ ਨਾਲ ਆਮ ਆਦਮੀ ਅੱਗੇ ਰੱਖਦੀਆਂ ਸਨ, ਉਹਨੂੰ ਬਰਤਾਨਵੀ ਸਾਮਰਾਜ ਦੇ ਖਿਲਾਫ ਸੰਗਠਿਤ ਹੋ ਕੇ ਲੜਨ ਲਈ ਪ੍ਰੇਰਦੀਆਂ ਸਨ। ਉਹ ਰਾਸ਼ਟਰੀ ਅੰਦੋਲਨ ਨਾਲ ਸੰਗਠਨ ਵੀ ਸਨ ਪਰ ਉਸ ਦੀਆਂ ਨੁਕਤਾਚੀਨ ਵੀ। ਕਮਿਊਨਿਸਟ ਪਾਰਟੀ ਦੇ ਕਾਮੇ ਇਪਟਾ ਵਿਚ ਇਤਨੇ ਆਪਾ ਵਾਰੂ ਢੰਗ ਨਾਲ ਕੰਮ ਕਰਦੇ ਸਨ ਕਿ ਹਰ ਕੋਈ ਉਹਨਾਂ ਨੂੰ ਇੱਜ਼ਤ ਦੀ ਨਜ਼ਰ ਨਾਲ ਵੇਖਣ ਲਗ ਜਾਂਦਾ ਸੀ। ਮਿਹਨਤਾਂ ਤਾਂ ਉਹ ਆਪ ਕਰਦੇ ਸਨ ਪਰ ਸ਼ੋਭਾ ਲੈਣ ਲਈ ਦੂਜਿਆਂ ਨੂੰ ਅੱਗੇ ਕਰ ਦੇਂਦੇ ਸਨ। ਕਮਿਊਨਿਸਟ ਕਾਮਿਆਂ ਦੇ ਡਸਿਪਲਿਨ ਦੀ ਤਾਰੀਫ ਤਾਂ ਉਹਨਾਂ ਦੇ ਦੁਸ਼ਮਨ ਵੀ ਕਰਦੇ ਨਹੀਂ ਸਨ ਥੱਕਦੇ।

ਏਸ ਤੋਂ ਇਲਾਵਾ, ਦੇਸ਼ ਵਿਚ ਉਸ ਵੇਲੇ ਮਾਰਕਸਵਾਦੀ ਵਿਚਾਰਾਂ ਦਾ ਹੜ੍ਹ ਜਿਹਾ ਆਇਆ ਹੋਇਆ ਸੀ।

ਧਨਵਾਨਾਂ ਦੀ ਸੁਸਾਇਟੀ ਵਿਚ ਵੀ ਮਾਰਕਸਵਾਦ ਦਾ ਇਕ ਤਰ੍ਹਾਂ ਨਾਲ ਫੈਸ਼ਨ ਜਿਹਾ ਬਣ ਗਿਆ ਸੀ। ਸ਼ਾਇਦ ਇਸ ਲਈ ਵੀ ਕਿ ਕਮਿਊਨਿਸਟ ਬਰਤਾਨਵੀ ਸਾਮਰਾਜ ਵਿਰੋਧੀ ਹੁੰਦਿਆਂ ਵੀ ਜੰਗ ਨੂੰ ਜਨਤਕ ਜੰਗ ਆਖਦੇ ਸਨ, ਤੇ ਉਸ ਵੇਲੇ ਧਨਵਾਨਾਂ ਲਈ ਇਹ ਨਾਹਰਾ ਲਾਹੇਵੰਦਾ ਸੀ।

ਜਸਵੰਤ ਠੱਕਰ ਨਾਲ ਮੇਰੀ ਦੋਸਤੀ ਡੂੰਘੀ ਸੀ। ਹੌਲੀ-ਹੌਲੀ ਮੈਂ ਪਾਰਟੀ ਤੇ ਦੂਜੇ ਵਰਕਰਾਂ ਦਾ ਵੀ ਵਾਕਫ ਬਣ ਗਿਆ। ਸੈਂਡਹਰਸਟ ਰੋਡ ਉਤੇ 'ਰਾਜ ਭਵਨ' ਨਾਂ ਦੀ ਬਿਲਡਿੰਗ ਵਿਚ ਕੇਂਦਰੀ ਦਫਤਰ ਸੀ। ਬੜੀ ਗਹਿਮਾ-ਗਹਿਮੀ ਰਹਿੰਦੀ ਸੀ ਓਥੇ। ਬੜਾ ਪਿਆਰਾ ਤੇ ਪਵਿੱਤਰ ਮਾਹੌਲ ਸੀ ਓਥੋਂ ਦਾ। ਪਾਰਟੀ ਦੇ ਲੰਗਰ ਵਿਚ ਰੋਟੀ ਖਾਣ ਦਾ ਓਹੀ ਸੁਆਦ ਸੀ ਜੋ ਸਿੱਖਾਂ ਲਈ ਗੁਰੂ ਕੇ ਲੰਗਰ ਦਾ ਹੈ। ਰਾਜ ਭਵਨ ਵਿਚ ਹੀ ਮੇਰੀ ਜਾਣ ਪਛਾਣ ਪੀ.ਸੀ. ਜੋਸ਼ੀ ਨਾਲ ਹੋਈ, ਤੇ ਉਸ ਨਾਲ ਸਾਡਾ ਡੂੰਘਾ ਪਿਆਰ ਪੈ ਗਿਆ ਜੋ ਹੁਣ ਤਕ ਚੱਲਿਆ ਆਉਂਦਾ ਹੈ। ਇਕ ਸੱਚੇ ਇਨਕਲਾਬੀ ਵਾਂਗ 'ਪੀ.ਸੀ.' ਜੀਵਨ ਨੂੰ ਹਰ ਪਹਿਲੂ ਤੋਂ ਪਿਆਰ ਕਰਦਾ ਹੈ। ਉਹ ਪਲ-ਪਲ ਜਿਊਂਦਾ ਹੈ, ਤੇ ਪਲ-ਪਲ ਆਪਣੇ ਗਿਆਨ ਤੇ ਕਰਮ ਦਾ ਦਾਇਰਾ ਵਸੀਹ ਕਰਨ ਵਿਚ ਵਿਸ਼ਵਾਸ ਕਰਦਾ ਹੈ। ਉਸ ਦੀ ਨਿਗਾਹ ਵਿਚ ਕਲਾ ਕੇਵਲ ਰਾਜਨੀਤਕ ਆਗੂਆਂ ਦੀ ਸ਼ਾਨ ਨੂੰ ਚਾਰ ਚੰਨ ਲਾਉਣ ਵਾਲੀ ਚੀਜ਼ ਨਹੀਂ ਹੈ, ਉਹ ਆਪ ਉਸ (ਕਲਾ) ਦਾ ਸ਼ੈਦਾਈ ਤੇ ਜਿਗਿਆਸੂ ਹੈ। ਇਕ ਵਾਰੀ ਨਹੀਂ ਅਨੇਕਾਂ ਵਾਰੀ ਉਸ ਦੀਆਂ ਦਿੱਤੀਆਂ ਤਜਵੀਜ਼ਾਂ ਸਾਨੂੰ ਇਪਟਾ ਦੇ ਕੰਮ ਵਿਚ ਭਰਪੂਰ ਸਹਾਇਕ ਹੋਈਆਂ। ਹਰ ਕੋਈ ਸਲਾਹ ਲੈਣ 'ਪੀ. ਸੀ.' ਵਲ ਦੌੜਦਾ ਜਾਂਦਾ। ਛੋਟੇ ਤੋਂ ਛੋਟੇ ਕਾਰਕੁਨ ਨਾਲ ਵੀ ਪੀ.ਸੀ. ਪਿਆਰ ਭਰਿਆ ਸਲੂਕ ਕਰਦਾ, ਉਸ ਦੇ ਜੀਵਨ ਵਿਚ ਉਮੰਗ ਜਿਹੀ ਲੈ ਆਉਂਦਾ। ਇਕ ਅਜੀਬ ਮਿਕਨਾਤੀਸੀ ਕਸ਼ਸ਼ ਸੀ ਪੀ.ਸੀ. ਦੀ ਸ਼ਖਸੀਅਤ ਵਿਚ। ਜਿਸ ਨੂੰ ਉਹ ਇਕ ਵਾਰੀ ਮਿਲ ਪਏ, ਸਾਰੀ ਉਮਰ ਭੁੱਲਦਾ ਨਹੀਂ ਸੀ। ਤੇ ਅਸਚਰਜ ਦੀ ਗੱਲ ਇਹ ਕਿ ਪੀ.ਸੀ. ਦੇ ਮਿੱਤਰ ਇਕ-ਦੋ ਪ੍ਰਾਤਾਂ ਵਿਚ ਨਹੀਂ, ਸਾਰੇ ਹਿੰਦੁਸਤਾਨ ਵਿਚ ਫੈਲੇ ਹੋਏ ਸਨ। ਤਾਮਿਲ ਤੇ ਮਾਲਾਬਾਰੀ ਵੀ ਉਹਨੂੰ ਉਤਨਾ ਹੀ ਆਪਣਾ ਸਮਝਦੇ ਸਨ, ਜਿੰਨਾ ਉਹਦੇ ਆਪਣੇ ਯੂ.ਪੀ. ਦੇ ਲੋਕ।

ਪੀ.ਸੀ. ਤੇ ਉਹਦੀ ਪਤਨੀ, ਕਲਪਨਾ ਨਾਲ, ਜਿਸ ਨੇ ਸੋਲ੍ਹਾਂ ਵਰ੍ਹਿਆਂ ਦੀ ਉਮਰ ਵਿਚ ਬੰਗਾਲ ਦੇ ਅੰਗਰੇਜ਼ ਗਵਰਨਰ ਉਪਰ ਗੋਲੀ ਚਲਾਈ ਸੀ ਤੇ ਪਿਛੋਂ ਉਮਰ-ਕੈਦ ਭੁਗਤੀ ਸੀ, ਸਾਡੇ ਪਰਿਵਾਰ ਦੀ ਮਿੱਤਰਤਾ ਉਹਨਾਂ ਦਿਨਾਂ ਤੋਂ ਅਟੁੱਟ ਚੱਲੀ ਆ ਰਹੀ ਹੈ। ਪੀ.ਸੀ. ਦੀ ਸ਼ਖਸੀਅਤ ਤੋਂ ਪ੍ਰਭਾਵਤ ਹੋ ਕੇ ਹੀ ਦਮੋ (ਦਮਯੰਤੀ, ਬਲਰਾਜ ਦੀ ਪਤਨੀ) ਅਤੇ ਮੈਂ ਦੋਵੇਂ ਕਮਿਊਨਿਸਟ ਪਾਰਟੀ ਦੇ ਮੈਂਬਰ ਵੀ ਬਣ ਗਏ।

ਪਰ ਇਹ ਸੋਚ ਲੈਣਾ ਗਲਤ ਹੋਵੇਗਾ ਕਿ ਕੇਵਲ ਯਥਾਰਥਵਾਦੀ ਤੇ ਮਾਰਕਸਵਾਦੀ ਦ੍ਰਿਸ਼ਟੀਕੋਣ ਅਪਣਾ ਲੈਣ ਨਾਲ ਹੀ ਕਲਾਕਾਰ ਆਪਣੀ ਮੰਜ਼ਲ ਉਤੇ ਪਹੁੰਚ ਜਾਂਦਾ ਹੈ। ਪਹਿਲਾਂ ਕਲਾਕਾਰ ਲਈ ਆਪਣੇ ਦ੍ਰਿਸ਼ਟੀਕੋਣਾਂ ਅਨੁਸਾਰ ਘਾਲਣਾ ਕਰਨੀ ਲੋੜੀਂਦੀ ਹੈ। ਪੁਰਾਣੇ ਸੰਸਕਾਰ ਅੰਦਰੋਂ ਕਢਣੇ ਤੇ ਨਵੇਂ ਪਾਉਣੇ ਪੈਂਦੇ ਹਨ। ਇਹ ਕੋਈ ਆਸਾਨ ਕੰਮ ਨਹੀਂ। ਸਨਅਤੀ ਦੇਸ਼ਾਂ ਦੇ ਲੋਕਾਂ ਲਈ, ਭਾਵੇਂ ਉਹ ਸਰਮਾਏਦਾਰੀ ਦੇਸ਼ ਹੀ ਕਿਉਂ ਨਾ ਹੋਣ, ਯਥਾਰਥਵਾਦੀ ਦ੍ਰਿਸ਼ਟੀਕੋਣ ਅਪਣਾਨਾ ਆਸਾਨ ਹੈ, ਕਿਉਂਕਿ ਸਾਇੰਸ ਅਤੇ ਮਸ਼ੀਨ ਉਹਨਾਂ ਦੇ ਜੀਵਨ ਦੇ ਹਰ ਅੰਗ ਵਿਚ ਪ੍ਰਵੇਸ਼ ਕਰ ਚੁੱਕੀ ਹੁੰਦੀ ਹੈ ਪਰ ਮੇਰੀ ਪੀੜ੍ਹੀ ਦੇ ਭਾਰਤੀ ਕਲਾਕਾਰਾਂ ਦੇ ਸੰਸਕਾਰ ਧੁਰੋਂ ਸਨਾਤਨੀ ਤੇ ਜਗੀਰਦਾਰੀ ਯੁਗ ਦੇ ਹਨ। ਉਹਨਾਂ ਉਪਰ ਮਾਰਕਸਵਾਦੀ ਵਿਚਾਰਧਾਰਾ ਦਾ ਮੁਲੰਮਾ ਉਤਨਾ ਹੀ ਕੁਢੱਬਾ ਹੋ ਜਾਂਦਾ ਹੈ, ਜਿਤਨਾ ਇਕ ਕੁਰੂਪ ਔਰਤ ਦਾ ਪੌਡਰ-ਸੁਰਖੀ ਦੀ ਬਹੁਲਤਾ ਵਰਤ ਕੇ ਆਪਣੇ ਆਪ ਨੂੰ ਸੁਹਣਾ ਬਣਾਨ ਦੀ ਕੋਸ਼ਿਸ਼ ਕਰਨਾ। ਉਸ ਦੀ ਕੁਰੂਪਤਾ ਹੋਰ ਵੀ ਜ਼ਿਆਦਾ ਉੱਘੜ ਕੇ ਸਾਹਮਣੇ ਆ ਜਾਂਦੀ ਹੈ।



*ਇਪਟਾ (ਇੰਡੀਅਨ ਪੀਪਲ'ਜ਼ ਥੀਏਟਰ ਐਸੋਸੀਏਸ਼ਨ) ਦਾ ਲੋਗੋ।*

ਸਨਅਤੀ ਪੱਖ ਤੋਂ ਤਰੱਕੀ ਕਰ ਚੁੱਕੇ ਦੇਸ਼ਾਂ ਵਿਚ, ਭਾਵੇਂ ਉਹ ਸਰਮਾਏਦਾਰੀ ਹੋਣ ਤੇ ਭਾਵੇਂ ਸਮਾਜਵਾਦੀ, ਮਿਲ ਕੇ ਤੇ ਤਨਜ਼ੀਮ ਨਾਲ ਕੰਮ ਕਰਨ ਦੀ ਰੁਚੀ ਸਪਸ਼ਟ ਹੁੰਦੀ ਹੈ। ਨਾਲੇ, ਉਹ ਕੱਟੜਵਾਦੀ ਨਹੀਂ ਹੁੰਦੇ। ਅਗਲੇ ਦੀ ਗੱਲ ਨੂੰ ਸੰਜੀਦਗੀ ਨਾਲ ਸੁਣਨ ਤੇ ਆਪਣੇ ਜੀਵਨ-ਅਨੁਭਵ ਦੀ ਕਸਵੱਟੀ ਉਤੇ ਪਰਖਣ ਦੀ ਸਮਰਥਾਂ ਰਖਦੇ ਹਨ। ਉਹ 'ਵਾਦ' ਵਿਚ ਸ਼ਖਸੀਅਤ ਨੂੰ ਨਹੀਂ ਵਾੜਦੇ। ਉਹ ਆਖੀ ਜਾ ਰਹੀ ਗੱਲ ਵਲ ਧਿਆਨ ਦੇਂਦੇ ਹਨ, ਆਖਣ ਵਾਲੇ ਦੇ ਵਿਅਕਤਿਤਵ ਵਲ ਨਹੀਂ।



*ਬਲਰਾਜ ਸਾਹਨੀ ਆਪਣੀ ਪਤਨੀ ਦਮੋ (ਦਮਯੰਤੀ) ਨਾਲ।*

ਪਰ ਸਾਡੇ ਸੰਸਕਾਰ ਕੁਝ ਹੋਰ ਹਨ, ਅਸੀਂ ਮਾਰਕਸਵਾਦ ਨੂੰ ਅਪਣਾ ਕੇ ਉਸ ਉੱਪਰ ਵੀ ਉਤਨੇ ਹੀ ਕੱਟੜ ਹੋ ਜਾਂਦੇ ਹਾਂ, ਜਿਤਨੇ ਪਹਿਲਾਂ ਕਿਸੇ ਅਧਿਆਤਮਵਾਦੀ ਮਤ-ਮਤਾਂਤਰ ਜਾਂ ਧਰਮ-ਮਜ਼ਹਬ ਬਾਰੇ ਸਾਂ। ਅਸਹਿਨਸ਼ੀਲਤਾ ਸਾਡੇ ਵਿਚ ਉਤਨੀ ਹੀ ਬਣੀ ਰਹਿੰਦੀ ਹੈ। ਜ਼ਰਾ ਵੀ ਕਿਸੇ ਨਾਲ ਸਾਡਾ ਮਤਭੇਦ ਹੋਵੇ, ਉਹ ਆਦਮੀ 'ਬੁਰਯਵਾ, ਪਿਛਾਂਹ-ਖਿੱਚੂ, ਚਿਕਨ-ਹਾਰਟਿਡ' ਅਤੇ ਖੌਰੇ ਹੋਰ ਕੀ-ਕੀ ਬਣ ਜਾਂਦਾ ਹੈ। ਲੀਡਰਾਂ ਨੂੰ ਅਸੀਂ ਓਵੇਂ ਹੀ ਪੂਜਣ ਲਗ ਜਾਂਦੇ ਹਾਂ, ਜਿਵੇਂ ਪਹਿਲਾਂ ਪੈਗੰਬਰਾਂ ਨੂੰ ਪੂਜਦੇ ਸਾਂ। ਸੱਚ ਨਾਲੋਂ ਸਾਨੂੰ ਆਪਣਾ ਧੜਾ ਜ਼ਿਆਦਾ ਪਿਆਰਾ ਹੋ ਜਾਂਦਾ ਹੈ। ਜੋ ਆਪਣੇ ਧੜੇ ਦਾ ਹੈ, ਉਹ ਦੋਸਤ; ਜੋ ਨਹੀਂ, ਉਹ ਦੁਸ਼ਮਣ। ਮਾਰਕਸਵਾਦ ਸਾਨੂੰ ਹਉਮੈਵਾਦ ਤੋਂ ਮੁਕਤ ਹੋਣ ਲਈ ਪਰੇਰਦਾ ਹੈ ਪਰ ਅਸਲ ਵਿਚ ਅਸੀਂ ਦਿਨੋ-ਦਿਨ ਹੰਕਾਰੀ ਬਣਦੇ ਜਾਂਦੇ ਹਾਂ।

ਇਹੋ ਹਾਲ ਮੇਰਾ ਹੁੰਦਾ ਜਾ ਰਿਹਾ ਸੀ। ਪਾਰਟੀ ਦਾ ਮੈਂਬਰ ਬਣਦਿਆਂ ਸਾਰ ਮੇਰੇ ਗੁਣ ਔਗੁਣਾਂ ਵਿਚ ਤਬਦੀਲ ਹੋਣੇ ਸ਼ੁਰੂ ਹੋ ਗਏ। ਆਰਟ ਨੂੰ ਮੈਂ ਉੱਕਾ ਹੀ ਰਾਜਨੀਤੀ ਦੇ ਪੱਖ ਤੋਂ ਪਰਖਣਾ ਸ਼ੁਰੂ ਕਰ ਦਿੱਤਾ। ਇਪਟਾ ਨੂੰ ਇੰਜ ਵੇਖਣਾ ਸ਼ੁਰੂ ਕਰ ਦਿੱਤਾ, ਜਿਵੇਂ ਪਾਰਟੀ ਦੇ ਹਿੱਤਾਂ ਨੂੰ ਸਾਧਣਾ ਹੀ ਉਸ ਦਾ ਇਕ-ਮਾਤਰ ਆਦਰਸ਼ ਹੋਵੇ। ਮੈਂ ਨਿੱਕਾ ਜਿਹਾ ਡਿਕਟੇਟਰ ਬਣਨ ਲੱਗ ਪਿਆ। ਪਾਰਟੀ ਦੇ ਸਾਥੀਆਂ ਦੀ ਮਦਦ ਨਾਲ ਮੈਂ ਆਪਣੀ ਕੋਈ ਵੀ ਈਨ ਮੰਨਵਾ ਸਕਦਾ ਸਾਂ। ਗੈਰ ਪਾਰਟੀ ਸਾਥੀ ਮੈਨੂੰ ਆਪਣੀ ਸਲਾਹ ਦੇਂਦੇ ਪਰ ਉਹਨੂੰ ਮੰਨਣਾ ਜਾਂ ਨਾ ਮੰਨਣਾ ਮੇਰੀ ਮਰਜ਼ੀ ਉੱਤੇ ਨਿਰਭਰ ਸੀ। ਇਪਟਾ ਦੇ ਦੇਸ਼-ਭਗਤ ਤੇ ਸਮਾਜਵਾਦੀ ਆਦਰਸ਼ਾਂ ਨਾਲ ਇਪਟਾ ਦੇ ਹਰ ਮੈਂਬਰ ਨੂੰ ਇਤਫਾਕ ਸੀ ਪਰ ਇਸ ਦੇ ਬਾਵਜੂਦ ਉਹ ਨਾਟਕ ਕਲਾ ਨੂੰ ਨਿਰਾ-ਪੁਰਾ ਪ੍ਰਾਪੇਗੰਡਾ ਬਣਾਉਣਾ ਨਹੀਂ ਸਨ ਚਾਹੁੰਦੇ। ਉਹ ਨਾਟਕ ਦੇ ਕਲਾਤਮਿਕ ਤੇ ਰੌਚਕ ਪਹਿਲੂ ਨੂੰ ਵੀ ਸੁਆਰਨਾ ਚਾਹੁੰਦੇ ਸਨ ਪਰ ਜਿਹੜਾ ਵੀ ਤਕਨੀਕ ਦੀ ਗੱਲ ਉਠਾਉਂਦਾ, ਮੈਂ ਹੱਥ ਧੋ ਕੇ ਉਹਦੇ ਮਗਰ ਪੈ ਜਾਂਦਾ। ਫੇਰ ਵੀ, ਉਹ ਦਿਨ ਬੜੇ ਹੁਲਾਰੇ ਵਾਲੇ ਸਨ। ਸਾਨੂੰ ਹਰ ਸਮੇਂ ਮਜ਼ਦੂਰ ਬਸਤੀਆਂ, ਚਾਲਾਂ ਤੇ ਗਲੀ-ਮਹੱਲਿਆਂ ਵਿਚ ਨਾਟਕ ਖੇਡਣ ਦਾ ਚਾਅ ਚੜ੍ਹਿਆ ਰਹਿੰਦਾ। ਇਸ ਤਰ੍ਹਾਂ ਸਾਨੂੰ ਬੰਬਈ ਦੇ ਨਾਗਰਿਕ ਜੀਵਨ ਨੂੰ ਬਹੁਤ ਨੇੜਿਓਂ ਵੇਖਣ ਦੇ ਚੰਗੇ ਮੌਕੇ ਮਿਲੇ ਜਿਨ੍ਹਾਂ ਦਾ ਅਗੇ ਜਾ ਕੇ ਫਿਲਮਾਂ ਦੇ ਕੰਮ ਵਿਚ ਮੈਨੂੰ ਬਹੁਤ ਲਾਭ ਪਹੁੰਚਿਆ।

ਇਕ ਦਿਨ ਫਨੀ-ਦਾ (ਫਿਲਮ ਡਾਇਰੈਕਟਰ ਫਨੀ ਮਜੂਮਦਾਰ) ਨੇ 'ਜਸਟਿਸ' ਫਿਲਮ ਦਾ ਪ੍ਰਾਈਵੇਟ ਸ਼ੋਅ ਕੀਤਾ। ਮੈਂ ਆਪਣਾ ਉਹ ਮੁਰਗੇ ਵਾਲਾ ਕਲੋਜ਼ਅਪ ਵੇਖਿਆ। ਵੇਖ ਕੇ ਇੰਜ ਲਗਾ, ਜਿਵੇਂ ਛੱਤ ਤੋਂ ਪੰਜ ਮਣ ਦੀ ਸਿਲ ਮੇਰੇ ਉੱਪਰ ਆ ਡਿੱਗੀ ਹੋਵੇ। ਬਿਲਕੁਲ ਜਿਵੇਂ ਮੁਰਦੇ ਦਾ ਚਿਹਰਾ ਹੁੰਦਾ ਹੈ। ਮੇਕ-ਅੱਪ ਕਾਰਨ ਉਹ ਹੋਰ ਵੀ ਭੱਦਾ ਲੱਗਾ। ਮੈਨੂੰ ਕ੍ਰੀਝ ਆਈ। ਕੀ ਮੇਰੀ ਸ਼ਕਲ ਇਤਨੀ ਹੀ ਭਿਆਨਕ ਹੈ? ਪਰ ਮੈਂ ਬਹੁਤੀ ਚਿੰਤਾ ਨਾ ਕੀਤੀ। ਫਨੀ-ਦਾ ਨੇ ਆਪਣੇ ਇਕਰਾਰ ਅਨੁਸਾਰ ਮੈਨੂੰ ਆਪਣੀ ਅਗਲੀ ਫਿਲਮ 'ਦੂਰ ਚਲੋ' ਵਿਚ ਇਹ ਪ੍ਰਮੁਖ ਕਿਰਦਾਰ ਦੇ ਦਿੱਤਾ ਸੀ। ਇਤਨਾ ਹੀ ਨਹੀਂ, ਦਮੋ ਨੂੰ ਵੀ ਲੈ ਲਿਆ ਸੀ। ਫਿਲਮ ਵਿਚ ਵੀ ਉਹ ਮੇਰੀ ਪਤਨੀ ਦਾ ਰੋਲ ਕਰ ਰਹੀ ਸੀ। ਕਮਲ ਕਪੂਰ ਉਸ ਫਿਲਮ ਦਾ ਹੀਰੋ ਸੀ, ਤੇ ਨਸੀਮ (ਜੂਨੀਅਰ) ਹੀਰੋਇਨ। ਸਾਥੀ ਕਲਾਕਾਰ ਸਨ - ਆਗਾ, ਸਾਹੂ, (ਕਿਸ਼ੋਰ ਸਾਹੂ ਦਾ ਛੋਟਾ ਵੀਰ), ਘੋਸ਼ (ਵਚਿੱਤਰ ਪ੍ਰਕਿਰਤੀ ਦਾ ਨੌਜਵਾਨ ਜਿਸ ਦੀ ਮੌਤ ਵੀ ਬੜੇ ਵਚਿੱਤਰ ਢੰਗ ਨਾਲ ਹੋਈ), ਕੇ.ਸੀ.ਡੇ. ਨੂੰ ਨੇੜਿਓਂ ਵੇਖਣ ਤੇ ਮਿਲਣ ਦੀ ਸਾਨੂੰ ਅਪਾਰ ਖੁਸ਼ੀ ਸੀ। ਉਹ ਵੀ ਦਮੋ ਨੂੰ ਧੀਆਂ ਵਾਂਗ ਪਿਆਰ ਕਰਨ ਲਗ ਪਏ ਸਨ।

ਇਸ ਫਿਲਮ ਦੀ ਸ਼ੂਟਿੰਗ ਜ਼ਿਆਦਾ ਕਰਕੇ ਆਊਟ-ਡੋਰ ਸੀ। ਘੋੜ-ਬੰਦਰ ਰੋਡ ਉੱਤੇ ਅਸੀਂ ਕਿਤਨੇ ਹੀ ਦਿਨ ਸਾਈਕਲ ਚਲਾਉਂਦੇ ਫਿਰੇ। ਸ਼ਾਟ ਤੋਂ ਪਹਿਲਾਂ, ਮੈਂ ਵੇਖਿਆ, ਆਗਾ ਸਾਡੇ ਨਾਲ ਸਾਧਾਰਨ ਢੰਗ ਨਾਲ ਗੱਲਾਂ ਕਰ ਰਿਹਾ ਹੁੰਦਾ ਪਰ ਕੈਮਰਾ ਚਾਲੂ ਹੁੰਦਿਆਂ ਹੀ ਉਹਨੂੰ ਜਿਵੇਂ ਕੁਝ ਹੋ ਜਾਂਦਾ। ਜਿਵੇਂ ਉਸ ਉਪਰ ਕੋਈ ਭੂਤ ਸਵਾਰ ਹੋ ਜਾਂਦਾ। ਬੜੀਆਂ ਤੇਜ਼-ਤੇਜ਼ ਤੇ ਅਜੀਬ-ਅਜੀਬ ਹਰਕਤਾਂ ਕਰਨ ਲੱਗ ਜਾਂਦਾ। ਉਹ ਮੈਨੂੰ ਇੰਜ ਲਗਦਾ, ਜਿਵੇਂ ਉਹ ਜ਼ਬਰਦਸਤੀ ਮੈਨੂੰ ਆਪਣੇ ਨਾਲ ਧੂਹੀ ਜਾ ਰਿਹਾ ਹੈ, ਜਿਵੇਂ ਉਹਨੇ ਮੇਰੇ ਉਪਰ ਕੋਈ ਜਾਦੂ ਕਰ ਦਿੱਤਾ ਹੈ। ਜਦੋਂ ਵੀ ਉਹਦੇ ਨਾਲ ਮੇਰਾ ਸ਼ਾਟ ਹੁੰਦਾ, ਮੈਨੂੰ ਆਪਣਾ ਅੰਗ-ਅੰਗ ਸਿੱਥਲ ਹੁੰਦਾ ਤੇ ਸੁੰਗੜਦਾ ਪਰਤੀਤ ਹੁੰਦਾ ਪਰ ਆਗਾ ਦੀਆਂ ਹਰਕਤਾਂ ਨੂੰ ਮੈਂ ਮੂਰਖਤਾ ਭਰੀ ਦਿਖਾਵੇਬਾਜ਼ੀ ਕਹਿ ਕੇ ਮਨੋਂ ਵਿਸਾਰ ਛੱਡਦਾ। ਓਵਰ-ਐਕਟਿੰਗ ਕਰਦਾ ਹੈ, ਮੈਂ ਸੋਚਦਾ। ਹਿੰਦੁਸਤਾਨੀ ਫਿਲਮਾਂ ਦੀ ਇਹੋ ਤਾਂ ਖਰਾਬੀ ਹੈ। ਸਾਰੇ ਓਵਰ-ਐਕਟਿੰਗ ਕਰਦੇ ਹਨ ਪਰ ਜਦ ਸ਼ਾਟ ਤੋਂ ਬਾਅਦ ਸਾਰੇ ਉਸ ਦੀਆਂ ਹਰਕਤਾਂ ਉਪਰ ਲੋਟ-ਪੋਟ ਹੁੰਦੇ ਤਾਂ ਮੈਨੂੰ ਅੰਦਰੇ-ਅੰਦਰ ਖਿੱਝ ਆਉਂਦੀ। ਤਾਰੀਫ ਤਾਂ ਉਹਨਾਂ ਨੂੰ ਦਰਅਸਲ ਮੇਰੀ ਕਰਨੀ ਚਾਹੀਦੀ ਸੀ, ਜਦ ਕਿ ਮੈਂ ਇਤਨੀ ਕੁਦਰਤੀ ਤੇ ਸੰਜਮੀ ਐਕਟਿੰਗ ਕਰ ਰਿਹਾ ਸਾਂ। ਅਨਾੜੀ ਐਕਟਰ ਦੇ ਇਹੋ ਤਾਂ ਲੱਛਣ ਹੁੰਦੇ ਹਨ। ਉਹ ਸਭ ਕੁਝ ਗਲਤ ਕਰਦਿਆਂ ਵੀ ਸੋਚਦਾ ਹੈ ਕਿ ਮੈਂ ਸਭ ਕੁਝ ਠੀਕ ਕਰ ਰਿਹਾ ਹਾਂ। ਸ਼ਾਟ ਤੋਂ ਪਹਿਲਾਂ ਦੇ ਤੇ ਸ਼ਾਟ ਵੇਲੇ ਦੇ ਆਗਾ ਵਿਚ ਫਰਕ ਇਹ ਸੀ ਕਿ ਉਹ ਆਪਣੇ ਕਿਰਦਾਰ ਵਿਚ ਦਾਖਲ ਹੋ ਜਾਂਦਾ ਸੀ। ਸ਼ਾਟ ਖਤਮ ਹੁੰਦਿਆਂ ਹੀ ਉਹ ਆਪਣੀ ਆਤਮਾ ਤੋਂ ਕਿਰਦਾਰ ਨੂੰ ਉਤਾਰ ਕੇ ਫੇਰ ਆਗਾ ਬਣ ਜਾਂਦਾ ਸੀ। ਤੇ ਮੈਨੂੰ ਇਹਨਾਂ ਗੱਲਾਂ ਦਾ ਅਜੇ ਕੇਵਲ ਗਿਆਨ ਹੀ ਸੀ, ਅਭਿਆਸਿਕ ਅਨੁਭਵ ਨਹੀਂ। ਤੇ ਮੈਂ ਜੋ ਕੁਝ ਕੈਮਰੇ ਅੱਗੇ ਕਰ ਰਿਹਾ ਸਾਂ, ਉਸ ਨੂੰ ਐਕਟਿੰਗ ਦਾ ਨਾਂ ਦੇਣਾ ਵੀ ਉਸ ਸ਼ਬਦ ਨਾਲ ਘੋਰ ਅਨਿਆਂ ਸੀ।

ਮੈਂ ਵੇਖਿਆ ਹੈ ਕਿ ਔਰਤਾਂ ਵਿਚ ਐਕਟਿੰਗ ਦੀ ਪ੍ਰਤਿਭਾ ਮਰਦਾਂ ਨਾਲੋਂ ਕਿਤੇ ਜ਼ਿਆਦਾ ਹੁੰਦੀ ਹੈ। ਬਾਹੂ-ਬਲ ਦੀ ਘਾਟ ਔਰਤ ਨੂੰ ਚਲਿੱਤਰ ਨਾਲ ਕੰਮ ਸਾਰਨ ਉਤੇ ਮਜਬੂਰ ਕਰਦੀ ਹੈ। ਏਸ ਲਈ ਨਿੱਕਿਆਂ ਹੁੰਦਿਆਂ ਤੋਂ ਨਾਰੀ-ਸੁਭਾਅ ਵਿਚ ਚੰਚਲਤਾ ਅਤੇ ਚਪਲਤਾ ਉਭਰ ਆਉਂਦੀ ਹੈ। ਸੰਗਾਊਪੁਣਾ ਮਰਦ ਵਿਚ ਜ਼ਿਆਦਾ ਹੁੰਦਾ ਹੈ। ਮੈਂ ਦਮੋ ਨੂੰ ਕੈਮਰੇ ਅੱਗੇ ਲਾਪਰਵਾਹੀ ਨਾਲ ਹੱਸਦਿਆਂ, ਗਾਉਂਦਿਆਂ, ਨੱਚਦਿਆਂ, ਟੱਪਦਿਆਂ ਵੇਖ ਕੇ ਕਾਫੀ ਹੈਰਾਨ ਹੁੰਦਾ ਸਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸ ਦਾ ਸੁਭਾਅ ਐਕਟਿੰਗ ਕਲਾ ਦੇ ਬਹੁਤ ਜ਼ਿਆਦਾ ਅਨੁਕੂਲ ਸੀ।

ਤੇ ਫੇਰ, ਇਕ ਦਿਨ ਪ੍ਰਿਥਵੀ ਥੀਏਟਰ ਦੇ ਨਾਟਕ 'ਦੀਵਾਰ' ਦਾ ਪਰਦਾ ਉੱਠਿਆ। ਪਹਿਲੇ ਸ਼ੋਅ ਵਿਚ ਦਮੋ ਪ੍ਰਿਥਵੀ ਜੀ ਤੋਂ ਰਤਾ ਕੁ ਝਕ ਕੇ ਕੰਮ ਕਰ ਰਹੀ ਸੀ। ਮੇਕ-ਅਪ ਵੀ ਬਹੁਤਾ ਚੰਗਾ ਨਹੀਂ ਸੀ ਹੋਇਆ। ਲਾਲੀ ਜ਼ਿਆਦਾ ਮਲ ਦਿੱਤੀ ਗਈ ਸੀ। ਸ਼ੋਅ ਦੇ ਖਾਤਮੇ ਉਤੇ ਮੈਂ ਦਮੋ ਨੂੰ ਮੇਕ-ਅਪ ਰੂਮ ਵਿਚ ਜਾ ਕੇ ਖੂਬ ਹੌਸਲਾ ਦਿੱਤਾ ਤੇ ਨਿਡਰ ਹੋ ਕੇ ਕੰਮ ਕਰਨ ਲਈ ਪ੍ਰੇਰਿਆ। ਮੇਕ-ਅੱਪ ਵੀ ਠੀਕ ਕਰਾਇਆ। ਅੱਧੇ ਕੁ ਘੰਟੇ ਪਿਛੋਂ ਪਰਦਾ ਦੂਜੇ ਸ਼ੋਅ ਉੱਤੇ ਉੱਠਿਆ। ਦਮੋ ਜਿਵੇਂ ਬਦਲ ਕੇ ਕੁਝ ਹੋਰ ਹੋ ਗਈ ਸੀ। ਇਹ ਕਹਿਣ ਵਿਚ ਅਤਿਕਥਨੀ ਨਹੀਂ ਕਿ ਉਹਦੇ ਨਾਲ ਬੰਬਈ ਸ਼ਹਿਰ ਵਿਚ ਤਹਿਲਕਾ ਮੱਚ ਗਿਆ। 'ਦੀਵਾਰ' ਨਾਟਕ ਤੇ ਦਮੋ ਦੇ ਕੰਮ ਦੀਆਂ ਧੁੰਮਾਂ ਪੈ ਗਈਆਂ। ਅਜ ਤਕ ਇਤਨੀ ਕਾਮਯਾਬੀ ਕਿਸੇ ਨਾਟਕ ਨੂੰ ਮਿਲਦੀ ਨਹੀਂ ਸੀ ਵੇਖੀ ਗਈ। ਟਿਕਟਾਂ ਲਈ ਇਤਨੀਆਂ ਲੰਮੀਆਂ ਲਾਈਨਾਂ ਕਿਸੇ ਸਿਨੇਮੇ ਅੱਗੇ ਵੀ ਨਹੀਂ ਸਨ ਵੇਖੀਆਂ ਗਈਆਂ।

ਦਮੋ 'ਸਟਾਰ' ਬਣ ਚੁੱਕੀ ਸੀ। ਅਗਲੇ ਦਿਨ ਤੋਂ ਹੀ ਫਿਲਮ ਪ੍ਰੋਡਿਊਸਰਾਂ ਨੇ ਸਾਡੇ ਘਰ ਨੂੰ ਘੇਰਾ ਪਾ ਲਿਆ ਜੋ ਸਾਡੇ ਲਈ ਅਨੋਖੀ ਤੇ ਅਣਕਿਆਸੀ ਹਾਲਤ ਸੀ। ***(ਚੱਲਦਾ)***

# XPressCargo

**Tel.: 317-426-5410**
**Ext. 2001 & 2403**

100% ਓਨਰ ਆਪਰੇਟਰ ਕੰਪਨੀ

## Pay Every Week

Pay Single 60 Cent + Team 70 Cent

**100% OWNER OPERATOR COMPANY**

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

**ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ।**

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




**ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ**

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

**ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ**

**ਵੀਕਲੀ ਹੋਮ**

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ।

2330 Enterprise Park Dr., Indianapolis, IN 46218

**Online Application @ www.xpresscargoinc.com**